# ਯੋਜਨਾ

ਸਾਲ 33 • ਅੰਕ 11 • ਨਵੰਬਰ 2016 • ਕੁੱਲ ਪੰਨੇ 48



ਮੁੱਖ ਸੰਪਾਦਕ

**ਦੀਪਿਕਾ ਕੱਛਲ**

ਸੰਪਾਦਕ

**ਗਗਨਦੀਪ ਕੌਰ ਦੇਵਗਨ**

**ਸੰਪਾਦਕੀ ਦਫ਼ਤਰ**

ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ,
ਸੀ.ਜੀ.ਓ. ਕੰਪਲੈਕਸ ਲੋਧੀ ਰੋਡ, ਨਵੀਂ ਦਿੱਲੀ-110003
ਫ਼ੋਨ : 011-24365922
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)

**ਵੀ.ਕੇ. ਮੀਨਾ**

ਬਿਜ਼ਨਸ ਮੈਨੇਜਰ

**ਸੂਰੀਆਕਾਂਤ ਸ਼ਰਮਾ**

ਫ਼ੋਨ: 011-24367260 ਫੈਕਸ : 011-24365609
(ਸਰਕੂਲੇਸ਼ਨ ਤੇ ਵਿਗਿਆਪਨ)

**ਜਰਨਲ ਯੂਨਿਟ**

ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,
ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


**ਇਸ ਅੰਕ ਵਿਚ**


- ਕਰ ਸੁਧਾਰ : ਭੂਤਕਾਲ, ਵਰਤਮਾਨ ਅਤੇ ਭਵਿੱਖ – ਟੀ ਐੱਨ ਅਸ਼ੋਕ 4
- ਭਾਰਤੀ ਕਰ ਪ੍ਰਣਾਲੀ ਉਪਰ ਸੰਖੇਪ ਝਾਤ – ਮਾਲਿਨੀ ਚੱਕਰਵਰਤੀ 7
- ਅਸਿੱਧੇ ਕਰ ਸੁਧਾਰ : ਸਹੂਲਤ ਯੋਗ ਕਰ ਵਿਵਸਥਾ – ਨਜੀਬ ਸ਼ਾਹ 10
- ਕਰ ਸੁਧਾਰਾਂ ਦੇ ਨਵੇਂ ਯੁੱਗ ਵਿੱਚ ਪ੍ਰਵੇਸ਼ – ਡੀ ਐੱਸ ਮਲਿਕ 14
- ਕਰ ਨਿਰਧਾਰਨ ਦਾ ਖਾਕਾ – ਟਿਮਸੀ ਜੈਪੁਰੀਆ 17
- ਕਾਲੇ ਧਨ ਦੇ ਖ਼ਤਰੇ : ਸਰਕਾਰ ਜੰਗੀ ਪੱਧਰ ਉਤੇ ਤਿਆਰ – ਦਿਲਸ਼ਾ ਸੇਠ 19
- ਜੀ ਐੱਸ ਟੀ : ਭਾਰਤੀ ਅਰਥਵਿਵਸਥਾ ਦਾ ਨਿਰਣਾਇਕ ਮੋੜ – ਰਣਜੀਤ ਮਹਿਤਾ 23
- ਜੀ ਐੱਸ ਟੀ ਅਤੇ ਸੰਵਿਧਾਨਕ ਗੁੰਝਲ – ਜੈਅੰਤਾ ਰਾਇ ਚੌਧਰੀ 28
- ਜੀ ਐੱਸ ਟੀ : ਅੰਤਰਰਾਸ਼ਟਰੀ ਤਜਰਬਾ – ਪਰਾਵਾਕਰ ਸਾਹੂ – ਅਸ਼ਵਨੀ ਬਿਸ਼ਨੋਈ 30
- ਜੀ ਐੱਸ ਟੀ : ਇਕ ਰਾਸ਼ਟਰ, ਇਕ ਕਰ – ਸਿਸ਼ਿਰ ਸਿਨਹਾ 36
- ਕੀ ਤੁਸੀਂ ਜਾਣਦੇ ਹੋ? – 40
- ਨਿਰਮਾਣ ਖੇਤਰ ਨੂੰ ਹੁਲਾਰਾ ਦੇਣ ਲਈ ਕਰ ਪ੍ਰੋਤਸਾਹਨਾਂ ਉਤੇ ਟੇਕ – ਅਮੀਆ ਕੁਮਾਰ ਮੋਹਪਾਤਰਾ 41
- ਵਿਕਾਸ ਖਾਕਾ – 44



**ਯੋਜਨਾ ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਕਮਰਾ ਨੰ: 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ-110003, ਫ਼ੋਨ-24367453, ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱ੍ਤਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ – 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ – 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ – 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ – 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੋਰ – 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ – 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ – 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ – 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ – 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.230, 2 ਸਾਲ ਰੁ.430, 3 ਸਾਲ ਰੁ.610 – ਯੋਜਨਾ ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਣ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਕਰ ਸੁਧਾਰ : ਭੂਤਕਾਲ, ਵਰਤਮਾਨ ਅਤੇ ਭਵਿੱਖ - ਇਕ ਦ੍ਰਿਸ਼ਟੀਕੋਨ

ਟੀ ਐੱਨ ਅਸ਼ੋਕ

ਕਰ ਸੁਧਾਰ ਕਿਸੇ ਦੇਸ਼ ਦੇ ਵਿਕਾਸ ਅਮਲ ਦਾ ਅਨਿੱਖੜਵਾਂ ਅੰਗ ਹੁੰਦੇ ਹਨ। ਵਿਕਾਸਸ਼ੀਲ ਦੇਸ਼ਾਂ ਲਈ ਆਮ ਤੌਰ ਤੇ ਆਦਰਸ਼ ਰਹੇ ਬਰਤਾਨੀਆ ਅਤੇ ਅਮਰੀਕਾ ਜਿਹੇ ਵਿਕਸਤ ਦੇਸ਼ਾਂ ਨੇ ਵੀ ਪਿਛਲੇ ਕੁਝ ਸਾਲਾਂ ਵਿੱਚ ਅਜਿਹੇ ਸੁਧਾਰ ਕੀਤੇ ਹਨ।

ਬਰਤਾਨੀਆ ਵਿੱਚ ਉਥੋਂ ਦੀ ਗਠਜੋੜ ਵਾਲੀ ਸਰਕਾਰ ਨੇ 2010 ਤੇ 2015 ਦਰਮਿਆਨ ਅਜਿਹੇ ਸੁਧਾਰ ਕੀਤੇ। 2013 ਵਿੱਚ ਛੇੜੇ ਗਏ ਕਰ ਸੁਧਾਰਾਂ ਰਾਹੀਂ ਬਜਟ ਪੇਸ਼ ਕੀਤੇ ਜਾਣ ਸਮੇਂ 2 ਮਿਲੀਅਨ ਲੋਕਾਂ ਨੂੰ ਆਮਦਨ ਕਰ ਦੇਣ ਤੋਂ ਪੂਰੀ ਤਰ੍ਹਾਂ ਮੁਕਤ ਕਰ ਦਿੱਤਾ ਗਿਆ। ਲੋਕਾਂ ਦੇ ਨਿੱਜੀ ਭੱਤਿਆਂ ਵਿੱਚ ਵਾਧੇ ਦੀ ਗੱਲ ਕਹੀ ਗਈ ਜਿਸ ਦਾ ਭਾਵ ਇਹ ਸੀ ਕਿ 9440 ਪੌਂਡ ਤੋਂ ਘੱਟ ਆਮਦਨ ਵਾਲੇ ਵਿਅਕਤੀ ਤੋਂ ਕੋਈ ਕਰ ਨਾ ਲਿਆ ਜਾਵੇ। ਉਚੇਰੀ ਦਰ ਵਾਲੇ ਕਰ ਦੀ ਹੱਦ ਜਿਸ ਤੋਂ ਉਪਰ ਕਿ ਲੋਕ 40 ਪ੍ਰਤਿਸ਼ਤ ਕਰ ਦਿੰਦੇ ਹਨ, ਦੀ ਸੀਮਾ ਘਟਾ ਕੇ 34370 ਤੋਂ 32010 ਪੌਂਡ ਕਰ ਦਿੱਤੀ ਗਈ ਜਿਸ ਵਿੱਚ ਕਿ ਨਿੱਜੀ ਭੱਤੇ ਸ਼ਾਮਿਲ ਨਹੀਂ ਹਨ।

ਉਸੇ ਸਮੇਂ ਹੀ 2013-14 ਵਿੱਚ ਆਮਦਨ ਕਰ ਦੀ ਉਚੇਰੀ ਦਰ ਉਨ੍ਹਾਂ ਲੋਕਾਂ ਲਈ 50 ਪ੍ਰਤਿਸ਼ਤ ਤੋਂ ਡਿਗ ਕੇ 45 ਪ੍ਰਤਿਸ਼ਤ ਹੋ ਗਈ ਜਿਨ੍ਹਾਂ ਦੀ ਕਰ ਯੋਗ ਆਮਦਨ ਡੇਢ ਲੱਖ ਪੌਂਡ ਤੋਂ ਘੱਟ ਸੀ।

ਅਮਰੀਕਾ ਜੋ ਕਿ ਮੁਕਤ ਵਪਾਰ ਅਤੇ ਅਤਿ-ਆਧੁਨਿਕ ਆਰਥਿਕਤਾ ਦਾ ਪ੍ਰਤੀਕ ਹੈ, ਨੂੰ ਕਰ ਸੁਧਾਰਾਂ ਦੀ ਵੱਡੀ ਲੋੜ ਹੈ। ਇਸ ਗੱਲ ਨੂੰ ਸਵੀਕਾਰ ਕਰਦਿਆਂ ਦੋ ਕਾਨੂੰਨਸਾਜ਼ ਇਕ ਵਿਆਪਕ ਕਰ ਸੁਧਾਰ ਪ੍ਰਣਾਲੀ ਤਿਆਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਡੈਮੋਕਰੈਟ ਮੈਕਸ ਬੈਕਸ ਜੋ ਕਿ ਸੇਨਟ ਵਿੱਚ ਟੈਕਸ ਕਮੇਟੀ ਦਾ ਮੁੱਖੀ ਹੈ ਅਤੇ ਡੇਵ ਕੈਂਪ ਜੋ ਕਿ ਉਸ ਦਾ ਰਿਪਬਲਿਕਨ ਹਮ-ਅਹੁਦਾ ਹੈ, ਪਿਛਲੇ ਤਿੰਨ ਸਾਲਾਂ ਤੋਂ ਇਸ ਕੰਮ ਵਿੱਚ ਰੁੱਝੇ ਹੋਏ ਹਨ। ਉਹ ਲੋਕਾਂ ਨਾਲ ਵਿਚਾਰ-ਵਟਾਂਦਰਾ ਅਤੇ ਸੰਵਾਦ ਕਰ ਰਹੇ ਹਨ। ਭਾਵੇਂ ਅਜੇ ਪੂਰਨ ਰੂਪ ਵਿੱਚ ਕੋਈ ਯੋਜਨਾ ਸਾਹਮਣੇ ਨਹੀਂ ਆਈ ਪਰ ਉਨ੍ਹਾਂ ਦੇ ਅਧਾਰ ਨੇਮ ਠੋਸ ਅਤੇ ਸਪੱਸ਼ਟ ਹਨ ਕਿ ਕਰ ਛੋਟਾਂ ਨੂੰ ਹਟਾ ਕੇ ਜਾਂ ਸੀਮਿਤ ਕਰਕੇ ਕਾਰਪੋਰੇਸ਼ਨਾਂ ਜਾਂ ਨਿੱਜੀ ਵਿਅਕਤੀਆਂ ਦੋਹਾਂ ਲਈ ਕਰ ਦਰਾਂ ਘਟਾਉਣੀਆਂ।

ਭਾਵੇਂ ਇਹ ਵਿਅਕਤੀ ਵੱਖ-ਵੱਖ ਪਾਰਟੀਆਂ ਨਾਲ ਸੰਬੰਧਿਤ ਹਨ ਪਰ ਬੈਕਸ ਅਤੇ ਕੈਂਪ ਦੋਵੇਂ ਮਹਿਸੂਸ ਕਰਦੇ ਹਨ ਕਿ ਆਦਰਸ਼ ਸਥਿਤੀ ਵਿੱਚ ਭਲਾਈ ਕਾਰਜਾਂ, ਮਕਾਨ ਬਣਾਉਣ, ਸਿਹਤ ਬੀਮਾ ਅਤੇ ਇਥੋਂ ਤੱਕ ਕਿ ਖੋਜ ਤੇ ਵਿਕਾਸ ਬਾਰੇ ਕਾਰਜਾਂ ਉਤੇ ਵੀ ਕਰ ਉਪਰ ਕੋਈ ਛੋਟ ਨਹੀਂ ਹੋਣੀ ਚਾਹੀਦੀ। ਦੂਜੀਆਂ ਚਾਹਤ ਵਾਲੀਆਂ ਵਸਤਾਂ ਹੋਣ ਦੇ ਬਾਵਜੂਦ ਉਹ ਹੋਰਨਾਂ ਮਨਭਾਉਂਦੀਆਂ ਵਸਤਾਂ ਉਪਰ ਉਚੇਰੇ ਕਰਾਂ ਦੇ ਰੂਪ ਵਿੱਚ ਕੀਮਤ ਲਾਗੂ ਕਰਦੇ ਹਨ। ਜਿਵੇਂ ਕਿ ਇਕ ਆਰਥਿਕ ਲੇਖ ਦਰਸਾਉਂਦਾ ਹੈ ਕਿ ਰਾਜਸੀ ਹਕੀਕਤ ਦੇ ਚਲਦਿਆਂ ਅਜਿਹੀਆਂ ਕੁੱਝ ਕਰ ਛੋਟਾਂ ਬਣੀਆਂ ਰਹਿਣਗੀਆਂ।

ਫਿਰ ਵੀ ਕੈਂਪ ਅਤੇ ਬੈਕਸ ਨੇ ਵਧੇਰੇ ਅਸਰਦਾਰ ਕਰ ਪ੍ਰਣਾਲੀ ਤਿਆਰ ਕਰਨ ਲਈ ਕਾਫੀ ਸਾਂਝੇ ਅਧਾਰ ਲੱਭੇ ਹਨ। ਉਹ ਇਸ ਮੁੱਦੇ ਨੂੰ ਲੈ ਕੇ ਮੱਤਭੇਦ ਜ਼ਰੂਰ ਰਖਦੇ ਹਨ ਕਿ ਕਰ ਸੁਧਾਰਾਂ ਰਾਹੀਂ ਵਧੇਰੇ ਮਾਲੀਆ ਇਕੱਠਾ ਕੀਤਾ ਜਾਵੇ ਕਿ ਨਾ। ਇਕ ਰਿਪਬਲਿਕਨ ਵਜੋਂ ਜਿਥੇ ਕੈਂਪ ਇਸ ਮੁੱਦੇ ਉਤੇ ਸਾਫ ਨਾਂਹ ਕਰਦਾ ਹੈ, ਰਾਸ਼ਟਰਪਤੀ ਬਰਾਕ ਦੀ ਅਗਵਾਈ ਹੇਠ ਸਾਰੇ ਡਮੋਕਰੇਟਾਂ ਵਾਂਗ ਬੈਕਸ ਇਸ ਮੁੱਦੇ ਦੇ ਹੱਕ ਵਿੱਚ ਭੁਗਤਦਾ ਹੈ।

ਇੰਝ ਭਾਰਤ ਕਰ ਸੁਧਾਰ ਕਰਕੇ ਕੋਈ ਨਵੀਂ ਗੱਲ ਨਹੀਂ ਕਰ ਰਿਹਾ। 1990 ਦੇ ਸ਼ੁਰੂ ਹੋਏ ਆਰਥਿਕ ਸੁਧਾਰਾਂ ਦੇ ਨਾਲ ਹੀ ਕਰ ਸੁਧਾਰ ਦੀ ਲੋੜ ਵੀ ਬਹੁਤ ਜ਼ਰੂਰੀ ਮਹਿਸੂਸ ਹੋਈ। ਕਾਫੀ ਸੋਚ-ਵਿਚਾਰ ਤੋਂ ਬਾਅਦ ਸਰਕਾਰ ਨੇ ਮਹਿਸੂਸ ਕੀਤਾ ਕਿ ਕੋਈ ਵੀ ਕਰ-ਪ੍ਰਣਾਲੀ ਜਾਇਜ਼ ਅਤੇ ਨਿਰਪੱਖ ਹੋਣੀ ਚਾਹੀਦੀ ਹੈ ਤਾਂ ਕਿ ਸਿੱਧੇ ਕਰਾਂ ਦੀ ਸ਼੍ਰੇਣੀ ਵਾਲੇ ਨਿੱਜੀ ਕਰ ਦੇਣ ਵਾਲਿਆਂ ਅਤੇ ਅਸਿੱਧੇ ਕਰ ਦੇਣ ਵਾਲੇ ਉਦਯੋਗ ਆਦਿ ਨਾ ਕੇਵਲ ਕਰ ਨੇਮਾਂ ਦੀ ਪਾਲਣਾ ਕਰਨ ਸਗੋਂ ਕਰ ਦੇਣਾ ਆਪਣੀ ਸਮਾਜਕ ਅਤੇ ਨਾਗਰਿਕ ਜ਼ਿੰਮੇਵਾਰੀ ਸਮਝਣ ਕਿਉਂਕਿ ਇਸ ਦੀ ਮਦਦ ਨਾਲ ਹੀ ਕੋਈ ਸਰਕਾਰ ਵਿਕਾਸ ਸਕੀਮਾਂ ਨੂੰ ਸਿਰੇ ਚੜ੍ਹਾ ਸਕਦੀ ਹੈ।

**ਇੰਝ ਕਰ-ਸੁਧਾਰ 2016 ਤੱਕ ਸਰਕਾਰਾਂ ਵਲੋਂ ਗਤੀਸ਼ੀਲ ਅਮਲ ਰਿਹਾ ਹੈ। ਇਸ ਦੇ ਨੇਮ ਕੁੱਲ ਮਿਲਾ ਕੇ ਇਕੋ ਜਿਹੇ ਹੀ ਰਹੇ ਹਨ – ਇਕ ਪਾਰਦਰਸ਼ੀ, ਨਿਆਂ-ਪੂਰਨ, ਸਾਵਾਂ ਅਤੇ ਨਿਰਪੱਖ ਕਰ ਸਿਲਸਿਲਾ ਜਿਸ ਨੂੰ ਲਾਗੂ ਕਰ ਸਕਣਾ ਅਸਾਨ ਹੋਵੇਗਾ। ਇਸੇ ਰੁਝਾਨ ਨੂੰ ਅੱਗੇ ਚਲਾਉਂਦਿਆਂ ਇਸ ਸਮੇਂ ਦੀਆਂ ਸਰਕਾਰਾਂ ਸਿੱਧੇ ਕਰ ਢਾਂਚੇ ਨੂੰ ਇੰਝ ਤਰਕ-ਸੰਗਤ ਬਣਾਉਣ ਜਾ ਰਹੀਆਂ ਹਨ ਤਾਂ ਕਿ ਨਿੱਜੀ ਕਰ ਦੇਣ ਵਾਲਿਆਂ ਨੂੰ ਵੱਧ ਤੋਂ ਵੱਧ ਫਾਇਦਾ ਪਹੁੰਚੇ।**

ਸਾਲ ਦਰ ਸਾਲ ਦਾਖਿਲੇ ਦੇ ਪੱਧਰ ਉਤੇ

ਕਰ ਦੀ ਹੱਦ ਨੂੰ ਉਪਰ ਕੀਤਾ ਗਿਆ ਅਤੇ ਹੁਣ ਢਾਈ ਲੱਖ ਤੋਂ ਪੰਜ ਲੱਖ ਤੋਂ 10 ਲੱਖ ਦੀ ਆਮਦਨ ਵਿੱਚ ਕ੍ਰਮਵਾਰ 10 ਪ੍ਰਤਿਸ਼ਤ, 20 ਪ੍ਰਤਿਸ਼ਤ ਅਤੇ 30 ਪ੍ਰਤਿਸ਼ਤ ਕਰ ਦਿੱਤੇ ਜਾਣ ਦਾ ਨੇਮ ਹੈ। ਢਾਈ ਲੱਖ ਤੋਂ ਹੇਠਾਂ ਦੀ ਆਮਦਨ ਵਾਲੇ ਕੋਈ ਕਰ ਅਦਾ ਨਹੀਂ ਕਰਨਗੇ।

ਐਕਸਾਈਜ਼ ਅਤੇ ਕਸਟਮ ਡਿਊਟੀਆਂ ਨੂੰ ਅਸਾਨ ਬਣਾਉਣ ਦੇ ਨਾਲ-ਨਾਲ ਕਾਰਪੋਰੇਟ ਕਰਾਂ ਨੂੰ ਵੀ ਤਰਕਸੰਗਤ ਬਣਾਇਆ ਗਿਆ ਹੈ। ਮੁੱਖ ਉਦੇਸ਼ ਲੋਕਾਂ ਨੂੰ ਕਰ ਅਦਾ ਕਰਨ ਦੇ ਨੇਮ ਦੀ ਪਾਲਣਾ ਕਰਨ ਲਈ ਉਤਸ਼ਾਹਿਤ ਕਰਨਾ ਅਤੇ ਵਧੇਰੇ ਵਸੋਂ ਨੂੰ ਕਰ ਦੇ ਘੇਰੇ ਵਿੱਚ ਲਿਆਉਣਾ ਹੈ। ਕੁੱਲ ਘਰੇਲੂ ਉਤਪਾਦ ਔਸਤ ਵੱਲ ਕਰ ਦੇ ਉੱਨਤੀਸ਼ੀਲ ਹੋਣ ਦੇ ਬਾਵਜੂਦ ਕੁੱਲ ਵਸੋਂ ਨੂੰ ਦੇਖਦਿਆਂ ਕਰ ਦੀ ਅਦਾਇਗੀ ਨਿਗੂਣੀ ਹੈ। ਇਹ ਕਿਹਾ ਜਾਂਦਾ ਹੈ ਕਿ ਮੁਸ਼ਕਿਲ ਨਾਲ 2 ਪ੍ਰਤਿਸ਼ਤ ਵਸੋਂ ਹੀ ਕਰ ਅਦਾ ਕਰਦੀ ਹੈ ਜੋ ਕਿ ਸ਼ਹਿਰੀ ਸ਼੍ਰੇਣੀ ਹੈ।

ਭਾਵੇਂ ਸਰਕਾਰ ਵੱਧ ਤੋਂ ਵੱਧ ਲੋਕਾਂ ਨੂੰ ਕਰ ਦੇ ਦਾਇਰੇ ਹੇਠ ਲਿਆਉਣ ਅਤੇ ਵਧੇਰੇ ਕਰ ਇਕੱਤਰ ਕਰਨ ਦੇ ਉਦੇਸ਼ ਨਾਲ ਕਾਫੀ ਸੁਧਾਰ ਲਿਆਉਂਦੀ ਰਹੀ ਹੈ, ਇਸ ਸੰਬੰਧ ਵਿੱਚ ਪ੍ਰਮੁੱਖ ਤੌਰ ਤੇ ਵਸਤੂਆਂ ਅਤੇ ਸੇਵਾਵਾਂ ਬਾਰੇ ਕਰ (ਜੀ ਐੱਸ ਟੀ) ਸਭ ਤੋਂ ਪ੍ਰਮੁੱਖ ਹੈ। ਇਸ ਵਿੱਚ ਸਾਰੇ ਕਰਾਂ ਨੂੰ ਇਕ ਥਾਂ ਇਕੱਠੇ ਕਰਨ ਦਾ ਸੰਕਲਪ ਹੈ ਤਾਂ ਕਿ ਨਿਰਮਾਣ ਕਰਤਾ ਇਕ ਹੀ ਦੇਸ਼ ਵਿੱਚ ਬਹੁ-ਕਰ ਪ੍ਰਣਾਲੀ ਦੇ ਬੋਝ ਦਾ ਸ਼ਿਕਾਰ ਨਾ ਹੋ ਜਾਵੇ।

ਆਓ ਦੇਖਦੇ ਹਾਂ ਕਿ ਜੀ ਐੱਸ ਟੀ ਨੂੰ ਕਈ ਰੁਕਾਵਟਾਂ ਬੇਯਕੀਨੀਆਂ ਅਤੇ ਵਿਵਾਦਾਂ ਤੋਂ ਬਾਅਦ ਸੰਸਦ ਦੀਆਂ ਦੋਵੇਂ ਸਭਾਵਾਂ ਵਲੋਂ ਪ੍ਰਵਾਨ ਕੀਤੇ ਜਾਣ ਪੱਖੋਂ ਇਹ ਕਿਵੇਂ ਇਕ ਇਤਿਹਾਸਕ ਕਾਨੂੰਨ ਹੈ।

ਜੀ ਐੱਸ ਟੀ ਵਿੱਚ ਉਪਭੋਗਤਾ ਨੂੰ ਰਾਜਾ ਮੰਨਣ ਵਾਲਾ ਸੰਵਿਧਾਨ ਦਾ 122ਵੀਂ ਸੋਧ ਵਾਲਾ ਬਿਲ ਮਈ 2015 ਵਿੱਚ ਪਹਿਲਾਂ ਲੋਕ ਸਭਾ ਵਲੋਂ ਪ੍ਰਵਾਨ ਕੀਤਾ ਗਿਆ ਅਤੇ ਰਾਜ ਸਭਾ ਵਲੋਂ ਕੀਤੀਆਂ ਸੋਧਾਂ ਤੋਂ ਬਾਅਦ ਰਾਸ਼ਟਰਪਤੀ ਤੋਂ ਵੀ ਇਸ ਦੀ ਮਨਜ਼ੂਰੀ ਲੈ ਲਈ ਗਈ। ਸਰਕਾਰ ਨੇ ਬਿਲ ਵਿੱਚ ਛੇ ਸੋਧਾਂ ਕੀਤੀਆਂ ਜਿਸ ਵਿੱਚ ਇਕ ਪ੍ਰਤਿਸ਼ਤ ਅਡੀਸ਼ਨਲ ਟੈਕਸ ਨੂੰ ਹਟਾਉਣਾ ਵੀ ਸ਼ਾਮਲ ਸੀ।

ਜੀ ਐੱਸ ਟੀ ਦੇ ਅਜਿਹਾ ਸੰਵਿਧਾਨਕ ਉਪਾਅ ਸਾਬਤ ਹੋਣ ਦੀ ਆਸ ਹੈ ਜੋ ਆਰਥਿਕਤਾ ਨੂੰ ਪਾਰਦਰਸ਼ਿਤਾ ਦੇ ਦੌਰ ਵਿੱਚ ਲਿਆ ਖੜ੍ਹਾ ਕਰਨ ਦੇ ਨਾਲ-ਨਾਲ 'ਇਕ ਰਾਸ਼ਟਰ ਇਕ ਕਰ' ਦੇ ਸੰਕਲਪ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਵਿੱਚ ਮਦਦ ਕਰੇਗਾ। ਜੀ ਐੱਸ ਟੀ ਪ੍ਰਣਾਲੀ ਤਹਿਤ ਕਰ ਦਰਾਂ ਨੂੰ ਘੱਟੋ-ਘੱਟ ਲੋੜੀਂਦੀ ਅਮਲੀ ਦਰ ਤੇ ਰੱਖਿਆ ਜਾਵੇਗਾ ਤਾਂ ਕਿ ਕਿਸੇ ਵੀ ਰਾਜ ਸਰਕਾਰ ਨੂੰ ਉੱਚੀਆਂ ਕਰ ਦਰਾਂ ਕਾਰਨ ਆਪਣੇ ਲੋਕਾਂ ਦੀ ਨਾਰਾਜ਼ਗੀ ਦਾ ਸਾਹਮਣਾ ਨਾ ਕਰਨਾ ਪਵੇ। ਅੰਤਮ ਦਰਾਂ ਬਾਰੇ ਫੈਸਲਾ ਜੀ ਐੱਸ ਟੀ ਕੌਂਸਲ ਵਲੋਂ ਲਿਆ ਜਾਵੇਗਾ। ਬਿਲ ਦੀ ਅੱਗੋਂ 29 ਰਾਜਾਂ ਵਿੱਚੋਂ ਘੱਟੋ-ਘੱਟ 16 ਰਾਜਾਂ ਦੀਆਂ ਵਿਧਾਨ ਸਭਾਵਾਂ ਵਲੋਂ ਤਸਦੀਕ ਕੀਤੇ ਜਾਣਾ, ਜਿਸ ਬਾਰੇ ਪ੍ਰਧਾਨ ਮੰਤਰੀ ਨੂੰ ਛੇਤੀ ਤੋਂ ਛੇਤੀ ਹੋ ਜਾਣ ਦੀ ਆਸ ਹੈ।

**ਸੰਘੀ ਅਤੇ ਰਾਜ ਪੱਧਰੀ ਕਰਾਂ ਦੇ ਜਾਲ ਵਿੱਚੋਂ ਬਾਹਰ ਨਿਕਲਦਿਆਂ ਜੀ ਐੱਸ ਟੀ ਪੂਰੇ ਦੇਸ਼ ਨੂੰ ਇਕ ਆਰਥਿਕ ਖਿੱਤੇ ਵਾਂਗ ਲੈਂਦਿਆਂ ਕੰਮ ਕਰੇਗੀ। ਨਿਊਯਾਰਕ ਟਾਇਮਜ਼ ਨੇ 1991 ਵਿੱਚ ਭਾਰਤ ਵਲੋਂ ਆਰਥਿਕਤਾ ਨੂੰ ਵਿਸ਼ਵ ਬਾਜ਼ਾਰ ਲਈ ਪਹਿਲੀ ਵਾਰ ਖੋਲ੍ਹਣ ਤੋਂ ਬਾਅਦ ਇਸ ਸੰਵਿਧਾਨਕ ਬਿਲ ਨੂੰ ਸਭ ਤੋਂ ਵੱਡਾ ਕਰ ਸੁਧਾਰ ਮੰਨਿਆ ਹੈ। ਵਿਕਾਸਸ਼ੀਲ ਦੁਨੀਆਂ ਵਿੱਚ ਸਭ ਤੋਂ ਵੱਧ ਗਤੀਸ਼ੀਲ ਆਰਥਿਕਤਾਵਾਂ ਵਿੱਚੋਂ ਇਕ ਹੋਣ ਦੇ ਬਾਵਜੂਦ ਭਾਰਤੀ ਆਰਥਿਕਤਾ ਜਿਸ ਦੇ ਵੱਖ-ਵੱਖ ਰਾਜਾਂ ਵਿੱਚ ਵੱਖ-ਵੱਖ ਕਰ ਪ੍ਰਣਾਲੀ ਨਾਲ ਪਰੇਸ਼ਾਨੀ ਵਾਲੀ ਸਥਿਤੀ ਉਪਜਾਉਂਦੀ ਹੈ ਜੋ ਕਿ ਰਾਜ ਦੀ ਸਰਹੱਦ ਤੋਂ ਬਾਹਰ ਵਪਾਰ ਕਰਨ ਲਈ ਉਤਸ਼ਾਹ ਨਹੀਂ ਦਿੰਦੀ।**

ਜੀ ਐੱਸ ਟੀ ਨੂੰ ਵਿਆਪਕ ਰੂਪ ਵਿੱਚ ਇਸ ਦ੍ਰਿਸ਼ਟੀਕੋਣ ਤੋਂ ਦੇਖਿਆ ਜਾ ਰਿਹਾ ਹੈ ਕਿ ਇਸ ਨਾਲ ਅਥਾਰਿਟੀ ਨੂੰ ਸਮੱਸਿਆ ਨਾਲ ਨਜਿੱਠਣ ਵਿੱਚ ਮਦਦ ਮਿਲੇਗੀ ਅਤੇ ਅੰਤ ਵਿੱਚ ਇਕ ਵਧੇਰੇ ਸੰਯੁਕਤੀ ਵਾਲੀ ਆਰਥਿਕਤਾ ਕਾਇਮ ਹੋ ਸਕੇਗੀ ਜਿਸ ਨਾਲ ਕਿ ਵਪਾਰ ਨੂੰ ਪੂਰੇ ਰਾਸ਼ਟਰ ਵਿੱਚ ਵਿਗਸਣ ਦਾ ਮੌਕਾ ਮਿਲੇਗਾ। ਨਿਊਯਾਰਕ ਟਾਈਮਜ਼ ਨੇ ਲਿਖਿਆ ਹੈ, "ਇਹ ਬਹੁਤ ਦੇਰ ਤੋਂ ਲਟਕਦਾ ਆ ਰਿਹਾ ਹੈ ਪਰ ਕਾਰੋਬਾਰ ਕਰਨ ਨੂੰ ਸੁਖਾਲਾ ਬਣਾਉਣ ਵਿੱਚ ਵੱਡਾ ਨਤੀਜਿਆਂ ਵਾਲਾ ਪ੍ਰੋਗਰਾਮ ਹੈ ਅਤੇ ਇਹ ਬਾਹਰਲੀ ਦੁਨੀਆਂ ਨੂੰ ਇਹ ਵੀ ਦਰਸਾਉਂਦਾ ਹੈ ਕਿ ਭਾਰਤ ਆਪਣੀ ਆਰਥਿਕਤਾ ਨੂੰ 21ਵੀਂ ਸਦੀ ਵੱਲ ਤੇਜ਼ੀ ਨਾਲ ਲਿਜਾ ਰਿਹਾ ਹੈ।" ਮਿਲਾਨ ਵੈਸ਼ਨਵ ਜੋ ਕਿ ਦੱਖਣੀ ਏਸ਼ੀਆ ਪ੍ਰੋਗਰਾਮ ਦੇ ਸੀਨੀਅਰ ਐਸੋਸ਼ੀਏਟ ਹਨ, ਨੇ ਕਿਹਾ ਹੈ ਕਿ ਜੀ ਐੱਸ ਟੀ 15 ਮੌਜੂਦਾ ਰਾਜ ਅਤੇ ਸੰਘੀ ਕਰਾਂ ਦੀ ਥਾਂ ਲੈਂਦਾ ਹੈ ਅਤੇ ਭਾਰਤ ਦੇ ਆਰਥਿਕ ਵਿਕਾਸ ਨੂੰ 0.5 ਅਤੇ 2 ਪ੍ਰਤਿਸ਼ਤ ਅੰਕਾਂ ਵਾਲੇ ਵਿਕਾਸ ਤੱਕ ਲਿਜਾ ਸਕਦਾ ਹੈ। ਜੀ ਐੱਸ ਟੀ ਸਹਿਕਾਰਤਾ ਸੰਘਵਾਦ ਦੀ ਸੋਚ ਨਾਲ ਚਲਦਾ ਹੈ ਜਿਥੇ ਕੇਂਦਰ ਅਤੇ ਰਾਜ ਰਾਸ਼ਟਰੀ ਲਾਭ ਲਈ ਮਿਲਵਰਤਨ ਨਾਲ ਕੰਮ ਕਰਦੇ ਹਨ ਅਤੇ ਜਿਥੇ ਰਾਜਾਂ ਨੂੰ ਵੀ ਆਪਣਾ ਬਣਦਾ ਹਿੱਸਾ ਮਿਲਦਾ ਹੈ। ਸਰਕਾਰ ਨੇ ਕਰ ਮਾਲੀਆ ਸਾਂਝਾ ਕਰਨ ਬਾਰੇ ਫਾਰਮੂਲੇ ਵਿੱਚ ਸੋਧ ਕੀਤੀ ਹੈ ਤਾਂ ਕਿ ਰਾਜਾਂ ਨੂੰ ਵਧੇਰੇ ਹਿੱਸਾ ਦਿੱਤਾ ਜਾ ਸਕੇ ਅਤੇ ਉਹ ਕੇਂਦਰ ਦੇ ਨਾਲ ਮਿਲ ਕੇ ਵਿਕਾਸ ਕਰ ਸਕਣ।

ਇਹ ਸਭ 1991 ਵਿੱਚ ਸ਼ੁਰੂ ਹੋਇਆ ਜਦ ਸਰਕਾਰ ਨੇ ਮੰਡੀ ਸੁਧਾਰ ਨੀਤੀਆਂ ਅਪਣਾਉਂਦਿਆਂ ਰਾਜਾਂ ਨੂੰ ਕਰਾਂ ਸਮੇਤ ਵਧੇਰੇ ਅਧਿਕਾਰ ਦਿੱਤੇ। ਉਸ ਤੋਂ ਬਾਅਦ ਦੀਆਂ ਸਰਕਾਰਾਂ ਨੇ ਕਰ ਪ੍ਰਣਾਲੀ ਵਿੱਚ ਮੂਲ ਪਰਿਵਰਤਨ ਦੀ ਲੋੜ ਮਹਿਸੂਸ ਕੀਤੀ ਕਿਉਂਕਿ ਇਹ ਸਪੱਸ਼ਟ ਹੁੰਦਾ ਜਾ ਰਿਹਾ ਸੀ ਕਿ ਇਕ ਦੂਜੇ ਵਿੱਚ ਜਾ ਵੜਦੇ ਟੈਕਸ ਜ਼ਾਬਤੇ ਵਿਕਾਸ ਰੋਕ ਰਹੇ ਸਨ।

ਜੀ ਐੱਸ ਟੀ ਦੇ ਲਾਭ ਹੌਲੀ-ਹੌਲੀ ਹੋਣਗੇ ਜਾਂ ਕਹਿ ਲਓ ਕਿ 2019 ਤੱਕ ਆਪਣਾ ਅਸਰ ਦਿਖਾਉਣਗੇ। ਇਸ ਗੱਲ ਦੀ ਵੀ ਸੰਭਾਵਨਾ ਹੈ ਕਿ ਜੀ ਐੱਸ ਟੀ, ਜਿਵੇਂ ਕਿ ਸਰਕਾਰ ਦੇ ਮੁੱਖ ਆਰਥਿਕ ਸਲਾਹਕਾਰ ਨੇ ਕਿਹਾ ਹੈ, ਅੰਤ ਵਿੱਚ ਮਹਿੰਗਾਈ ਦਰ ਵਧਾ ਦੇਵੇ ਅਤੇ ਉਨ੍ਹਾਂ ਮੁਤਾਬਕ ਇਹ ਇਕਲੌਤਾ ਇਕਸਾਰਤਾ ਵਾਲਾ ਰਾਸ਼ਟਰੀ ਕਰ

ਸਿਲਸਿਲਾ ਹੈ ਜਿਸ ਨੂੰ ਲਾਗੂ ਕਰਨ ਅਤੇ ਚਲਾਉਣ ਵਿੱਚ ਵੱਡੀਆਂ ਉਲਝਣਾਂ ਤੇ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਵੇਗਾ।

ਪਰ ਲੰਮੇ ਸਮੇਂ ਦੀ ਮਿਆਦ ਵਿੱਚ ਜੀ ਐੱਸ ਟੀ ਵਲੋਂ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਨ, ਪੂੰਜੀਗਤ ਵਸਤਾਂ ਦੀ ਲਾਗਤ ਘਟਾਉਣ, ਨਿਰਮਾਣ ਅਤੇ ਬਰਾਮਦ ਕਰ ਵਧਾਉਣ, ਕਰ ਇਕੱਤਰਤਾ ਵਿੱਚ ਵਾਧਾ ਕਰਨ ਅਤੇ ਸਭ ਤੋਂ ਅਹਿਮ ਨਵੇਂ ਰੁਜ਼ਗਾਰ ਪੈਦਾ ਕਰਨ ਦੀ ਸੰਭਾਵਨਾ ਹੈ।

ਜੀ ਐੱਸ ਟੀ ਨੂੰ ਭਾਰਤ ਦੇ ਸਾਰੇ ਆਰਥਿਕ ਸੁਧਾਰਾਂ ਦੀ ਮਾਂ ਦੱਸਦਿਆਂ ਵਡਿਆਇਆ ਜਾ ਰਿਹਾ ਹੈ : ਵਪਾਰਕ ਆਗੂਆਂ ਅਤੇ ਕਾਰਪੋਰੇਟ ਭਾਰਤ ਦਾ ਦਾਅਵਾ ਹੈ ਕਿ ਇਹ ਬਦਲਾਅ ਉਨ੍ਹਾਂ ਦੇ ਰੋਜ਼ਾਨਾ ਦੇ ਜੀਵਨ ਉਪਰ ਡੂੰਘਾ ਅਸਰ ਪਾਵੇਗਾ। ਜਿਵੇਂ ਕਿ ਕਿਹਾ ਗਿਆ ਹੈ ਕਿ ਜੀ ਐੱਸ ਟੀ 'ਕਰ ਅਤਿਵਾਦ' ਦਾ ਖਾਤਮਾ ਕਰ ਦੇਵੇਗਾ ਕਿਉਂਕਿ ਉਦਯੋਗ ਜਗਤ ਮੁਤਾਬਕ ਰਾਜਾਂ ਅਤੇ ਕੇਂਦਰ ਦੇ ਕਰਾਂ ਦੀ ਖਿਚੜੀ ਅਤੇ ਬਹੁ-ਗਿਣਤੀ ਕਰ ਅਥਾਰਿਟੀਆਂ ਕਾਰਨ ਇਹ ਸਮੇਂ ਦੇ 'ਸਤਾਏ ਹੋਏ ਅਤੇ ਸ਼ਿਕਾਰ' ਹਨ। 'ਜ਼ਿਆਦਾਤਰ ਅਸੀਂ ਕਰ ਦੀਆਂ ਰਸਮੀ ਅਦਾਇਗੀਆਂ, ਇਕੱਤਰਤਾ ਜਮ੍ਹਾਂ ਕਰਾਉਣ, ਫਾਰਮ ਪੇਸ਼ ਕਰਨ ਵਿੱਚ ਹੀ ਰੁੱਝੇ ਰਹਿੰਦੇ ਹਾਂ, ਸਾਡਾ ਧਨ ਫਸਿਆ ਰਹਿੰਦਾ ਹੈ ਅਤੇ ਹੋਰ ਕਈ ਗੁੰਝਲਦਾਰ ਮੁੱਦੇ ਬਣੇ ਰਹਿੰਦੇ ਹਨ।'

ਕੇਂਦਰ ਅਤੇ ਰਾਜਾਂ ਦਰਮਿਆਨ ਜੀ ਐੱਸ ਟੀ ਨੂੰ ਲੈ ਕੇ ਵਿਵਾਦ ਵਾਲਾ ਮੁੱਦਾ ਕਰ ਦਰਾਂ ਦਾ ਰਿਹਾ ਹੈ। ਰਾਜ ਆਪਣਾ ਮਾਲੀਆ ਵਧਾਉਣ ਲਈ ਉੱਚ ਦਰਾਂ ਚਾਹੁੰਦੇ ਹਨ ਜਦ ਕਿ ਕੇਂਦਰ ਮਹਿੰਗਾਈ ਵਧਣ ਤੋਂ ਰੋਕਣ ਲਈ ਘੱਟ ਦਰਾਂ ਲਾਗੂ ਕਰਨ ਉਤੇ ਜ਼ੋਰ ਪਾਉਂਦਾ ਹੈ। ਭਾਰਤ ਦੀ ਆਰਥਿਕਤਾ ਹੁਣ ਦਹਾਕਿਆਂ ਵਿੱਚ ਸਭ ਤੋਂ ਘੱਟ ਮਹਿੰਗਾਈ ਦਰ ਰਖਦਿਆਂ 7.6 ਪ੍ਰਤਿਸ਼ਤ ਦੀ ਸ਼ਾਨਦਾਰ ਵਿਕਾਸ ਦਰ ਦਰਜ ਕਰਾ ਰਹੀ ਹੈ। ਰੋਜ਼ਗਾਰ ਵਿਕਾਸ ਅਜੇ ਨਜ਼ਰ ਨਹੀਂ ਆਉਂਦਾ ਅਤੇ ਕਾਰਪੋਰੇਟ ਖੇਤਰ ਵਿੱਚ ਅਜੇ ਵੀ ਪੈਸੇ ਦੀ ਘਾਟ ਕਾਰਨ ਨਿਰਮਾਣ ਖੇਤਰ ਖੜੋਤ ਦਾ ਸ਼ਿਕਾਰ ਹੈ। ਵਿਕਾਸ ਦੀ ਰਫ਼ਤਾਰ ਮੁੱਖ ਕਰਕੇ ਸੂਚਨਾ ਤਕਨਾਲੋਜੀ ਅਤੇ ਸੂਚਨਾ ਤਕਨਾਲੋਜੀ ਆਧਾਰੀ ਸੇਵਾਵਾਂ ਦੇ ਖੇਤਰ ਤੋਂ ਚੱਲ ਰਹੀ ਹੈ ਜਿਸ ਤੋਂ ਕਾਫੀ ਵਿਦੇਸ਼ੀ ਧਨ ਦੀ ਪ੍ਰਾਪਤੀ ਹੋ ਰਹੀ ਹੈ ਜੋ ਇਸ ਸਮੇਂ 370 ਅਰਬ ਅਮਰੀਕੀ ਡਾਲਰ ਤੋਂ ਵੱਧ ਹੈ।

ਜੀ ਐੱਸ ਟੀ ਦੇ ਨਾਲ ਹੀ ਕਰ ਸੁਧਾਰ ਖਤਮ ਨਹੀਂ ਹੋ ਜਾਂਦੇ – ਸਾਡੇ ਕੋਲ ਅਜੇ ਅਹਿਮ ਕਾਨੂੰਨ ਮੌਜੂਦ ਹਨ ਜੋ ਸਿੱਧੇ ਕਰਾਂ ਬਾਰੇ ਢਾਂਚੇ ਨੂੰ ਆਸਾਨ ਬਣਾਉਂਦਿਆਂ ਵੱਡੀ ਵਸੋਂ ਨੂੰ ਲਾਭ ਪਹੁੰਚਾਉਣਗੇ। ਵਿੱਤ ਮੰਤਰਾਲੇ ਨੇ 2016-17 ਦੇ ਬਜਟ ਵਿੱਚ ਸੰਕੇਤ ਦਿੱਤਾ ਹੈ ਕਿ ਡੀ ਟੀ ਸੀ ਨੂੰ ਹਟਾਇਆ ਜਾ ਰਿਹਾ ਹੈ ਪਰ ਸੰਸਦ ਦੀ ਵਿੱਤੀ ਮਾਮਲਿਆਂ ਬਾਰੇ ਪੱਕੀ ਕਮੇਟੀ ਨੇ ਵਿੱਤ ਮੰਤਰਾਲੇ ਨੂੰ ਕਿਹਾ ਹੈ ਕਿ ਡੀ ਟੀ ਸੀ ਨੂੰ ਕਰ ਸੁਧਾਰਾਂ ਵਿੱਚ ਅੱਗੋਂ ਸੁਧਾਰ ਲਿਆਉਣ ਦੀ ਵੱਡੀ ਕਾਰਵਾਈ ਮੰਨਦਿਆਂ ਲਾਗੂ ਕੀਤੇ ਜਾਣ ਦੀ ਲੋੜ ਹੈ।

**ਡੀ ਟੀ ਸੀ ਦੀਆਂ ਸੰਭਾਵਨਾਵਾਂ : ਜਿਵੇਂ ਕਿ ਸਰਕਾਰ ਨੇ ਕਿਹਾ ਹੈ ਕਿ ਇਹ ਆਮਦਨ ਕਰ, ਲਾਭਾਂਸ਼ ਵੰਡ ਕਰ, ਵਾਧੂ ਲਾਭ ਕਰ ਅਤੇ ਪੂੰਜੀ ਕਰ ਸੰਬੰਧਤ ਸਾਰੇ ਕਾਨੂੰਨਾਂ ਵਿੱਚ ਸੋਧ ਕਰਕੇ ਭਾਰਤੀ ਆਮਦਨ ਕਰ ਕਾਨੂੰਨ 1961 ਨੂੰ ਹਟਾਉਣਾ ਚਾਹੁੰਦੀ ਹੈ ਤਾਂ ਕਿ ਇਕ ਆਰਥਿਕ ਰੂਪ ਵਿੱਚ ਕਾਰਗਰ ਅਸਰਦਾਰ ਅਤੇ ਸਾਂਵੀਂ ਸਿੱਧੇ ਕਰਾਂ ਬਾਰੇ ਪ੍ਰਣਾਲੀ ਕਾਇਮ ਕੀਤੀ ਜਾ ਸਕੇ ਜੋ ਸਵੈ-ਇੱਛਤ ਰੂਪ ਵਿੱਚ ਕਰ ਪਾਲਣਾ ਨੂੰ ਅਸਾਨ ਬਣਾ ਕੇ ਕੁੱਲ ਘਰੇਲੂ ਉਤਪਾਦ ਅਨੁਪਾਤ ਵਿੱਚ ਵਾਧਾ ਲਿਆ ਸਕੇ।**

ਦੂਜਾ ਉਦੇਸ਼ ਵਿਵਾਦ ਅਤੇ ਮੁਕੱਦਮੇਬਾਜ਼ੀ ਨੂੰ ਘੱਟ ਤੋਂ ਘੱਟ ਕਰਨਾ ਹੈ। ਇਸ ਵਿੱਚ ਕਰ ਨਿਜ਼ਾਮ ਵਿੱਚ ਸਥਿਰਤਾ ਲਿਆਉਣ ਦੀ ਗੱਲ ਕਹੀ ਗਈ ਹੈ ਅਤੇ ਇਹ ਕਰ ਦੇ ਪ੍ਰਵਾਨਿਤ ਨੇਮਾਂ ਅਤੇ ਸਰਬੋਤਮ ਅੰਤਰਰਾਸ਼ਟਰੀ ਪਿਰਤਾਂ 'ਤੇ ਅਧਾਰਿਤ ਹੈ। ਇਹ ਅਖੀਰ ਵਿੱਚ ਇਕਲੌਤੇ, ਇਕਸਾਰ ਕਰ ਅਦਾਕਰਤਾ ਪ੍ਰਣਾਲੀ ਲਈ ਰਾਹ ਪੱਧਰਾ ਕਰੇਗਾ।

ਸਿੱਧੇ ਕਰ ਜ਼ਾਬਤੇ (ਡੀ ਟੀ ਸੀ) ਦੇ ਮੁੱਖ ਤੱਤ : ਤਜਵੀਜ਼ਸ਼ੁਦਾ ਜ਼ਾਬਤੇ ਮੌਜੂਦਾ ਆਮਦਨ ਕਰ ਕਾਨੂੰਨ ਦੇ 298 ਸੈਕਸ਼ਨਾਂ ਅਤੇ 14 ਸ਼ਡਿਊਲਾਂ ਦੇ ਮੁਕਾਬਲੇ 319 ਸੈਕਸ਼ਨ ਅਤੇ 22 ਸ਼ੈਡਿਊਲ ਰਖਦਾ ਹੈ। ਇਕ ਵਾਰ ਲਾਗੂ ਹੋਣ ਉਤੇ ਡੀ ਟੀ ਸੀ ਪੁਰਾਣੇ ਹੰਢ ਚੁੱਕੇ ਆਮਦਨ ਕਰ ਕਾਨੂੰਨ ਦੀ ਥਾਂ ਲੈ ਲਵੇਗਾ ਭਾਵੇਂ ਉਸ ਦੇ ਕੁੱਝ ਹਿੱਸੇ ਡੀ ਟੀ ਸੀ ਵਿੱਚ ਸ਼ਾਮਿਲ ਕੀਤੇ ਜਾਣਗੇ। ਮਿਊਚਲ ਫੰਡ/ਯੂਲਿਪ ਨੂੰ 80 ਕਟੌਤੀਆਂ ਤੋਂ ਹਟਾ ਦਿੱਤਾ ਗਿਆ ਹੈ, ਸ਼ੇਅਰਾਂ ਉਤੇ ਅਧਾਰਿਤ ਮਿਊਚਲ ਫੰਡ ਜਾਂ ਯੂਲਿਪ ਤੋਂ ਪੈਦਾ ਆਮਦਨ ਉਪਰ ਪ੍ਰਤਿਸ਼ਤ ਦੀ ਦਰ ਉਤੇ ਕਰ ਲੱਗੇਗਾ। ਵਾਧੂ (ਫਰਿੰਜ) ਲਾਭ ਕਰ ਕਰਮਚਾਰੀ ਉਪਰ ਲਾਇਆ ਜਾਵੇਗਾ ਨਾ ਕਿ ਰੋਜ਼ਗਾਰ-ਦਾਤਾ ਉਪਰ। ਕੁੱਲ ਆਮਦਨ ਦਾ 5 ਪ੍ਰਤਿਸ਼ਤ ਤੱਕ ਰਾਜਸੀ ਦਾਨ ਟੈਕਸ ਕਟੌਤੀਯੋਗ ਹੋਵੇਗਾ।

ਡੀ ਟੀ ਸੀ ਵਲੋਂ ਸਾਰੇ ਸਿੱਧੇ ਕਰਾਂ ਲਈ ਇਕਲੌਤਾ ਜ਼ਾਬਤਾ : ਸਾਰੇ ਸਿੱਧੇ ਕਰਾਂ ਨੂੰ ਇਕਲੌਤੇ ਜ਼ਾਪਤੇ ਅਤੇ ਇਕਸਾਰਤਾ ਵਾਲੇ ਅਮਲ ਹੇਠ ਲਿਆਉਂਦਿਆਂ ਇਕੱਲਾ ਅਤੇ ਇਕਸਾਰ ਕਰ ਅਦਾਕਰਤਾ ਰਿਪੋਰਟਿੰਗ ਸਿਲਸਿਲਾ ਬਣਾਉਣ ਦਾ ਰਾਹ ਪੱਧਰਾ ਕੀਤਾ ਜਾਵੇਗਾ। ਡੀ ਟੀ ਸੀ ਵਿਚਲੀ ਸੌਖੀ ਭਾਸ਼ਾ ਦਾ ਉਦੇਸ਼ ਲੋਕਾਂ ਵਲੋਂ ਸਵੈ-ਇੱਛਤ ਰੂਪ ਵਿੱਚ ਕਰ ਪਾਲਣਾ ਕਰਾਉਣ ਲਈ ਇਸ ਵਿੱਚ ਸਪੱਸ਼ਟਤਾ ਲਿਆਉਣਾ ਹੈ। ਮੁਕੱਦਮੇਬਾਜ਼ੀ ਆਦਿ ਦੀਆਂ ਸੰਭਾਵਨਾਵਾਂ ਨੂੰ ਇਸ ਕਾਨੂੰਨ ਵਿਚਲੀ ਅਸਪੱਸ਼ਟਤਾ ਨੂੰ ਦੂਰ ਕਰਦਿਆਂ ਘੱਟ ਤੋਂ ਘੱਟ ਕੀਤਾ ਜਾ ਰਿਹਾ ਹੈ। ਇਸ ਨੂੰ ਇਸ ਢੰਗ ਨਾਲ ਵਿਕਸਤ ਕੀਤਾ ਜਾ ਰਿਹਾ ਹੈ ਕਿ ਇਹ ਬਿਨਾਂ ਬਾਰ-ਬਾਰ ਦੀਆਂ ਸੋਧਾਂ ਦੇ ਵਿਗਸ ਰਹੀ ਆਰਥਿਕਤਾ ਦੇ ਢਾਂਚੇ ਮੁਤਾਬਕ ਬਦਲਾਵਾਂ ਮੁਤਾਬਿਕ ਆਪਣੇ ਆਪ ਨੂੰ ਢਾਲ ਸਕੇ।

ਕਿਉਂਕਿ ਬਹੁਤੇ ਕਰ ਅਦਾਕਰਤਾ ਛੋਟੀ ਅਤੇ ਦਰਮਿਆਨੀ ਸ਼੍ਰੇਣੀ ਤੋਂ ਹਨ, ਡੀ ਟੀ ਸੀ ਵਿੱਚ ਇਸ ਗੱਲ ਦਾ ਖ਼ਿਆਲ ਕੀਤਾ ਗਿਆ ਹੈ। ਡੀ ਟੀ ਸੀ ਇਕ ਸਥਿਰਤਾ ਲਿਆਉਣ ਦਾ ਉਦੇਸ਼ ਰਖਦਾ ਹੈ ਜਿਥੇ ਸਾਰੀਆਂ ਕਰ ਦਰਾਂ ਨੂੰ ਜ਼ਾਬਤੇ ਦੇ ਪਹਿਲੇ ਤੋਂ ਚੌਥੇ ਸ਼ੈਡਿਊਲ ਵਿੱਚ ਸ਼ਾਮਲ ਕਰਨ ਦੀ ਤਜਵੀਜ਼ ਹੈ ਜਿਸ ਨਾਲ ਕਿ ਇਕ ਸਾਲਾਨਾ ਮਾਲੀ ਬਿੱਲ ਲਿਆਉਣ ਦੀ ਲੋੜ ਆਪਣੇ ਆਪ ਬਣ ਜਾਵੇਗੀ। ਦਰਾਂ ਵਿੱਚ ਬਦਲਾਅ ਦੀ ਸੂਰਤ ਵਿੱਚ ਅਜਿਹਾ ਸੋਧ ਬਿਲ ਦੇ ਰੂਪ ਵਿੱਚ ਸੰਸਦ ਸਾਹਮਣੇ ਪੇਸ਼ ਕਰਕੇ ਸ਼ੈਡਿਊਲ

*ਬਾਕੀ ਸਫ਼ਾ 13 ਉੱਤੇ*

# ਭਾਰਤੀ ਕਰ ਪ੍ਰਣਾਲੀ ਉਪਰ ਸੰਖੇਪ ਝਾਤ

ਮਾਲਿਨੀ ਚੱਕਰਵਰਤੀ

ਅਸੀਂ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਸਰਕਾਰ ਨੂੰ ਕਿਸੇ ਨਾ ਕਿਸੇ ਸੂਰਤ ਵਿੱਚ, ਕਰ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਾਂ। ਇਹ ਕਰ ਜੋ ਅਸੀਂ ਅਦਾ ਕਰਦੇ ਹਾਂ, ਸਰਕਾਰ ਦੇ ਵੱਖ-ਵੱਖ ਕਾਰਜਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸਰਕਾਰ ਦੀਆਂ ਕਈ ਜ਼ਿਮੇਵਾਰੀਆਂ ਹੁੰਦੀਆਂ ਹਨ ਜੋ ਉਸ ਨੇ ਪੂਰੀਆਂ ਕਰਨੀਆਂ ਹੁੰਦੀਆਂ ਹਨ। ਇਨ੍ਹਾਂ ਵਿੱਚ ਸ਼ਾਮਲ ਹਨ ਕਾਨੂੰਨ ਦੀ ਪਾਲਣਾ ਯਕੀਨੀ ਬਣਾਉਣਾ, ਜਨਤਕ ਵਸਤਾਂ ਅਤੇ ਸੇਵਾਵਾਂ ਮੁਹੱਈਆ ਕਰਨਾ, ਭੌਤਿਕੀ ਅਤੇ ਸਮਾਜਕ ਬੁਨਿਆਦੀ ਢਾਂਚਾ ਤਿਆਰ ਕਰਨਾ, ਲੋਕਾਂ ਦੀ ਸਿੱਖਿਆ ਲਈ ਨਿਵੇਸ਼, ਗਰੀਬੀ ਖਤਮ ਕਰਨਾ ਆਦਿ। ਸਪੱਸ਼ਟ ਹੈ ਕਿ ਸਰਕਾਰ ਨੂੰ ਆਪਣੇ ਵਾਅਦੇ ਪੂਰੇ ਕਰਨ ਲਈ ਕਾਫੀ ਪੂੰਜੀ ਇਕੱਠੀ ਕਰਨ ਦੀ ਲੋੜ ਹੁੰਦੀ ਹੈ। ਸਰਕਾਰ ਆਪਣੇ ਵੱਖ-ਵੱਖ ਕਾਰਜਾਂ ਨੂੰ ਚਲਾਉਣ ਲਈ ਫੰਡ, ਕਰਾਂ/ਵਰਤੋਂਕਾਰਾਂ ਤੋਂ ਫੀਸ ਜਾਂ ਸੇਵਾ ਵਸੂਲੀ ਅਤੇ ਕਰਜ਼ਿਆਂ ਰਾਹੀਂ ਇਕੱਠੇ ਕਰਦੀ ਹੈ। ਫੰਡ ਦੇ ਉਹ ਸਰੋਤ ਜੋ ਨਾ ਤਾਂ ਦੇਣਦਾਰੀਆਂ ਪੈਦਾ ਕਰਦੇ ਹਨ ਅਤੇ ਨਾ ਹੀ ਜਾਇਦਾਦ ਵਿੱਚ ਕੋਈ ਕਮੀ ਲਿਆਉਂਦੇ ਹਨ, ਉਨ੍ਹਾਂ ਨੂੰ ਮਾਲੀਆ ਆਮਦਨ ਕਿਹਾ ਜਾਂਦਾ ਹੈ। ਫੰਡਾਂ ਦੇ ਹੋਰ ਸਰੋਤ ਜਿਵੇਂ ਕਿ ਕਰਜ਼ੇ ਜੋ ਦੇਣਦਾਰੀਆਂ ਪੈਦਾ ਕਰਦੇ ਹਨ ਜਾਂ ਉਹ ਸਰੋਤ ਜੋ ਜਾਇਦਾਦ ਘਟਾਉਂਦੇ ਹਨ (ਉਦਾਹਰਣ ਦੇ ਤੌਰ ਤੇ ਅਪਨਿਵੇਸ਼) ਨੂੰ ਪੂੰਜੀਗਤ ਆਮਦਨ ਕਿਹਾ ਜਾਂਦਾ ਹੈ। ਇਸ ਤਰ੍ਹਾਂ ਕਰ ਅਤੇ ਵਰਤੋਂਕਾਰਾਂ ਤੋਂ ਲਈ ਜਾਣ ਵਾਲੀ ਫੀਸ ਜਾਂ ਸੇਵਾ ਵਸੂਲੀ ਮਾਲੀਆ ਆਮਦਨ ਦੀਆਂ ਕੁੱਝ ਉਦਾਹਰਣਾਂ ਹਨ ਅਤੇ ਕਰਜ਼ੇ ਪੂੰਜੀਗਤ ਆਮਦਨ ਦੇ ਉਦਾਹਰਣ ਹਨ।

## ਕਰ ਮਾਲੀਆ ਅਤੇ ਗ਼ੈਰ ਕਰ ਮਾਲੀਆ

ਸਰਕਾਰ ਦੀ ਮਾਲੀਆ ਆਮਦਨ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ਕਰ ਮਾਲੀਆ ਅਤੇ ਗ਼ੈਰ ਕਰ ਮਾਲੀਆ। *ਕਰ ਮਾਲੀਆ :* ਕਾਨੂੰਨਨ ਅਦਾਇਗੀਆਂ ਤੋਂ ਸਰਕਾਰ ਵਲੋਂ ਵਸੂਲੀ ਰਕਮ ਨੂੰ ਕਰ ਮਾਲੀਆ ਕਿਹਾ ਜਾਂਦਾ ਹੈ। *ਗ਼ੈਰ ਕਰ ਅਦਾਇਗੀਆਂ :* ਗ਼ੈਰ ਕਰ ਮਾਲੀਆ ਸਰਕਾਰ ਦੀ ਉਹ ਆਮਦਨ ਹੁੰਦੀ ਹੈ ਜੋ ਗ਼ੈਰ ਕਰ ਲਗਾਉਣ ਦੇ ਤਰੀਕੇ ਨਾਲ ਵਸੂਲੀ ਜਾਵੇ ਜਿਵੇਂ ਕਿ ਵਰਤੋਂਕਾਰਾਂ ਕੋਲੋਂ ਫੀਸ/ਸੇਵਾ ਵਸੂਲੀ ਡਿਵੀਡੈਂਡ ਅਤੇ ਜਨਤਕ ਖੇਤਰ ਦੇ ਅਦਾਰਿਆਂ ਦੀ ਆਮਦਨ, ਵਿਆਜ ਤੋਂ ਆਉਣ ਵਾਲੀ ਰਕਮ, ਜੁਰਮਾਨੇ ਆਦਿ ਨੂੰ ਗ਼ੈਰ ਕਰ ਮਾਲੀਆ ਕਿਹਾ ਜਾਂਦਾ ਹੈ। ਸਮੁੱਚੀ ਦੁਨੀਆਂ ਵਿੱਚ ਸਰਕਾਰੀ ਆਮਦਨ ਦਾ ਵੱਡਾ ਹਿੱਸਾ ਕਰ ਮਾਲੀਏ ਤੋਂ ਆਉਂਦਾ ਹੈ।

## ਸਿੱਧੇ ਅਤੇ ਅਸਿੱਧੇ ਕਰ

ਕਰਾਂ ਨੂੰ ਮੋਟੇ ਤੌਰ ਤੇ ਦੋ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ – ਸਿੱਧੇ ਕਰ ਅਤੇ ਅਸਿੱਧੇ ਕਰ। ਜਿਨ੍ਹਾਂ ਕਰਾਂ ਦਾ ਭਾਰ ਉਸ ਹਸਤੀ ਉਪਰ ਹੀ ਪਵੇ ਜਿਸ ਉਪਰ ਕਰ ਲਗਾਇਆ ਜਾਂਦਾ ਹੈ, ਨੂੰ ਸਿੱਧੇ ਕਰ ਕਿਹਾ ਜਾਂਦਾ ਹੈ। ਦੂਸਰੇ ਸ਼ਬਦਾਂ ਵਿੱਚ, ਕੋਈ ਵੀ ਹਸਤੀ ਜੋ ਸਰਕਾਰ ਨੂੰ ਸਿੱਧਿਆਂ ਕਰ ਅਦਾ ਕਰਦੀ ਹੈ, ਉਸ ਕਰ ਦਾ ਭਾਰ ਖੁਦ ਸਹਿੰਦੀ ਹੈ ਅਤੇ ਇਹ ਭਾਰ ਦੂਸਰਿਆਂ ਉਪਰ ਨਹੀਂ ਪਾ ਸਕਦੀ। ਸਿੱਧੇ ਕਰ ਆਮਦਨ, ਜਾਇਦਾਦ ਅਤੇ ਜਮ੍ਹਾਂ ਪੂੰਜੀ ਉਪਰ ਲਗਾਏ ਜਾਂਦੇ ਹਨ। ਦੂਸਰੇ ਪਾਸੇ ਅਸਿੱਧੇ ਕਰਾਂ ਦਾ ਭਾਰ ਆਦਮੀ ਉਪਰ ਪਾਇਆ ਜਾ ਸਕਦਾ ਹੈ। ਦੂਜੀਆਂ ਵਸਤਾਂ/ਸੇਵਾਵਾਂ ਦੇ ਵਪਾਰਕ ਲੈਣ-ਦੇਣ ਰਾਹੀਂ ਇਹ ਕਰ ਅਸਿੱਧੇ ਇਸ ਲਈ ਹਨ ਕਿਉਂਕਿ ਉਹ ਏਜੰਟ ਜੋ ਕਰ ਦਾ ਭਾਰ ਬਰਦਾਸ਼ਤ ਕਰਦਾ ਹੈ, ਆਮ ਤੌਰ ਤੇ ਉਹ ਨਹੀਂ ਹੁੰਦਾ ਜਿਸ ਉਪਰ ਇਹ ਕਰ ਲਗਾਇਆ ਜਾਂਦਾ ਹੈ। ਅਸਿੱਧੇ ਕਰਾਂ ਵਿੱਚ ਸ਼ਾਮਲ ਹਨ ਸੀਮਾ ਕਰ, ਉਤਪਾਦਨ ਕਰ, ਸੇਵਾ ਕਰ ਅਤੇ ਵਿਕਰੀ ਕਰ/ਮੁੱਲ ਵਰਧਕ ਕਰ (ਵੈਟ)।

## ਭਾਰਤ ਵਿੱਚ ਸਿੱਧੇ ਅਤੇ ਅਸਿੱਧੇ ਕਰਾਂ ਦੀਆਂ ਵੱਖ-ਵੱਖ ਕਿਸਮਾਂ

ਸਿੱਧੇ ਅਤੇ ਅਸਿੱਧੇ ਦੋਹਾਂ ਕਰਾਂ ਦੀਆਂ ਕਈ ਕਿਸਮਾਂ ਲਾਗੂ ਹਨ ਜੋ ਵੱਖ-ਵੱਖ ਕਿਸਮ ਦੀ ਆਮਦਨ ਉਪਰ ਲਗਾਈਆਂ ਜਾਂਦੀਆਂ ਹਨ – ਵਸਤਾਂ ਦੇ ਉਤਪਾਦਨ ਅਤੇ ਵਿਕਰੀ ਅਤੇ ਅਰਥਤੰਤਰ ਦੇ ਅੰਦਰ ਸੇਵਾਵਾਂ ਅਤੇ ਹੋਰ, ਇਕ ਰਾਜ ਤੋਂ ਦੂਸਰੇ ਰਾਜ ਵਿੱਚ ਆਉਣ ਜਾਣ ਉਪਰ ਲਗਾਇਆ ਕਰ। ਭਾਰਤ ਵਿੱਚ ਜੋ ਵੱਖ-ਵੱਖ ਕਿਸਮ ਦੇ ਕਰ ਲਗਾਏ ਜਾਂਦੇ ਹਨ ਉਨ੍ਹਾਂ ਦੀਆਂ ਕੁੱਝ ਕਿਸਮਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ :

## ਕੇਂਦਰ ਅਤੇ ਰਾਜਾਂ ਵਿਚਕਾਰ ਕਰ ਵਸੂਲਣ ਦੀਆਂ ਸ਼ਕਤੀਆਂ ਦਾ ਬਟਵਾਰਾ

ਭਾਰਤ ਦਾ ਸੰਵਿਧਾਨ ਸਪੱਸ਼ਟ ਤੌਰ ਤੇ ਰਾਜ ਪ੍ਰਬੰਧਨ ਦੀਆਂ ਵੱਖ-ਵੱਖ ਪੱਧਰਾਂ ਦੀਆਂ ਕਰ ਲਗਾਉਣ ਦੀਆਂ ਸ਼ਕਤੀਆਂ ਦਰਸਾਉਂਦਾ ਹੈ। ਇਸ ਤਰ੍ਹਾਂ ਕਰ ਅਤੇ ਮਹਿਸੂਲ ਲਗਾਉਣ ਦੀਆਂ ਸ਼ਕਤੀਆਂ ਦਾ ਸਰਕਾਰ ਦੀਆਂ ਤਿੰਨ ਪੱਧਰਾਂ, ਕੇਂਦਰੀ ਸਰਕਾਰ, ਰਾਜ ਸਰਕਾਰਾਂ ਅਤੇ ਸਥਾਨਕ ਪ੍ਰਬੰਧਕਾਂ ਵਿੱਚ ਵੰਡਿਆ ਗਿਆ ਹੈ।

- ਨਿਗ਼ਮੀ ਅਤੇ ਵਿਕਅਤੀਗਤ ਆਮਦਨ ਉਪਰ ਕਰ ਲਗਾਉਣ ਦਾ ਅਧਿਕਾਰ (ਖੇਤੀਬਾੜੀ ਆਮਦਨ ਨੂੰ ਛੱਡ ਕੇ, ਜਿਸ ਉਪਰ ਰਾਜ ਸਰਕਾਰਾਂ ਕਰ ਲਗਾ ਸਕਦੀਆਂ ਹਨ) ਵਧੇਰੇ ਕਰਕੇ ਕੇਂਦਰ ਸਰਕਾਰ ਕੋਲ ਹੈ।

• ਅਸਿੱਧੇ ਕਰਾਂ ਦੀ ਸੂਰਤ ਵਿੱਚ, ਕੇਂਦਰ ਸਰਕਾਰ ਕੋਲ ਉਤਪਾਦਨ ਜਾਂ ਮਾਲ ਤਿਆਰ ਕਰਨ ਉਪਰ ਬਹੁਤ ਕਿਸਮ ਦੇ ਉਤਪਾਦਨ ਕਰ ਅਤੇ ਸੇਵਾਵਾਂ ਉਪਰ ਸੇਵਾ ਕਰ ਲਗਾਉਣ ਦਾ ਅਧਿਕਾਰ ਹੈ। ਰਾਜ ਸਰਕਾਰਾਂ ਨੂੰ ਵਸਤਾਂ ਦੀ ਵਿਕਰੀ ਉਪਰ ਕਰ ਅਤੇ ਕੁੱਝ ਹੋਰ ਕਰ ਲਗਾਉਣ ਦਾ ਅਧਿਕਾਰ ਹੈ। ਕੇਂਦਰ ਵਲੋਂ ਲਗਾਏ ਜਾਣ ਵਾਲੇ ਕੁੱਝ ਕਰ ਹਨ ਸੀਮਾ ਕਰ, ਕੇਂਦਰੀ ਉਤਪਾਦਨ ਕਰ, ਵਿਕਰੀ ਕਰ ਅਤੇ ਸੇਵਾ ਕਰ।

• ਰਾਜ ਸਰਕਾਰਾਂ ਨੂੰ ਇਹ ਕਰ ਲਗਾਉਣ ਦਾ ਅਧਿਕਾਰ ਦਿੱਤਾ ਗਿਆ ਹੈ : ਵਿਕਰੀ ਕਰ, ਸਟੈਂਪ ਡਿਊਟੀ (ਜਾਇਦਾਦ ਵੇਚਣ ਜਾਂ ਖਰੀਦਣ ਉਪਰ ਲੱਗੀ ਡਿਊਟੀ), ਰਾਜ ਉਤਪਾਦਨ ਕਰ (ਅਲਕੋਹਲ ਤਿਆਰ ਕਰਨ ਉਪਰ ਲਗਿਆ ਕਰ), ਭੂਮੀ ਮਾਲੀਆ (ਖੇਤੀਬਾੜੀ/ਗੈਰ ਖੇਤੀਬਾੜੀ ਯੋਗ ਭੂਮੀ ਉਪਰ ਲੱਗਣ ਵਾਲਾ ਕਰ), ਮਨੋਰੰਜਨ ਕਰ ਅਤੇ ਵਿਵਸਾਇਕ ਕਰ। ਰਾਜ ਸਰਕਾਰਾਂ ਵਲੋਂ ਵਿਕਰੀ ਕਰ ਲਗਾਉਣ ਦੀ ਰੀਤ ਨੂੰ 2005 ਵਿੱਚ ਮੁੱਲ ਵਰਧਕ ਕਰ (ਵੈਟ) ਵਿੱਚ ਬਦਲ ਦਿੱਤਾ ਗਿਆ ਸੀ ਜਦੋਂ ਸਭ ਰਾਜ ਸਰਕਾਰਾਂ ਨੇ ਮੁੱਲ ਵਰਧਕ ਪ੍ਰਣਾਲੀ ਸ਼ੁਰੂ ਕਰ ਲਈ ਸੀ।

• ਸਥਾਨਕ ਪ੍ਰਬੰਧਕਾਂ ਨੂੰ ਇਹ ਕਰ ਲਗਾਉਣ ਦੇ ਅਧਿਕਾਰ ਦਿੱਤੇ ਗਏ ਹਨ : ਜਾਇਦਾਦ ਉਪਰ ਕਰ (ਬਿਲਡਿੰਗ ਆਦਿ), ਚੁੰਗੀ (ਸਥਾਨਕ ਪ੍ਰਬੰਧਨ ਦੇ ਖੇਤਰ ਵਿੱਚ ਬਾਹਰੋਂ ਆਉਣ ਵਾਲੇ ਸਾਮਾਨ ਉਪਰ ਕਰ) ਮੰਡੀ ਕਰ ਅਤੇ ਕਰ/ਪਾਣੀ ਸਪਲਾਈ, ਗੰਦੇ ਪਾਣੀ ਦਾ ਨਿਕਾਸ ਆਦਿ ਦੀਆਂ ਸੇਵਾਵਾਂ ਦੇਣ ਲਈ ਵਰਤੋਂਕਾਰਾਂ ਉਪਰ ਕਰ ਆਦਿ। ਪਿਛਲੇ ਕੁੱਝ ਸਾਲਾਂ ਵਿੱਚ ਚੁੰਗੀ ਬਹੁਤ ਸਾਰੇ ਸਥਾਨਕ ਪ੍ਰਬੰਧਨਾਂ ਵਿੱਚ ਖਤਮ ਕਰ ਦਿੱਤੀ ਗਈ ਹੈ।

## ਕੇਂਦਰੀ ਕਰ ਪ੍ਰਣਾਲੀ ਅਧੀਨ ਇਕੱਠੇ ਹੋਏ ਮਾਲੀਏ ਦੀ ਵੰਡ :

ਵੱਖ-ਵੱਖ ਕਾਰਨਾਂ ਸਦਕਾ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਕਰ ਲਗਾਉਣ ਦੀਆਂ ਸ਼ਕਤੀਆਂ ਵਿੱਚ ਅਸਮਾਨਤਾਵਾਂ ਆ ਗਈਆਂ ਹਨ, ਇਸ ਦੇ ਹੱਲ ਲਈ, ਹਰ ਪੰਜ ਸਾਲ ਵਿੱਚ ਵਿੱਤ ਕਮੀਸ਼ਨ ਦੀ ਸਥਾਪਨਾ ਕੀਤੀ ਜਾਂਦੀ ਹੈ ਜੋ ਕੇਂਦਰ ਅਤੇ ਰਾਜ ਸਰਕਾਰਾਂ ਵਿੱਚ ਵਿੱਤੀ ਸਰੋਤਾਂ ਦੀ ਹਿੱਸੇਦਾਰੀ ਦੀ ਸਿਫਾਰਸ਼ ਕਰਦਾ ਹੈ, ਜਿਸ ਦਾ ਇਕ

| ਸਿੱਧੇ ਕਰ | ਅਸਿੱਧੇ ਕਰ |
|---|---|
| ***ਨਿਗਮੀ ਕਰ :*** ਇਹ ਕਰ ਦੇਸ਼ ਅੰਦਰਲੀਆਂ ਪੰਜੀਕ੍ਰਿਤ ਕੰਪਨੀਆਂ/ਨਿਗਮਾਂ ਉਪਰ ਲਗਾਇਆ ਜਾਂਦਾ ਹੈ (ਭਾਵੇਂ ਉਹ ਰਾਸ਼ਟਰੀ/ਬਹੁ-ਰਾਸ਼ਟਰੀ ਜਾਂ ਵਿਦੇਸ਼ੀ ਹੋਣ)। ਭਾਰਤ ਦੀਆਂ ਰਾਸ਼ਟਰੀ ਕੰਪਨੀਆਂ ਉਪਰ ਕਰ ਉਨ੍ਹਾਂ ਦੀ ਕੁੱਲ ਆਮਦਨ, ਭਾਵੇਂ ਕਿਸੇ ਸਰੋਤ ਜਾਂ ਹੋਂਦ ਵਾਲੀ ਹੋਵੇ, ਉਪਰ ਲਗਾਇਆ ਜਾਂਦਾ ਹੈ। ਵਿਦੇਸ਼ੀ ਕੰਪਨੀਆਂ ਦੀ ਸੂਰਤ ਵਿੱਚ, ਉਨ੍ਹਾਂ ਵਲੋਂ ਭਾਰਤ ਵਿੱਚ ਕਮਾਈ ਆਮਦਨ ਉਪਰ ਇਹ ਕਰ ਲਗਾਇਆ ਜਾਂਦਾ ਹੈ। ਵਿਅਕਤੀਗਤ ਆਮਦਨ ਉਪਰ ਕਰ : ਇਹ ਆਮਦਨ ਕਰ ਕਾਨੂੰਨ 1961 ਅਧੀਨ ਕੰਪਨੀਆਂ ਨੂੰ ਛੱਡ ਕੇ ਸਭ ਵਿਅਕਤੀਆਂ, ਫਰਮਾਂ ਦੀ ਆਮਦਨ ਉਪਰ ਲਗਾਇਆ ਜਾਂਦਾ ਹੈ।<br><br>• ਸਿੱਧੇ ਕਰਾਂ ਵਿੱਚ ਹੋਰ ਕਰ ਵੀ ਸ਼ਾਮਲ ਹਨ ਜਿਵੇਂ ਕਿ ਜ਼ਮਾਨਤੀ ਪੱਤਰ ਲੈਣ ਦੇਣ ਕਰ ਜੋ ਸਟਾਕ ਐਕਸਚੇਂਜ ਅਤੇ ਮਿਯੂਚਲ ਫੰਡਾਂ ਦੇ ਯੂਨਿਟਾਂ ਉਪਰ ਦਰਜ ਸ਼ੁਦਾ ਜ਼ਮਾਨਤੀ ਪੱਤਰਾਂ ਦੇ ਲੈਣ ਦੇਣ ਉਪਰ ਲਗਾਇਆ ਜਾਂਦਾ ਹੈ।<br><br>• ***ਪੂੰਜੀਗਤ ਲਾਭ ਕਰ :*** ਕਿਸੇ ਵੀ ਪੂੰਜੀਗਤ ਜਾਇਦਾਦ ਦੀ ਵਿਕਰੀ ਤੋਂ ਪ੍ਰਾਪਤ ਲਾਭ (ਭੌਤਿਕੀ ਜਾਂ ਵਿੱਤੀ), ਜਿਵੇਂ ਕਿ ਕਿਸੇ ਵੀ ਕਰਦਾਤਾ ਦੇ ਕਬਜ਼ੇ ਹੇਠਲੀ ਜਾਇਦਾਦ, ਪੇਂਟਿੰਗ, ਹੀਰੇ ਜਵਾਹਰਾਤ, ਗਹਿਣੇ, ਵਪਾਰਕ ਸਟਾਕ, ਮਿਯੂਚਲ ਫੰਡ ਆਦਿ ਉਪਰ ਛੋਟੀ ਜਾਂ ਲੰਬੀ ਮਿਆਦ ਦੇ ਕਰ ਲਾਭ ਦੇ ਤੌਰ ਤੇ, ਕਰ ਲਿਆ ਜਾਂਦਾ ਹੈ। ਪੂੰਜੀਗਤ ਲਾਭ ਉਹ ਰਕਮ ਹੁੰਦੀ ਹੈ ਜੋ ਖਰੀਦ ਮੁੱਲ ਅਤੇ ਵੇਚਣ ਮੁੱਲ ਦਾ ਫਰਕ ਹੁੰਦੀ ਹੈ। ਇਹ ਕਰ ਉਸ ਸਾਲ ਲਿਆ ਜਾਂਦਾ ਹੈ, ਜਿਸ ਸਾਲ ਵਿੱਚ ਜਾਇਦਾਦ ਦੀ ਵਿਕਰੀ ਕੀਤੀ ਜਾਵੇ।<br><br>***ਧਨ ਦੌਲਤ ਕਰ :*** ਇਹ ਉਹ ਕਰ ਹੈ ਜੋ ਕਿਸੇ ਵਿਅਕਤੀ ਜਾਂ ਵੈਲਥ ਟੈਕਸ ਕਾਨੂੰਨ 1957 ਅਧੀਨ ਕੰਪਨੀਆਂ ਦੀ ਵਿਸ਼ਿਸ਼ਟ ਜਾਇਦਾਦ ਉਪਰ ਲਿਆ ਜਾਂਦਾ ਹੈ। ਧਨ ਦੌਲਤ ਕਰ ਉਪਜਾਊ ਜਾਇਦਾਦ ਉਪਰ ਨਹੀਂ ਲਿਆ ਜਾਂਦਾ। ਇਸ ਲਈ ਸ਼ੇਅਰਾਂ, ਡੀਬੈਂਚਰਾਂ, ਯੂ ਟੀ ਆਈ ਮਿਯੂਚਲ ਫੰਡਾਂ ਆਦਿ ਉਪਰ ਧਨ ਦੌਲਤ ਕਰ ਨਹੀਂ ਲਿਆ ਜਾਂਦਾ। ਧਨ ਦੌਲਤ ਕਰ 2015-16 ਵਿੱਚ ਖਤਮ ਕਰ ਦਿੱਤਾ ਗਿਆ ਸੀ ਅਤੇ ਇਸ ਦੇ ਬਦਲੇ ਬਹੁਤ ਅਮੀਰ ਲੋਕਾਂ ਕੋਲੋਂ ਇਕ ਵਾਧੂ ਸਰਚਾਰਜ ਲਿਆ ਜਾਂਦਾ ਹੈ।<br><br>• ***ਜਾਇਦਾਦ ਕਰ :*** ਭਾਰਤ ਦੇ ਆਮਦਨ ਕਰ ਕਾਨੂੰਨ ਅਨੁਸਾਰ, ਜਾਇਦਾਦ ਤੋਂ ਪ੍ਰਾਪਤ ਆਮਦਨ ਨੂੰ ਆਮਦਨੀ ਗਿਣਿਆ ਜਾਂਦਾ ਹੈ। ਇਸ ਲਈ, ਜਾਇਦਾਦ ਤੋਂ ਪ੍ਰਾਪਤ ਆਮਦਨੀ ਉਪਰ ਵੀ ਕਰ ਲਿਆ ਜਾਂਦਾ ਹੈ। ਇਨ੍ਹਾਂ ਵਿੱਚ ਆਮ ਤੌਰ ਤੇ ਸ਼ਾਮਲ ਹਨ ਬਿਲਡਿੰਗਾਂ, ਫਲੈਟ, ਦੁਕਾਨਾਂ ਅਤੇ ਜ਼ਮੀਨ ਆਦਿ। | • ਉਤਪਾਦਨ ਕਰ : ਇਹ ਕਰ ਉਨ੍ਹਾਂ ਵਸਤਾਂ ਉਪਰ ਲਗਾਇਆ ਜਾਂਦਾ ਹੈ ਜੋ ਦੇਸ਼ ਅੰਦਰ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਇਥੇ ਹੀ ਖਪਤ ਹੋ ਜਾਂਦੀਆਂ ਹਨ।<br><br>• ਵਿਕਰੀ ਕਰ : ਇਹ ਆਮ ਤੌਰ ਤੇ ਖਰੀਦਣ ਜਾਂ ਕਰ ਲੱਗਣ ਵਾਲੀਆਂ ਵਸਤਾਂ ਦੀ ਅਦਲਾ-ਬਦਲੀ ਸਮੇਂ ਲਗਾਇਆ ਜਾਂਦਾ ਹੈ ਅਤੇ ਵਸਤੂ ਦੀ ਕੀਮਤ ਦੇ ਕੁੱਝ ਪ੍ਰਤਿਸ਼ਤ ਦੇ ਤੌਰ ਤੇ ਲਿਆ ਜਾਂਦਾ ਹੈ।<br><br>• ਮੁੱਲ ਵਰਧਕ ਕਰ (ਵੈਟ) : ਵੈਟ ਇਕ ਬਹੁ-ਪੜਾਵੀ ਦਾ ਟੈਕਸ ਹੈ ਜੋ ਸਿਰਫ ਸਪਲਾਈ ਚੇਨ ਦੇ ਹਰ ਪੜਾਅ ਉਤੇ ਮੁੱਲ ਵਰਧਕ ਦੇ ਤੌਰ ਤੇ ਲਿਆ ਜਾਂਦਾ ਹੈ ਅਤੇ ਵਿਕਰੀ ਦੀ ਕੁੱਲ ਕੀਮਤ ਉਪਰ ਨਹੀਂ। ਮੁੱਲ ਵਰਧਕ ਕਰ ਵਿੱਚ ਕਰ ਅਦਾ ਕਰਨ ਵਾਲਿਆਂ ਨੂੰ ਸਪਲਾਈ ਚੇਨ ਪਹਿਲੇ ਪੜਾਵਾਂ ਉਪਰ ਦਿੱਤੇ ਕਰ ਦਾ ਲਾਭ ਦਿੱਤਾ ਜਾਂਦਾ ਹੈ।<br><br>• ਸੇਵਾ ਕਰ : ਇਹ ਕਿਸੇ ਵੀ ਕਿਸਮ ਦੇ ਸੰਸਥਾਨ ਵਲੋਂ ਦਿੱਤੀਆਂ ਸੇਵਾਵਾਂ ਉਪਰ ਲਗਾਇਆ ਜਾਂਦਾ ਹੈ ਅਤੇ ਇਸ ਦੀ ਅਦਾਇਗੀ ਦੀ ਜ਼ਿੰਮੇਵਾਰੀ ਸੇਵਾ ਚੇਨ ਵਾਲੇ ਉਪਰ ਹੁੰਦੀ ਹੈ।<br><br>• ਸੀਮਾ ਕਰ : ਇਹ ਅਜਿਹਾ ਕਰ ਹੈ ਜੋ ਦੇਸ਼ ਅੰਦਰ ਵਸਤਾਂ ਦੇ ਆਯਾਤ ਅਤੇ ਦੇਸ਼ ਤੋਂ ਬਾਹਰ ਨਿਰਯਾਤ ਉਪਰ ਲਗਾਇਆ ਜਾਂਦਾ ਹੈ। |

ਮਹੱਤਵਪੂਰਨ ਅੰਗ ਕੇਂਦਰ ਸਰਕਾਰ ਵਲੋਂ ਇਕੱਠੇ ਕੀਤੇ ਮਾਲੀਏ ਨੂੰ ਰਾਜ ਸਰਕਾਰਾਂ ਨਾਲ ਵੰਡਣਾ ਹੈ।

ਇਸ ਵੇਲੇ, ਉਨ੍ਹਾਂ ਸਭ ਉਪ-ਕਰਾਂ, ਸਰਚਾਰਜਾਂ ਤੇ ਕਰਾਂ ਨੂੰ ਛੱਡ ਕੇ ਜੋ ਕੇਂਦਰ ਸ਼ਾਸਿਤ ਪ੍ਰਦੇਸ਼ ਲਗਾਉਂਦੇ ਹਨ ਅਤੇ ਕੇਂਦਰੀ ਸਰਕਾਰ ਦੀ ਕਰ-ਉਗਰਾਹੀ ਉਪਰ ਲਾਗਤ ਨੂੰ ਛੱਡ ਕੇ, ਕੇਂਦਰ ਸਰਕਾਰ ਵਲੋਂ ਉਗਰਾਹੇ ਜਾ ਰਹੇ ਸਭ ਕਰਾਂ ਨੂੰ ਕੇਂਦਰੀ ਕਰ ਮਾਲੀਏ ਦੇ ਤੌਰ ਤੇ ਵੰਡਣ ਯੋਗ ਜਾਂ ਹਿੱਸੇਦਾਰੀ ਯੋਗ ਗਿਣਿਆ ਜਾਂਦਾ ਹੈ। 14ਵੇਂ ਵਿੱਤ ਆਯੋਗ (1 ਅਪ੍ਰੈਲ 2015 ਤੋਂ ਸ਼ੁਰੂ ਹੋਏ) ਨੇ ਕੇਂਦਰੀ ਕਰ ਮਾਲੀਏ ਦੇ ਵੰਡਣ ਯੋਗ ਜਾਂ ਹਿੱਸੇਦਾਰੀ ਯੋਗ ਭਾਗ ਦਾ 42 ਪ੍ਰਤਿਸ਼ਤ ਹਿੱਸਾ ਰਾਜਾਂ ਨੂੰ ਦੇਣਾ ਮਿਥਿਆ ਹੈ ਅਤੇ ਕੇਂਦਰ ਨੇ ਬਾਕੀ ਬਚਿਆ ਹਿੱਸਾ ਕੇਂਦਰੀ ਬਜਟ ਲਈ ਆਪਣੇ ਕੋਲ ਰਖਣਾ ਹੈ।

## ਕਰ-ਸਮੁੱਚਾ ਘਰੇਲੂ ਉਤਪਾਦਨ ਅਨੁਪਾਤ ਅਤੇ ਭਾਰਤ ਵਿੱਚ ਕਰਾਂ ਦੀ ਪ੍ਰਗਤੀ

ਕਿਸੇ ਵੀ ਦੇਸ਼ ਦੇ ਸਮੁੱਚੇ ਘਰੇਲੂ ਉਤਪਾਦਨ ਅਤੇ ਕਰਾਂ ਵਿਚਕਾਰ ਅਨੁਪਾਤ ਇਕ ਮਹੱਤਵਪੂਰਨ ਸੰਕੇਤ ਹੈ ਜੋ ਇਹ ਸਮਝਣ ਵਿੱਚ ਮਦਦ ਕਰਦਾ ਹੈ ਕਿ ਅਰਥਤੰਤਰ ਦੇ ਸਮੁੱਚੇ ਸਾਈਜ ਦੇ ਮੁਕਾਬਲੇ ਸਰਕਾਰ ਕਿੰਨੀ ਮਾਤਰਾ ਵਿੱਚ ਕਰ ਮਾਲੀਆ ਇਕੱਠਾ ਕਰ ਰਹੀ ਹੈ। ਇਕ ਉੱਚਾ ਕਰ - ਕੁੱਲ ਘਰੇਲੂ ਉਤਪਾਦਨ ਅਨੁਪਾਤ ਸਰਕਾਰੀ ਬਜਟ ਨੂੰ ਵਧੇਰੇ ਰਾਹਤ ਦਿੰਦਾ ਹੈ ਤਾਂ ਕਿ ਇਹ ਬਿਨਾਂ ਕਰਜ਼ਾ ਉਠਾਏ ਵਧੇਰੇ ਖਰਚਾ ਕਰ ਸਕੇ। ਪਰ, ਕਈ ਸਾਲਾਂ ਬੱਧੀ ਉੱਚੀ ਵਿਕਾਸ ਦਰ ਦੇ ਬਾਵਜੂਦ, ਭਾਰਤ ਵਿੱਚ ਕਰ - ਕੁੱਲ ਘਰੇਲੂ ਉਤਪਾਦਨ ਅਨੁਪਾਤ ਬਹੁਤ ਘੱਟ ਰਿਹਾ ਹੈ, ਇਥੋਂ ਤੱਕ ਕਿ ਇਹ ਬਰਿਕਸ ਦੇਸ਼ਾਂ ਵਿੱਚ ਸਭ ਤੋਂ ਘੱਟ ਕਰ - ਕੁੱਲ ਘਰੇਲੂ ਉਤਪਾਦਨ ਅਨੁਪਾਤ ਹੈ। ਇਸ ਲਈ ਇਸ ਅਨੁਪਾਤ ਨੂੰ ਵਧਾਉਣ ਦੀ ਤੁਰੰਤ ਲੋੜ ਹੈ। ਭਾਰਤ ਦੇ ਢਾਂਚੇ ਦਾ ਇਕ ਹੋਰ ਪਹਿਲੂ ਇਸ ਵਿੱਚ ਪ੍ਰਗਤੀ ਹੋਣ ਦੀ ਕਮੀ ਹੈ। ਉਹ ਕਰ ਜੋ ਘੱਟ ਆਮਦਨ ਵਰਗਾਂ ਉਪਰ (ਉਨ੍ਹਾਂ ਦੇ ਖਰਚੇ ਅਤੇ ਆਮਦਨ ਦੇ ਸੰਦਰਭ ਵਿੱਚ) ਉੱਚੀ ਆਮਦਨ ਵਾਲੀਆਂ ਸ਼੍ਰੇਣੀਆਂ ਦੇ ਮੁਕਾਬਲੇ ਵਧੇਰੇ ਭਾਰ ਪਾਉਂਦੇ ਹਨ, ਉਨ੍ਹਾਂ ਨੂੰ ਪ੍ਰਤਿਗਾਮੀ ਕਰ ਕਿਹਾ ਜਾਂਦਾ ਹੈ। ਅਸਿੱਧੇ ਕਰਾਂ ਨੂੰ, ਇਸ ਲਈ ਪ੍ਰਤਿਗਾਮੀ ਕਰ ਕਿਹਾ ਜਾਂਦਾ ਹੈ ਕਿਉਂਕਿ ਇਨ੍ਹਾਂ ਵਿੱਚ ਅਮੀਰਾਂ ਅਤੇ ਗਰੀਬਾਂ ਤੋਂ ਇਕੋ ਦਰ ਵਸੂਲੀ ਜਾਂਦੀ ਹੈ, ਉਨ੍ਹਾਂ ਸਭ ਵਸਤਾਂ ਉਪਰ ਜੋ ਉਹ ਵਰਤੋਂ ਵਿੱਚ ਲਿਆਉਂਦੇ ਹਨ। ਦੂਸਰੇ ਪਾਸੇ, ਸਿੱਧੇ ਕਰਾਂ ਨੂੰ ਪ੍ਰਗਤੀਸ਼ੀਲ ਕਿਹਾ ਜਾਂਦਾ ਹੈ ਕਿਉਂਕਿ ਇਨ੍ਹਾਂ ਨੂੰ ਕਰ ਅਦਾ ਕਰਨ ਵਾਲੇ ਦੀ ਸਹਿਨਸ਼ੀਲਤਾ ਦੇ ਅਧਾਰ ਉਤੇ ਲਗਾਇਆ ਜਾਂਦਾ ਹੈ ਅਤੇ ਜਿਉਂ-ਜਿਉਂ ਕਰ ਅਦਾ ਕਰਨ ਵਾਲੇ ਦੀ ਕਰ ਯੋਗ ਆਮਦਨੀ ਵਿੱਚ ਵਾਧਾ ਹੁੰਦਾ ਹੈ, ਉਸ ਨੂੰ ਵਧੇਰੇ ਕਰ ਅਦਾ ਕਰਨਾ ਪੈਂਦਾ ਹੈ। ਭਾਰਤ ਵਿੱਚ, ਕੁੱਲ ਕਰ ਵਸੂਲੀ (ਕੇਂਦਰ ਅਤੇ ਰਾਜਾਂ ਵਲੋਂ) ਦਾ 60 ਪ੍ਰਤਿਸ਼ਤ ਤੋਂ ਵੱਧ ਹਿੱਸਾ ਅਸਿੱਧੇ ਕਰਾਂ ਤੋਂ ਆਉਂਦਾ ਹੈ, ਜਿਸ ਦਾ ਅਰਥ ਇਹ ਹੈ ਕਿ ਇਥੇ ਕਰ ਢਾਂਚਾ ਬਹੁਤ ਪ੍ਰਤਿਗਾਮੀ ਹੈ।

**ਤਾਲਿਕਾ-1 : ਭਾਰਤ ਵਿੱਚ ਕਰ - ਕੁੱਲ ਘਰੇਲੂ ਉਤਪਾਦਨ ਅਨੁਪਾਤ (ਕੇਂਦਰ ਅਤੇ ਰਾਜਾਂ ਨੂੰ ਮਿਲਾ ਕੇ) - ਪ੍ਰਤਿਸ਼ਤ ਵਿੱਚ**

| ਸਾਲ | ਕੁੱਲ ਕਰ - ਜੀ ਡੀ ਪੀ ਅਨੁਪਾਤ | ਸਿੱਧਾ ਕਰ - ਜੀ ਡੀ ਪੀ ਅਨੁਪਾਤ | ਅਸਿੱਧਾ ਕਰ - ਜੀ ਡੀ ਪੀ ਅਨੁਪਾਤ |
|---|---|---|---|
| 2001-02 | 13.39 | 3.11 | 10.28 |
| 2002-03 | 14.08 | 3.45 | 10.63 |
| 2003-04 | 14.59 | 3.86 | 10.73 |
| 2004-05 | 15.25 | 4.23 | 11.02 |
| 2005-06 | 15.91 | 4.54 | 11.37 |
| 2006-07 | 17.15 | 5.39 | 11.77 |
| 2007-08 | 17.45 | 6.39 | 11.06 |
| 2008-09 | 16.26 | 5.83 | 10.43 |
| 2009-10 | 15.5 | 5.8 | 9.6 |
| 2010-11 | 16.3 | 5.8 | 10.50 |

*ਨੋਟ : ਆਰ ਈ : ਸੋਧੇ ਹੋਏ ਅਨੁਮਾਨ, ਬੀ ਈ - ਬਜਟ ਅਨੁਮਾਨ*

*ਸਰੋਤ : ਭਾਰਤੀ ਜਨਤਕ ਵਿੱਤ ਅੰਕੜੇ 2014-15, ਵਿੱਤ ਮੰਤਰਾਲਾ, ਭਾਰਤ ਸਰਕਾਰ*

## ਕਰ ਸੁਧਾਰ

ਪਿਛਲੇ ਕੁੱਝ ਸਾਲਾਂ ਤੋਂ ਸਰਕਾਰ ਨੇ ਭਾਰਤ ਨੂੰ ਵਧੇਰੇ ਕਰ ਸੁਚੱਜਾ ਅਤੇ ਕਰ ਢਾਂਚੇ ਨੂੰ ਘੱਟ ਗੁੰਝਲਦਾਰ ਬਣਾਉਣ ਲਈ ਕਈ ਟੈਕਸ ਸੁਧਾਰ, ਖ਼ਾਸ ਤੌਰ ਤੇ ਅਸਿੱਧੀ ਕਰ ਪ੍ਰਣਾਲੀ ਵਿੱਚ, ਸ਼ੁਰੂ ਕੀਤੇ ਹਨ। ਇਕ ਵੱਡਾ ਕਰ ਸੁਧਾਰ, ਜਿਸ ਉਪਰ ਅੱਜਕੱਲ੍ਹ ਜ਼ੋਰ-ਸ਼ੋਰ ਨਾਲ ਕੰਮ ਹੋ ਰਿਹਾ ਹੈ, ਉਹ ਹੈ ਵਸਤੂ ਅਤੇ ਸੇਵਾ ਕਰ (ਜੀ ਐੱਸ ਟੀ)। ਭਾਵੇਂ ਵਿਕਰੀ ਕਰ ਨੂੰ 2005 ਵਿੱਚ ਵੈਟ ਸ਼ੁਰੂ ਕਰ ਕੇ ਖਤਮ ਕਰ ਦਿੱਤਾ ਗਿਆ ਸੀ ਪਰ ਫਿਰ ਵੀ ਵੈਟ ਦੇ ਨਾਲ-ਨਾਲ ਕਈ ਅਸਿੱਧੇ ਕਰ ਵੀ ਉਗਰਾਹੇ ਜਾ ਰਹੇ ਹਨ। ਇਸ ਨਾਲ ਕਰਾਂ ਦੇ ਪੜਾਅਵਾਰ ਅਸਰ ਦੀ ਸਮੱਸਿਆ ਖੜ੍ਹੀ ਹੋ ਜਾਂਦੀ ਹੈ ਜਿਥੇ ਕਿਸੇ ਵੀ ਵਸਤੂ ਉਪਰ ਉਤਪਾਦਨ ਤੋਂ ਲੈ ਕੇ ਉਸ ਦੇ ਅੰਤਮ ਪੜਾਅ, ਖੁਦਰਾ ਵਿਕਰੀ ਤੱਕ ਕਈ ਵਾਰ ਕਰ ਉਗਰਾਹਿਆ ਜਾਂਦਾ ਹੈ। ਇਸ ਨਾਲ ਵਸਤੂਆਂ ਉਪਰ ਲੱਗਣ ਵਾਲੇ ਕਰ ਅੰਸ਼ ਵਿੱਚ ਵਾਧਾ ਹੋ ਜਾਂਦਾ ਹੈ ਜਿਸ ਦਾ ਸਿੱਟਾ ਕਰਾਂ ਰਾਹੀਂ ਚੁੱਕੀਆਂ ਉੱਚੀਆਂ ਕੀਮਤਾਂ ਹੋ ਜਾਂਦੀਆਂ ਹਨ। ਇਸ ਤੋਂ ਇਲਾਵਾ ਵੱਖ-ਵੱਖ ਰਾਜਾਂ ਅਤੇ ਕੇਂਦਰ ਸਰਕਾਰ ਵਲੋਂ ਲਗਾਏ ਜਾ ਰਹੇ ਕਰਾਂ ਕਾਰਨ, ਕਰ ਚੋਰੀ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ।

ਜੀ ਐੱਸ ਟੀ ਬਹੁ-ਭਾਂਤੀ ਅਸਿੱਧੇ ਕਰਾਂ ਦੇ ਗੁੰਝਲਦਾਰ ਜਾਲ ਨੂੰ ਖਤਮ ਕਰੇਗਾ ਜੋ ਅੱਜਕੱਲ੍ਹ ਲਾਗੂ ਹਨ ਅਤੇ ਉਨ੍ਹਾਂ ਬਦਲੇ ਸਿਰਫ ਇਕ ਅਸਿੱਧਾ ਕਰ, ਜੀ ਐੱਸ ਟੀ ਰਹਿ ਜਾਵੇਗਾ। ਇਹ ਵੈਟ ਵਾਂਗ ਹੀ ਹੈ ਅਤੇ ਇਸ ਤਰ੍ਹਾਂ ਪੜਾਅਵਾਰ ਅਸਰ ਦੀ ਸਮੱਸਿਆ ਨੂੰ ਘੱਟ ਕਰੇਗਾ। ਇਹ ਬਹੁਤੀਆਂ ਵਸਤੂਆਂ ਅਤੇ ਸੇਵਾਵਾਂ ਉਪਰ, ਪੈਟਰੋਲੀਅਮ, ਤੰਬਾਕੂ, ਅਲਕੋਹਲ ਆਦਿ ਨੂੰ ਛੱਡ ਕੇ, ਲਾਗੂ ਹੋਵੇਗਾ। ਜੀ ਐੱਸ ਟੀ ਭਾਵੇਂ ਇਕ

*ਬਾਕੀ ਸਫ਼ਾ 13 ਉੱਤੇ*

# ਅਸਿੱਧੇ ਕਰ ਸੁਧਾਰ : ਸਹੂਲਤ ਯੋਗ ਕਰ ਵਿਵਸਥਾ

ਨਜੀਬ ਸ਼ਾਹ

ਕਰ - ਸਿੱਧੇ ਤੇ ਅਸਿੱਧੇ ਕਰ ਦੇਸ਼ ਦੀ ਉਸਾਰੀ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਅਸਿੱਧੇ ਕਰਾਂ ਦੇ ਮਾਮਲੇ ਵਿੱਚ ਸੈਂਟਰਲ ਬੋਰਡ ਆਫ ਐਕਸਾਈਜ਼ ਐਂਡ ਕਸਟਮਜ਼ (ਸੀ ਬੀ ਈ ਸੀ), ਜੋ ਸੈਂਟਰਲ ਬੋਰਡ ਆਫ ਰੈਵੇਨਿਊ ਐਕਟ, 1963 (1963 ਦਾ 54) ਅਧੀਨ ਗਠਿਤ ਸੰਵਿਧਾਨਕ ਸੰਸਥਾ ਹੈ, ਨੂੰ ਸੀਮਾ ਸ਼ੁਲਕ, ਕੇਂਦਰੀ ਆਬਕਾਰੀ ਅਤੇ ਸੇਵਾ ਕਰ ਲਾਉਣ ਅਤੇ ਇਕੱਤਰ ਕਰਨ ਲਈ ਨੀਤੀਆਂ ਬਣਾਉਣ ਤੇ ਅਮਲ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਸਰਕਾਰ ਨੇ ਦੇਸ਼ ਦੀ ਤਰੱਕੀ ਅਤੇ ਵਿਕਾਸ ਵਿੱਚ ਮਾਲੀਆ ਇਕੱਠਾ ਕਰਨ ਦੀ ਅਹਿਮ ਭੂਮਿਕਾ ਦੀ ਪ੍ਰਸ਼ੰਸਾ ਕਰਦਿਆਂ ਇਸ ਗੱਲ ਉਤੇ ਵੀ ਜ਼ੋਰ ਦਿੱਤਾ ਹੈ ਕਿ ਕਰ ਨੀਤੀ ਦਾ ਉਦੇਸ਼ ਮੁਕਾਬਲੇ ਵਾਲੀ, ਉਮੀਦ ਮੁਤਾਬਕ ਅਤੇ ਸਾਫ-ਸੁਥਰੀ ਕਰ ਨੀਤੀ ਵਾਤਾਵਰਨ ਦਾ ਨਿਰਮਾਣ ਕਰਨਾ ਹੋਣਾ ਚਾਹੀਦਾ ਹੈ ਜਿਸ ਦੀ ਪਹੁੰਚ ਗ਼ੈਰ-ਵਿਰੋਧਾਤਮਕ ਨਾ ਹੋਵੇ। ਮਾਲੀਆ, ਜਵਾਬਦੇਹੀ, ਇਮਾਨਦਾਰੀ, ਜਾਣਕਾਰੀ, ਡਿਜੀਟਲੀਕਰਨ (ਆਰ ਏ ਪੀ ਆਈ ਡੀ) ਦੀ ਨੀਤੀ ਉਤੇ ਅਮਲ ਕਰਦਿਆਂ ਸੀ ਬੀ ਈ ਸੀ ਵਲੋਂ ਪ੍ਰਕਿਰਿਆਵਾਂ ਵਿੱਚ ਢਿੱਲ ਦੇ ਕੇ ਅਤੇ ਨਿਰਮਾਣਕਾਰਾਂ, ਆਯਾਤਕਾਰਾਂ, ਨਿਰਯਾਤਕਾਰਾਂ ਦੇ ਮਸਲੇ ਹੱਲ ਕਰਕੇ, ਭਾਰਤ ਵਿੱਚ ਵਪਾਰ ਕਰਨ ਦੀ ਸੌਖ ਲਈ ਵਾਤਾਵਰਨ ਵਿੱਚ ਸੁਧਾਰ ਕਰਨ ਹਿਤ ਅਨੇਕ ਪਹਿਲਕਦਮੀਆਂ ਕੀਤੀਆਂ ਗਈਆਂ ਹਨ। ਇਸ ਨਾਲ ਗ਼ੈਰ-ਵਿਰੋਧਾਤਮਕ ਅਤੇ ਸਹਾਈ ਕਰ ਨਿਜ਼ਾਮ ਪੈਦਾ ਕਰਨ ਵਿੱਚ ਮਦਦ ਮਿਲੇਗੀ।

2015-16 ਦੌਰਾਨ ਅਸਿੱਧੇ ਕਰਾਂ ਦੀ ਵਸੂਲੀ ਵਿੱਚ ਤਬਦੀਲੀ ਵੇਖਣ ਨੂੰ ਮਿਲੀ ਹੈ। ਅਸਿੱਧੇ ਕਰਾਂ ਦੀ ਵਸੂਲੀ ਵਿੱਚ ਵਾਧਾ ਹੋਣ ਨਾਲ, ਅਸਿੱਧੇ ਕਰਾਂ ਦੀ ਕੁੱਲ ਘਰੇਲੂ ਉਤਪਾਦ ਦਾ ਅਨੁਪਾਤ 2015-16 ਵਿੱਚ 5.2 ਪ੍ਰਤਿਸ਼ਤ ਰਿਹਾ ਜੋ 2014-15 ਵਿੱਚ 4.4 ਪ੍ਰਤਿਸ਼ਤ ਸੀ। 2016-17 ਲਈ ਅਸਿੱਧੇ ਕਰ ਅਤੇ ਕੁੱਲ ਘਰੇਲੂ ਉਤਪਾਦ ਦਾ ਅਨੁਮਾਨਿਤ ਅਨੁਪਾਤ 5.20 ਪ੍ਰਤਿਸ਼ਤ ਹੈ। 2015-16 ਵਿੱਚ ਸੀ ਬੀ ਈ ਸੀ ਨੇ 7.09 ਲੱਖ ਕਰੋੜ ਦਾ ਅੰਕੜਾ ਹਾਸਲ ਕੀਤਾ ਜੋ 31 ਪ੍ਰਤਿਸ਼ਤ ਵਿਕਾਸ ਨੂੰ ਦਰਸਾਉਂਦਾ ਹੈ। ਮੌਜੂਦਾ ਵਿੱਤੀ ਸਾਲ ਵਿੱਚ ਇਸ ਨੂੰ 7.78 ਲੱਖ ਕਰੋੜ ਵਸੂਲੀ ਦਾ ਟੀਚਾ ਦਿੱਤਾ ਗਿਆ ਹੈ।

ਪਿਛਲੇ ਢਾਈ ਸਾਲਾਂ ਦੌਰਾਨ ਸੀ ਬੀ ਈ ਸੀ ਵਲੋਂ ਕੀਤੀਆਂ ਕੁੱਝ ਲੀਹ ਤੋਂ ਹਟਵੀਆਂ ਪਹਿਲਕਦਮੀਆਂ ਇਸ ਪ੍ਰਕਾਰ ਹਨ :

- ***ਮੇਕ ਇਨ ਇੰਡੀਆ :*** ਘਰੇਲੂ ਨਿੱਜੀ ਖੇਤਰ ਨੂੰ ਰੱਖਿਆ ਨਿਰਮਾਣ ਵਿੱਚ ਬਰਾਬਰੀ ਦੇ ਮੌਕੇ ਪ੍ਰਦਾਨ ਕਰਨ ਲਈ ਰੱਖਿਆ ਪੂਰਤੀਕਾਰਾਂ ਨੂੰ ਦਿੱਤੀਆਂ ਜਾਂਦੀਆਂ ਸੀਮਾ ਸ਼ੁਲਕ ਅਤੇ ਕੇਂਦਰੀ ਆਬਕਾਰੀ ਸ਼ੁਲਕ ਦੀਆਂ ਛੋਟਾਂ ਅਤੇ ਰੱਖਿਆ ਜਨਤਕ ਖੇਤਰ ਅਦਾਰਿਆਂ ਅਤੇ ਗੋਲਾ ਬਾਰੂਦ ਕਾਰਖ਼ਾਨਿਆਂ ਨੂੰ ਮਿਲ ਰਹੀਆਂ ਕੇਂਦਰੀ ਆਬਕਾਰੀ ਸ਼ੁਲਕ ਦੀਆਂ ਛੋਟਾਂ ਵਾਪਸ ਲੈ ਲਈਆਂ ਗਈਆਂ ਹਨ।

- ***ਜੀ ਐੱਸ ਟੀ ਉਤੇ ਅਮਲ ਲਈ ਸ਼ੁਰੂਆਤੀ ਕਦਮ :***

(ੳ) ਗਹਿਣਿਆਂ ਉਤੇ 1 ਪ੍ਰਤਿਸ਼ਤ ਆਬਕਾਰੀ ਸ਼ੁਲਕ (ਇਨਪੁਟ ਟੈਕਸ ਕ੍ਰੈਡਿਟ ਤੋਂ ਬਿਨਾਂ) ਲਾਗੂ ਕੀਤਾ ਗਿਆ ਹੈ।

(ਅ) ਕਰਾਂ ਦੀ ਬਹੁਤਾਤ ਨੂੰ ਘੱਟ ਕਰਨ ਲਈ ਦੂਸਰੇ ਮੰਤਰਾਲਿਆਂ ਵਲੋਂ ਲਾਏ 13 ਉਪ-ਕਰ ਜਿਨ੍ਹਾਂ ਦਾ ਪ੍ਰਬੰਧਨ ਮਾਲੀਆ ਵਿਭਾਗ ਵਲੋਂ ਕੀਤਾ ਜਾਂਦਾ ਹੈ, ਨੂੰ ਖਤਮ ਕੀਤਾ ਜਾ ਰਿਹਾ ਹੈ। ਸਿੱਖਿਆ ਉੱਪ-ਕਰ ਅਤੇ ਆਬਕਾਰੀ ਸ਼ੁਲਕ ਲੱਗਣ ਵਾਲੀਆਂ ਵਸਤਾਂ ਅਤੇ ਕਰ ਲੱਗਣ ਯੋਗ ਸੇਵਾਵਾਂ ਉਤੇ ਲਾਇਆ ਜਾਣ ਵਾਲਾ ਸੈਕੰਡਰੀ ਅਤੇ ਹਾਇਰ ਸੈਕੰਡਰੀ ਸਿੱਖਿਆ ਉੱਪ-ਕਰ ਖਤਮ ਕਰ ਦਿੱਤਾ ਗਿਆ ਹੈ।

(ੲ) ਸਰਕਾਰ ਜਾਂ ਸਥਾਨਕ ਪ੍ਰਸ਼ਾਸਨ ਵਲੋਂ ਵਪਾਰਕ ਇਕਾਈਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਸੇਵਾਵਾਂ ਉਤੇ ਲਾਇਆ ਜਾਣ ਵਾਲਾ ਸੇਵਾ ਕਰ, ਸਿਰਫ ਉਨ੍ਹਾਂ ਸੇਵਾਵਾਂ ਨੂੰ ਛੱਡ ਕੇ ਜਿਨ੍ਹਾਂ ਨੂੰ ਵਿਸ਼ੇਸ਼ ਛੋਟ ਦਿੱਤੀ ਗਈ ਹੈ ਜਾਂ ਉਹ ਨਕਾਰਾਤਮਕ ਸੂਚੀ ਵਿੱਚ ਸ਼ਾਮਲ ਹਨ।

- ***ਵਪਾਰ ਕਰਨ ਦੀ ਸੌਖ***

(ੳ) ਸੀਮਾ ਸ਼ੁਲਕ ਮਨਜ਼ੂਰੀ ਅਤੇ ਬੁਨਿਆਦੀ ਢਾਂਚੇ, ਵਿਦੇਸ਼ੀ ਵਸਤਾਂ ਦੀ ਮਨਜ਼ੂਰੀ ਦੇ ਮੁੱਦਿਆਂ ਦੇ ਹੱਲ ਲਈ ਕਸਟਮਜ਼ ਕਲੀਅਰੈਂਸ ਫੈਸਿਲੀਟੇਸ਼ਨ ਕਮੇਟੀ (ਸੀ ਸੀ ਐੱਫ ਸੀ) ਦਾ ਹਰੇਕ ਮੁੱਖ ਸੀਮਾ ਸ਼ੁਲਕ ਬੰਦਰਗਾਹ ਅਤੇ ਹਵਾਈ ਅੱਡਿਆਂ ਉਤੇ ਗਠਨ ਕੀਤਾ ਗਿਆ ਹੈ।

(ਅ) ਆਬਕਾਰੀ ਤੇ ਸੀਮਾ ਸ਼ੁਲਕ ਬਾਰੇ ਕੇਂਦਰੀ ਬੋਰਡ (ਸੀ ਬੀ ਈ ਸੀ) ਵਲੋਂ 1 ਅਪ੍ਰੈਲ, 2016 ਤੋਂ ਵਪਾਰ ਦੀ ਸਹੂਲਤ ਲਈ ਇਕਹਿਰੀ ਖਿੜਕੀ ਵਾਲਾ ਸੰਪਰਕ (ਐੱਸ ਡਬਲਯੂ ਆਈ ਐੱਫ ਟੀ) ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਨਾਲ ਵਪਾਰੀਆਂ ਨੂੰ ਮਨਜ਼ੂਰੀ ਸੰਬੰਧਿਤ ਦਸਤਾਵੇਜ਼ ਇਕ ਹੀ ਜਗ੍ਹਾ ਉਤੇ ਸੀਮਾ ਸ਼ੁਲਕ ਕੋਲ ਇਲੈਕਟ੍ਰਾਨਿਕ ਤਰੀਕੇ ਨਾਲ ਜਮ੍ਹਾਂ ਕਰਵਾਉਣ ਦੀ ਸਹੂਲਤ ਮਿਲ ਜਾਂਦੀ ਹੈ। ਜੇ ਜ਼ਰੂਰੀ ਹੋਵੇ ਤਾਂ ਸੀਮਾ ਸ਼ੁਲਕ ਵਿਭਾਗ ਵਲੋਂ ਦੂਸਰੀਆਂ ਨਿਯਮਕ ਏਜੰਸੀਆਂ ਤੋਂ ਲੋੜੀਂਦੀ ਮਨਜ਼ੂਰੀ ਆਨ-ਲਾਈਨ ਲੈ ਲਈ ਜਾਂਦੀ ਹੈ ਅਤੇ ਉਸੇ ਵੇਲੇ ਮਨਜ਼ੂਰੀ ਦੇ ਦਿੱਤੀ ਜਾਂਦੀ ਹੈ। ਵਪਾਰੀ ਨੂੰ ਹਰੇਕ ਏਜੰਸੀ ਕੋਲ ਨਿੱਜੀ ਤੌਰ ਤੇ ਪਹੁੰਚ ਕਰਨ ਦੀ ਖੇਚਲ ਵੀ ਨਹੀਂ ਕਰਨੀ

ਪੈਂਦੀ। ਭਾਰਤ ਵਿੱਚ ਇਹ ਪ੍ਰਾਜੈਕਟ 1 ਅਪ੍ਰੈਲ, 2016 ਤੋਂ ਸ਼ੁਰੂ ਕੀਤਾ ਗਿਆ ਹੈ ਜਿਸ ਨਾਲ ਮਨਜ਼ੂਰੀਆਂ ਆਦਿ ਮਿਲਣ ਦੇ ਸਮੇਂ ਵਿੱਚ ਕਾਫੀ ਕਮੀ ਆਈ ਹੈ। 1 ਅਪ੍ਰੈਲ 2016 ਤੋਂ ਲੈ ਕੇ ਹੁਣ ਤੱਕ ਲਗਭਗ 1 ਮਿਲੀਅਨ ਆਯਾਤ ਦਸਤਾਵੇਜ਼ਾਂ (ਦਾਖਲੇ ਦੇ ਬਿੱਲ) ਉਤੇ ਇਕਹਿਰੀ ਖਿੜਕੀ ਦੇ ਮੰਚ ਤੋਂ ਸਫਲਤਾ ਪੂਰਵਕ ਕਾਰਵਾਈ ਕੀਤੀ ਜਾ ਚੁੱਕੀ ਹੈ।

(ੲ) ਡਿਜੀਟਲ ਤਰੀਕੇ ਨਾਲ ਦਸਤਖ਼ਤ ਕੀਤੇ ਦਸਤਾਵੇਜ਼ਾਂ ਦਾ ਦਾਇਰਾ ਵਧਾਉਣ ਅਤੇ ਹੱਥੀਂ ਦਸਤਾਵੇਜ਼ ਜਮ੍ਹਾਂ ਕਰਵਾਉਣ ਦੀ ਪ੍ਰਥਾ ਨੂੰ ਖਤਮ ਕਰਨ ਲਈ ਸੀ ਬੀ ਈ ਸੀ ਨੇ ਸਹੂਲਤ ਦਿੱਤੀ ਹੈ ਕਿ ਸਾਰੇ ਆਯਾਤਕ, ਨਿਰਯਾਤਕ, ਜਹਾਜ਼ਰਾਨੀ ਕੰਪਨੀਆਂ ਅਤੇ ਹਵਾਈ ਕੰਪਨੀਆਂ 01.01.2016 ਤੋਂ ਸੀਮਾ ਸ਼ੁਲਕ ਸੰਬੰਧਿਤ ਦਸਤਾਵੇਜ਼ ਡਿਜੀਟਲ ਦਸਤਖ਼ਤਾਂ ਨਾਲ ਜਮ੍ਹਾਂ ਕਰਵਾਉਣਗੀਆਂ।

(ਸ) ਆਯਾਤਕਾਂ ਅਤੇ ਨਿਰਯਾਤਕਾਂ ਦੇ ਚੋਣਵੇਂ ਵਰਗਾਂ ਲਈ ਮੁਲਤਵੀ ਸ਼ੁਲਕ ਅਦਾਇਗੀ। ਇਹ ਪ੍ਰਾਵਧਾਨ ਸਮਾਨ ਨੂੰ ਸ਼ੁਲਕ ਦੀ ਅਦਾਇਗੀ ਤੋਂ ਬਿਨਾਂ ਜਾਰੀ ਕਰਨ ਵਿੱਚ ਸਹਾਈ ਹੋਵੇਗਾ ਜਿਸ ਨਾਲ ਮਨਜ਼ੂਰੀ ਜਲਦੀ ਮਿਲੇਗੀ ਅਤੇ ਕਾਰੋਬਾਰੀਆਂ ਦੇ ਹੱਥਾਂ ਵਿੱਚ ਜ਼ਿਆਦਾ ਨਗਦੀ ਆਵੇਗੀ।

(ਹ) 24×7 ਸੀਮਾ ਸ਼ੁਲਕ ਮਨਜ਼ੂਰੀ ਦੀ ਸਹੂਲਤ 19 ਬੰਦਰਗਾਹਾਂ ਅਤੇ 17 ਹਵਾਈ ਮਾਲ ਪਰਿਸਰਾਂ ਤੱਕ ਵਧਾ ਦਿੱਤੀ ਗਈ ਹੈ।

(ਕ) ਵਿਸ਼ੇਸ਼ ਮੁਲਾਂਕਣ ਸ਼ਾਖਾਵਾਂ ਦੁਆਰਾ ਪ੍ਰਬੰਧਨ ਸੰਬੰਧਿਤ ਪਾਰਟੀ ਲੈਣ ਦੇਣ ਲਈ ਪ੍ਰਕਿਰਿਆ ਅਤੇ ਜਿਨ੍ਹਾਂ ਵਿੱਚ ਵਿਸ਼ੇਸ਼ ਸੰਬੰਧ ਸ਼ਾਮਲ ਹਨ, ਉਨ੍ਹਾਂ ਵਿੱਚ ਮੁਕੰਮਲ ਤੌਰ ਤੇ ਪੁਨਰ ਸੁਧਾਰ ਕਰਨ ਦਿੱਤਾ ਗਿਆ ਹੈ।

(ਖ) ਕੇਂਦਰੀ ਆਬਕਾਰੀ ਅਤੇ ਸੇਵਾ ਕਰ ਰਿਫੰਡ ਅਤੇ ਛੋਟਾਂ ਦੀ ਆਰ ਟੀ ਈ ਜੀ ਐੱਸ/ਐੱਨ ਈ ਐੱਫ ਟੀ ਰਾਹੀਂ ਈ-ਅਦਾਇਗੀ ਨੂੰ ਅਮਲ ਵਿੱਚ ਲਿਆਂਦਾ ਗਿਆ ਹੈ।

(ਗ) ਨਿਰਮਾਣਕਾਰਾਂ ਦੁਆਰਾ ਦਾਖਲ ਕੀਤੀਆਂ ਕੇਂਦਰੀ ਆਬਕਾਰੀ ਰਿਟਰਨਾਂ ਦੀ ਗਿਣਤੀ 27 ਤੋਂ ਘਟ ਕੇ 13 ਹੋ ਗਈ ਹੈ।

(ਘ) ਸੀ ਈ ਐੱਨ ਵੀ ਏ ਟੀ ਕ੍ਰੈਡਿਟ ਨਿਯਮਾਂ ਵਿੱਚ ਸੋਧ ਕੀਤੀ ਗਈ ਹੈ ਤਾਂ ਕਿ ਕਰਜ਼ਾ ਪ੍ਰਵਾਹ ਵਿੱਚ ਸੁਧਾਰ ਕੀਤਾ ਜਾ ਸਕੇ ਅਤੇ ਮੁਕੱਦਮੇਬਾਜ਼ੀ ਵਿੱਚ ਕਮੀ ਕੀਤੀ ਜਾ ਸਕੇ।

(ਙ) ਪੰਜੀਕ੍ਰਿਤ ਵਿਕ੍ਰੇਤਾ ਦੁਆਰਾ ਵੇਚਣ ਵਾਲੇ ਵਲੋਂ ਗਾਹਕ ਦੇ ਘਰ ਤੱਕ ਸਿੱਧੇ ਮਾਲ ਭੇਜਣ ਦੀ ਸਹੂਲਤ ਦਿੱਤੀ ਗਈ ਹੈ। ਇਸੇ ਤਰ੍ਹਾਂ ਦੀ ਸਹੂਲਤ ਕਾਮਿਆਂ ਦੇ ਮਾਮਲੇ ਵਿੱਚ ਵੀ ਦਿੱਤੀ ਗਈ ਹੈ।

(ਚ) ਇਨਪੁਟ ਅਤੇ ਇਨਪੁਟ ਸੇਵਾਵਾਂ ਉਤੇ ਦਿੱਤੇ ਸ਼ੁਲਕ/ਕਰ ਦਾ ਸੀ ਈ ਐੱਨ ਵੀ ਏ ਟੀ ਕ੍ਰੈਡਿਟ ਲੈਣ ਦੀ ਸਮਾਂ ਸੀਮਾ ਛੇ ਮਹੀਨਿਆਂ ਤੋਂ ਵਧਾ ਕੇ ਇਕ ਸਾਲ ਕਰ ਦਿੱਤੀ ਗਈ ਹੈ।

(ਛ) ਕੈਗ (ਸੀ ਏ ਜੀ) ਵਲੋਂ ਚੁੱਕੇ ਗਏ ਆਡਿਟ ਇਤਰਾਜ਼ਾਂ ਨਾਲ ਨਜਿੱਠਣ ਲਈ ਪ੍ਰਕਿਰਿਆ ਨੂੰ ਸਰਲ ਕਰਨ ਹਿਤ ਗਸ਼ਤੀ ਚਿੱਠੀ ਜਾਰੀ ਕੀਤੀ ਗਈ ਹੈ। ਇਸ ਗਸ਼ਤੀ ਪੱਤਰ ਵਿੱਚ ਦਰਜ ਹੈ ਕਿ ਆਡਿਟ ਇਤਰਾਜ਼ਾਂ ਦੇ ਮਾਮਲਿਆਂ ਉਤੇ ਡਿਮਾਂਡ ਨੋਟਿਸ ਫੌਰੀ ਤੌਰ ਤੇ ਜਾਰੀ ਕਰਕੇ ਉਨ੍ਹਾਂ ਦਾ ਤੇਜ਼ੀ ਨਾਲ ਫੈਸਲਾ ਕੀਤਾ ਜਾਵੇਗਾ। ਪਰ, ਜਿਥੇ ਮਾਲੀਆ ਵਿਭਾਗ ਇਤਰਾਜ਼ਾਂ ਨਾਲ ਅਸਹਿਮਤ ਹੋਵੇ, ਉਸ ਮਾਮਲੇ ਵਿੱਚ ਡਿਮਾਂਡ ਨੋਟਿਸ ਜਾਰੀ ਨਹੀਂ ਕੀਤਾ ਜਾਵੇਗਾ। ਇਹ ਅਸਿੱਧੇ ਕਰ ਪ੍ਰਬੰਧਨ ਨੂੰ ਕਰਦਾਤਾ ਪੱਖੀ ਅਤੇ ਗ਼ੈਰ-ਵਿਰੋਧਾਤਮਕ ਬਣਾਉਣ ਦੀ ਇਕ ਕੋਸ਼ਿਸ਼ ਹੈ ਜਿਸ ਨਾਲ ਆਡਿਟ ਇਤਰਾਜ਼ਾਂ ਨੂੰ ਫੌਰੀ ਤੌਰ ਤੇ ਠੀਕ ਤਰੀਕੇ ਨਾਲ ਬੰਦ ਕੀਤਾ ਜਾਵੇਗਾ।

(ਜ) ਸੇਵਾ ਨਿਰਯਾਤਕਾਂ ਲਈ 80 ਪ੍ਰਤਿਸ਼ਤ ਰਿਫੰਡ ਰਕਮ 5 ਦਿਨਾਂ ਵਿੱਚ ਦਿੱਤੀ ਜਾਵੇਗੀ।

- ਝਗੜਿਆਂ ਦਾ ਨਿਪਟਾਰਾ ਅਤੇ ਮੁਕੱਦਮੇ ਬਾਜ਼ੀ ਪ੍ਰਬੰਧਨ :

(ੳ) ਸੀਮਾ, ਕੇਂਦਰੀ ਆਬਕਾਰੀ ਅਤੇ ਸੇਵਾ ਕਰ ਵਿੱਚ ਜੁਰਮਾਨੇ ਦੇ ਪ੍ਰਾਵਧਾਨਾਂ ਨੂੰ ਤਰਕਸੰਗਤ ਬਣਾਇਆ ਗਿਆ ਤਾਂ ਕਿ ਤਾਮੀਲ ਅਤੇ ਝਗੜੇ ਦੇ ਜਲਦੀ ਹੱਲ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

(ਅ) ਹਾਈਕੋਰਟ ਅਤੇ ਸੀ ਈ ਐੱਸ ਟੀ ਏ ਟੀ ਵਿੱਚੋਂ ਉਹ ਸਾਰੇ ਮਾਮਲੇ ਵਾਪਸ ਲੈਣੇ ਜਿਨ੍ਹਾਂ ਦੇ ਬਾਰੇ ਸੁਪਰੀਮ ਕੋਰਟ ਦੇ ਕਿਸੇ ਪਹਿਲੇ ਫੈਸਲੇ ਦੀ ਮਿਸਾਲ ਮੌਜੂਦ ਹੋਵੇ ਅਤੇ ਜਿਸ ਬਾਰੇ ਵਿਭਾਗ ਵਲੋਂ ਪੁਨਰ ਸਮੀਖਿਆ ਦੀ ਮੰਗ ਨਾ ਕੀਤੀ ਗਈ ਹੋਵੇ।

(ੲ) ਸ਼ੁਰੂਆਤੀ ਸੀਮਾ, ਜਿਸ ਤੋਂ ਥੱਲੇ ਵਿਭਾਗ ਵਲੋਂ ਸੀ ਈ ਐੱਸ ਟੀ ਏ ਟੀ (ਟ੍ਰਿਬਿਊਨਲ) ਅਤੇ ਹਾਈਕੋਰਟ ਵਿੱਚ ਅਪੀਲ ਨਹੀਂ ਪਾਈ ਜਾਵੇਗੀ, ਉਸ ਦੀ ਹੱਦ ਕ੍ਰਮਵਾਰ 10 ਲੱਖ ਅਤੇ 15 ਲੱਖ ਕਰ ਦਿੱਤੀ ਗਈ ਹੈ। ਹਾਈਕੋਰਟ ਵਿੱਚ 2051 ਮਾਮਲੇ ਅਤੇ ਸੀ ਈ5 ਐੱਸ ਟੀ ਏ ਟੀ ਵਿੱਚ 5261 ਮਾਮਲੇ ਵਾਪਸ ਲੈਣ ਲਈ ਚਿੰਨ੍ਹਤ ਕੀਤੇ ਗਏ ਹਨ।

(ਸ) 5 ਲੱਖ ਤੋਂ ਘੱਟ ਸ਼ੁਲਕ ਵਾਲੇ 15 ਸਾਲ ਤੋਂ ਪੁਰਾਣੇ ਮਾਮਲਿਆਂ ਵਿੱਚ ਇਸਤਗਾਸਾ ਕਾਰਵਾਈ ਨੂੰ ਵੱਖ ਕਰਕੇ ਵਾਪਸ ਲੈਣ ਲਈ ਚਿੰਨ੍ਹਤ ਕੀਤਾ ਗਿਆ ਹੈ।

(ਹ) ਜਿਨ੍ਹਾਂ ਮਾਮਲਿਆਂ ਵਿੱਚ 50 ਲੱਖ ਜਾਂ ਇਸ ਤੋਂ ਵੱਧ ਸ਼ੁਲਕ ਦੀ ਰਕਮ ਹੋਵੇ, ਉਥੇ ਪ੍ਰਿੰਸੀਪਲ ਕਮਿਸ਼ਨਰ/ਕਮਿਸ਼ਨਰ ਦੇ ਪੱਧਰ ਉਤੇ ਕਾਰਨ ਦੱਸੋ ਨੋਟਿਸ ਦੇਣ ਤੋਂ ਪਹਿਲਾਂ ਸਲਾਹ ਮਸ਼ਵਰਾ ਜ਼ਰੂਰੀ ਕਰਾਰ ਦਿੱਤਾ ਗਿਆ ਹੈ।

**ਇਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ ਸੀ ਬੀ ਈ ਸੀ ਨੇ ਲਗਾਤਾਰ ਦੂਜੇ ਸਾਲ ਕਰਦਾਤਿਆਂ ਦੇ ਤਜ਼ਰਬੇ ਜਾਣਨ ਲਈ ਐੱਫ ਆਈ ਸੀ ਸੀ ਆਈ ਅਤੇ ਕੇ ਪੀ ਐੱਮ ਜੀ ਦੇ ਸਹਿਯੋਗ ਨਾਲ ਸਰਵੇਖਣ ਕਰਵਾਇਆ। ਉਪਰੋਕਤ ਤੋਂ ਇਲਾਵਾ ਅਨੇਕ ਪਹਿਲਕਦਮੀਆਂ ਤੋਂ ਇਹ ਖੁਲਾਸਾ ਹੋਇਆ ਹੈ ਕਿ 72 ਪ੍ਰਤਿਸ਼ਤ ਉੱਤਰ ਦੇਣ ਵਾਲਿਆਂ ਨੇ ਕਰ ਵਿਭਾਗ ਵਲੋਂ ਕਰਦਾਤਿਆਂ ਪ੍ਰਤਿ ਉਦਾਰ ਅਤੇ ਮਿੱਤਰਤਾ ਪੂਰਵਕ ਰੁਖ ਅਖਤਿਆਰ ਕਰਨ ਕਰਕੇ ਵਿਭਾਗ ਦੀਆਂ ਨੀਤੀਆਂ ਵਿੱਚ ਜ਼ਾਹਰਾ ਬਦਲਾਅ ਮਹਿਸੂਸ ਕੀਤਾ ਹੈ।**

ਮਨਜ਼ੂਰੀ ਪ੍ਰਕਿਰਿਆਵਾਂ ਸੰਬੰਧੀ ਵਸਤਾਂ ਦੇ ਆਯਾਤ ਤੇ ਨਿਰਯਾਤ ਲਈ ਕੀਤੇ ਸੁਧਾਰਾਂ ਦੀ ਸੰਖਿਆ ਦਾ ਸਮੇਂ ਅਤੇ ਲਾਗਤ ਤੇ ਸਾਰਥਕ ਪ੍ਰਭਾਵ ਪਿਆ ਹੈ। ਇਹ ਪ੍ਰਭਾਵ ਭਾਰਤ ਦੇ ਲਾਜਿਸਟਿਕਸ ਕਾਰਗੁਜ਼ਾਰੀ ਸੂਚੀ (ਐੱਲ ਪੀ ਆਈ) ਦੇ ਅੰਕਾਂ ਵਿੱਚ ਸੁਧਾਰ ਤੋਂ ਪ੍ਰਤੱਖ ਨਜ਼ਰ ਆ ਰਿਹਾ ਹੈ। ਇਸ ਲਈ ਵਿਸ਼ਵ ਬੈਂਕ ਸਮੂਹ ਵਲੋਂ ਵਪਾਰਕ ਆਵਾਜਾਈ ਬਾਰੇ ਇਕ ਸਰਵੇਖਣ ਕਰਵਾਇਆ ਗਿਆ ਸੀ। ਭਾਰਤ ਐੱਲ ਪੀ

ਆਈ ਦਰਜਾਬੰਦੀ ਵਿੱਚ 19 ਸਥਾਨ ਉਪਰ ਆ ਕੇ 54 ਤੋਂ 35ਵੇਂ ਸਥਾਨ ਤੱਕ ਪੁੱਜ ਗਿਆ ਹੈ। ਭਾਰਤੀ ਸੀਮਾ ਸ਼ੁਲਕ 2014 ਦੀ ਰਿਪੋਰਟ ਦੇ ਮੁਕਾਬਲੇ 2016 ਦੀ ਰਿਪੋਰਟ ਵਿੱਚ 27 ਸਥਾਨਾਂ ਦੀ ਛਾਲ ਲਾ ਕੇ 65 ਤੋਂ 38ਵੇਂ ਸਥਾਨ ਤੱਕ ਪਹੁੰਚ ਗਿਆ ਹੈ।

***4. ਵਸਤਾਂ ਤੇ ਸੇਵਾਵਾਂ ਕਰ :*** ਜੀ ਐੱਸ ਟੀ ਘਟਨਾ ਨੇ ਅਰਥ-ਸ਼ਾਸਤਰੀਆਂ, ਉਦਯੋਗ ਅਤੇ ਸਰਕਾਰ ਦੀ ਕਲਪਨਾ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਹੈ। ਸਹੀ ਮਾਅਨਿਆਂ ਵਿੱਚ ਇਹ ਸਭ ਤੋਂ ਗਰਮ ਮੁੱਦਾ ਹੈ ਅਤੇ ਬਹੁਤ ਸਾਰੇ ਘਰੇਲੂ ਤੇ ਅੰਤਰਰਾਸ਼ਟਰੀ ਮੰਚਾਂ ਉਤੇ ਇਹ ਚਰਚਾ ਦਾ ਵਿਸ਼ਾ ਹੈ। ਦੇਸ਼ ਵਿੱਚ ਜੀ ਐੱਸ ਟੀ ਦੀ ਉਤਪਤੀ ਦੀ ਬੁਨਿਆਦ 2006 ਦੇ ਬਜਟ ਭਾਸ਼ਨ ਵਿੱਚ ਰੱਖੀ ਗਈ ਸੀ; ਉਸ ਤੋਂ ਉਪਰੰਤ ਦੇਸ਼ ਵਿੱਚ ਜੀ ਐੱਸ ਟੀ ਨੂੰ ਲਾਗੂ ਕਰਨ ਲਈ ਲਗਾਤਾਰ ਯਤਨ ਕੀਤੇ ਜਾਂਦੇ ਰਹੇ ਹਨ ਜਿਨ੍ਹਾਂ ਦਾ ਅੰਤ 122ਵੀਂ ਸੰਵਿਧਾਨਕ ਸੋਧ ਬਿੱਲ ਦੇ ਰੂਪ ਵਿੱਚ ਹੋਇਆ।

***5. ਜੀ ਐੱਸ ਟੀ ਕਿਉਂ ? :*** ਮੌਜੂਦਾ ਸਮੇਂ ਕੇਂਦਰ ਸਰਕਾਰ ਨਿਰਮਾਣ ਤੇ (ਕੇਂਦਰੀ ਆਬਕਾਰੀ ਕਰ), ਸੇਵਾਵਾਂ ਦੇਣ ਤੇ (ਸੇਵਾ ਕਰ), ਵਸਤਾਂ ਦੀ ਅੰਤਰ-ਰਾਜੀ ਵਿਕਰੀ ਕਰ, (ਕੇਂਦਰ ਵਲੋਂ ਲਾਇਆ ਗਿਆ ਪ੍ਰੰਤੂ ਰਾਜਾਂ ਵਲੋਂ ਇਕੱਠਾ ਕਰਕੇ ਜਮ੍ਹਾਂ ਕੀਤਾ ਜਾਂਦਾ ਹੈ) ਆਦਿ ਕਰ ਲਾਏ ਜਾਂਦੇ ਹਨ। ਇਸੇ ਪ੍ਰਕਾਰ ਰਾਜਾਂ ਵਲੋਂ ਪ੍ਰਚੂਨ ਵਿਕਰੀ ਤੇ ਵੈਟ, ਰਾਜ ਵਿੱਚ ਵਸਤਾਂ ਦੇ ਦਾਖਲੇ ਤੇ ਦਾਖਲਾ ਕਰ, ਵਿਲਾਸਤਾ ਕਰ, ਖਰੀਦ ਕਰ ਆਦਿ ਲਾਏ ਜਾਂਦੇ ਹਨ। ਇਹ ਪ੍ਰਤੱਖ ਨਜ਼ਰ ਆ ਰਿਹਾ ਹੈ ਕਿ ਕੇਂਦਰ ਅਤੇ ਰਾਜਾਂ ਦਰਮਿਆਨ ਕਰ ਲਾਉਣ ਦਾ ਇਹ ਟੁੱਟਾ ਭੱਜਾ ਜਨਾਦੇਸ਼ ਪੂਰਤੀ ਲੜੀ ਵਿੱਚ ਬਹੁਤ ਸਾਰੇ ਪਾੜੇ ਛੱਡ ਦਿੰਦਾ ਹੈ। ਕਰਾਂ ਦਾ ਅੰਬਾਰ ਲੱਗਾ ਹੋਇਆ ਹੈ ਕਿਉਂਕਿ ਕੇਂਦਰ ਸਰਕਾਰ ਵਲੋਂ ਲਾਏ ਕਰਾਂ ਅਤੇ ਰਾਜ ਸਰਕਾਰਾਂ ਵਲੋਂ ਲਾਏ ਜਾਣ ਵਾਲੇ ਕਰਾਂ ਕਾਰਨ ਘੜਮੱਸ ਦੀ ਸਥਿਤੀ ਬਣੀ ਹੋਈ ਹੈ। ਹੋਰ, ਦੇਸ਼ ਵਿੱਚ ਵੈਟ ਕਰ ਕਾਨੂੰਨਾਂ ਦੀਆਂ ਕਈ ਕਿਸਮਾਂ ਅਤੇ ਖਿੰਡੀਆਂ ਹੋਈਆਂ ਕਰ ਦਰਾਂ ਅਤੇ ਵੱਖ-ਵੱਖ ਪ੍ਰਥਾਵਾਂ ਦੇਸ਼ ਨੂੰ ਵੱਖੋ-ਵੱਖ ਆਰਥਿਕ ਖਿੱਤਿਆਂ ਵਿੱਚ ਵੰਡ ਰਹੀਆਂ ਹਨ। ਸ਼ੁਲਕ ਅਤੇ ਗ਼ੈਰ-ਸ਼ੁਲਕ ਦੇ ਨਾਕੇ ਲਾਉਣੇ, ਜਿਵੇਂ ਕਿ ਚੁੰਗੀ, ਦਾਖਲਾ ਕਰ, ਚੈੱਕ ਪੋਸਟ ਆਦਿ ਦੇਸ਼ ਵਿੱਚ ਵਪਾਰ ਦੀ ਸੁਗਮ ਆਵਾਜਾਈ ਦੇ ਰਾਹ ਦਾ ਰੋੜਾ ਬਣਦੇ ਹਨ। ਇਸ ਤੋਂ ਇਲਾਵਾ, ਵੱਡੀ ਗਿਣਤੀ ਵਿੱਚ ਕਰ, ਕਰਦਾਤਿਆਂ ਲਈ ਰਿਟਰਨਾਂ ਦੀ ਗਿਣਤੀ ਅਤੇ ਅਦਾਇਗੀਆਂ ਦੀ ਸ਼ਕਲ ਵਿੱਚ ਤਾਮੀਲ ਕਰਨ ਦੀ ਵੱਡੀ ਲਾਗਤ ਦਾ ਕਾਰਨ ਬਣਦੇ ਹਨ।

**ਅਸਲ ਵਿੱਚ, ਇਹ ਆਖਿਆ ਜਾਂਦਾ ਹੈ ਕਿ ਸਾਡੇ ਕਰ ਕਾਨੂੰਨਾਂ ਨੇ ਅਜਿਹੀ ਸਥਿਤੀ ਪੈਦਾ ਕਰ ਦਿੱਤੀ ਹੈ ਜਿਥੇ ਵਪਾਰਕ ਫੈਸਲੇ ਤਰਕਸੰਗਤ, ਆਰਥਿਕ ਪੱਖਾਂ ਦੀ ਬਜਾਇ ਕਰ ਵਿਚਾਰ ਉਤੇ ਅਧਾਰਤ ਹਨ। ਇਨ੍ਹਾਂ ਸਾਰੇ ਮੁੱਦਿਆਂ ਨੇ ਇਕ ਕਰ ਦੀ ਲੋੜ ਪੈਦਾ ਕਰ ਦਿੱਤੀ ਜੋ ਕਾਫੀ ਹੱਦ ਤੱਕ ਇਨ੍ਹਾਂ ਮੁਸ਼ਕਿਲਾਂ ਦਾ ਹੱਲ ਕਰਨ ਦੇ ਸਮਰੱਥ ਹੋਵੇਗਾ। ਉਪਰ ਵਰਣਨ ਕੀਤੇ ਸਾਰੇ ਕਰ ਇਕ ਕਰ ਵਿੱਚ ਜਜ਼ਬ ਕਰਨ ਦਾ ਪ੍ਰਸਤਾਵ ਹੈ ਜਿਸ ਨੂੰ ਵਸਤੂ ਅਤੇ ਸੇਵਾ ਕਰ ਆਖਿਆ ਜਾਂਦਾ ਹੈ ਜੋ ਵਸਤੂਆਂ ਜਾਂ ਸੇਵਾਵਾਂ ਤੇ ਨਿਰਮਾਣ ਜਾਂ ਆਯਾਤ ਤੋਂ ਸ਼ੁਰੂ ਕਰਕੇ ਪੂਰਤੀ ਲੜੀ ਦੇ ਹਰੇਕ ਪੜਾਅ ਤੇ ਆਖਰੀ ਪ੍ਰਚੂਨ ਪੱਧਰ ਤੱਕ ਲਾਇਆ ਜਾਵੇਗਾ।**

ਜੀ ਐੱਸ ਟੀ ਵਿੱਚ ਦੋਹਰੇ ਕਰ ਲਾਉਣ ਦਾ ਪ੍ਰਸਤਾਵ ਹੈ ਜਿਸ ਵਿੱਚ ਕੇਂਦਰ ਸਰਕਾਰ ਕੇਂਦਰੀ ਜੀ ਐੱਸ ਟੀ ਲਾਵੇਗੀ ਅਤੇ ਇਕੱਤਰ ਕਰੇਗੀ ਜਦਕਿ ਰਾਜਾਂ ਵਲੋਂ ਰਾਜ ਜੀ ਐੱਸ ਟੀ (ਐੱਸ ਜੀ ਐੱਸ ਟੀ) ਲਾ ਕੇ ਇਕੱਤਰ ਕੀਤਾ ਜਾਵੇਗਾ। ਕੇਂਦਰ ਵਲੋਂ ਵਸਤਾਂ ਤੇ ਸੇਵਾਵਾਂ ਦੀ ਅੰਤਰ-ਰਾਜੀ ਪੂਰਤੀ ਲਈ ਏਕੀਕ੍ਰਿਤ ਜੀ ਐੱਸ ਟੀ (ਆਈ ਜੀ ਐੱਸ ਟੀ) ਲਾ ਕੇ ਕਰ ਇਕੱਤਰ ਕੀਤਾ ਜਾਵੇਗਾ।

### 6. ਜੀ ਐੱਸਟੀ ਦੇ ਲਾਭ

***(ੳ) ਸਰਕਾਰ ਨੂੰ ਲਾਭ :***

- ਭਾਰਤ ਲਈ ਇਕ ਸਾਂਝਾ ਰਾਸ਼ਟਰੀ ਬਾਜ਼ਾਰ ਬਣਾਉਣ ਵਿੱਚ ਮਦਦ ਕਰੇਗਾ, ਜਿਸ ਨਾਲ ਵਿਦੇਸ਼ੀ ਨਿਵੇਸ਼ ਅਤੇ 'ਮੇਕ ਇਨ ਇੰਡੀਆ' ਮੁਹਿੰਮ ਨੂੰ ਹੁਲਾਰਾ ਮਿਲੇਗਾ।
- ਕਰਾਂ ਦਾ ਅੰਬਾਰ ਲੱਗਣ ਤੋਂ ਰੋਕੇਗਾ ਕਿਉਂਕਿ ਪੂਰਤੀ ਦੇ ਹਰ ਪੜਾਅ ਉਤੇ ਸਾਰੀਆਂ ਵਸਤਾਂ ਤੇ ਸੇਵਾਵਾਂ ਉਤੇ ਇਨਪੁਟ ਟੈਕਸ ਕ੍ਰੈਡਿਟ ਉਪਲਬਧ ਹੋਵੇਗਾ।
- ਕਾਨੂੰਨਾਂ, ਪ੍ਰਕਿਰਿਆਵਾਂ ਅਤੇ ਦਰਾਂ ਵਿੱਚ ਇਕਸਾਰਤਾ।
- ਤਾਮੀਲ ਦੇ ਵਾਤਾਵਰਨ ਵਿੱਚ ਸੁਧਾਰ ਆਵੇਗਾ ਕਿਉਂਕਿ ਸਾਰੀਆਂ ਰਿਟਰਨਾਂ ਆਨ-ਲਾਈਨ ਭਰੀਆਂ ਜਾਣਗੀਆਂ, ਇਨਪੁਟ ਕ੍ਰੈਡਿਟ ਦੀ ਆਨ-ਲਾਈਨ ਤਸਦੀਕ ਹੋਵੇਗੀ, ਲੈਣ-ਦੇਣ ਦੇ ਜ਼ਿਆਦਾ ਦਸਤਾਵੇਜ਼ੀਕਰਨ ਨੂੰ ਉਤਸ਼ਾਹਿਤ ਕੀਤਾ ਜਾਵੇਗਾ।
- ਐੱਸ ਜੀ ਐੱਸ ਟੀ ਅਤੇ ਆਈ ਜੀ ਐੱਸ ਟੀ ਦੀਆਂ ਇਕਸਮਾਨ ਦਰਾਂ, ਚੋਰੀ ਕਰਨ ਨੂੰ ਘਟਾਉਣਗੀਆਂ ਕਿਉਂਕਿ ਗੁਆਂਢੀ ਰਾਜਾਂ, ਰਾਜ ਦੇ ਅੰਦਰ ਅਤੇ ਅੰਤਰ-ਰਾਜੀ ਵਿਕਰੀ ਲਈ ਦਰ-ਸਾਲਸੀ ਖਤਮ ਹੋ ਜਾਵੇਗੀ।
- ਭਾਰਤ ਭਰ ਵਿੱਚ ਇਨਪੁਟ ਟੈਕਸ ਕ੍ਰੈਡਿਟ ਦਾ ਇਲੈਕਟ੍ਰਾਨਿਕ ਮਿਲਾਨ ਕੀਤਾ ਜਾਵੇਗਾ ਜਿਸ ਨਾਲ ਪ੍ਰਕਿਰਿਆ ਜ਼ਿਆਦਾ ਪਾਰਦਰਸ਼ੀ ਹੋ ਜਾਵੇਗੀ ਅਤੇ ਸਿਰਫ 'ਚਲਾਣ ਖਰੀਦਦਾਰੀ' ਨੂੰ ਹੁੰਗਾਰਾ ਨਹੀਂ ਮਿਲੇਗਾ।
- ਕਰਦਾਤਿਆਂ ਦੇ ਪੰਜੀਕਰਨ, ਕਰਾਂ ਦਾ ਰਿਫੰਡ, ਕਰ ਰਿਟਰਨ ਦੇ ਇਕਸਮਾਨ ਤਰੀਕੇ, ਇਕ ਕਰ ਅਧਾਰ, ਵਸਤਾਂ ਤੇ ਸੇਵਾਵਾਂ ਦੇ ਵਰਗੀਕਰਨ ਦੀ ਇਕ ਪ੍ਰਣਾਲੀ, ਕਰ ਪ੍ਰਣਾਲੀ ਨੂੰ ਵਧੇਰੇ ਭਰੋਸੇਯੋਗਤਾ ਪ੍ਰਦਾਨ ਕਰੇਗੀ।
- ਸੂਚਨਾ ਤਕਨੀਕ ਦੀ ਜ਼ਿਆਦਾ ਵਰਤੋਂ ਕਰਦਾਤਿਆਂ ਅਤੇ ਕਰ ਪ੍ਰਬੰਧਨ ਵਿਚਾਲੇ ਆਹਮੋ-ਸਾਹਮਣੇ ਮੁਲਾਕਾਤਾਂ ਘੱਟ ਕਰ ਦੇਵੇਗੀ ਜਿਸ ਨਾਲ ਭ੍ਰਿਸ਼ਟਾਚਾਰ ਘੱਟ ਕਰਨ ਵਿੱਚ ਵੱਡੀ ਮਦਦ ਮਿਲੇਗੀ।
- ਵਸਤਾਂ ਦੇ ਆਯਾਤ ਉਤੇ ਵਿਸ਼ਵ ਵਪਾਰ ਸੰਸਥਾ ਦਾ ਰਾਸ਼ਟਰੀ ਵਿਵਹਾਰ ਸਿਧਾਂਤ ਲਾਗੂ ਕਰਨ ਲਈ ਜ਼ਿਆਦਾ ਪਾਰਦਰਸ਼ੀ ਅਧਾਰ ਉਪਲਬਧ ਹੋਵੇਗਾ। ਇਸ ਲਈ ਆਈ ਜੀ ਐੱਸ ਟੀ ਦੇ ਬਰਾਬਰ ਵਧੀਕ ਸੀਮਾ ਸ਼ੁਲਕ ਵਸੂਲਿਆ ਜਾਵੇਗਾ।
- ਇਹ ਨਿਰਯਾਤ ਤੇ ਨਿਰਮਾਣ ਗਤੀਵਿਧੀ

ਨੂੰ ਹੁਲਾਰਾ ਦੇਵੇਗਾ, ਜ਼ਿਆਦਾ ਰੋਜ਼ਗਾਰ ਪੈਦਾ ਕਰੇਗਾ ਜਿਸ ਨਾਲ ਕੁੱਲ ਘਰੇਲੂ ਉਤਪਾਦ ਅਤੇ ਲਾਭਕਾਰੀ ਰੋਜ਼ਗਾਰ ਵਿੱਚ ਵਾਧਾ ਹੋਵੇਗਾ। ਸਿੱਟੇ ਵਜੋਂ ਠੋਸ ਆਰਥਿਕ ਵਿਕਾਸ ਹੋਵੇਗਾ।

• ਆਖਰ ਨੂੰ ਜ਼ਿਆਦਾ ਰੋਜ਼ਗਾਰ ਅਤੇ ਵੱਧ ਵਿੱਤੀ ਸਰੋਤ ਪੈਦਾ ਹੋਣ ਨਾਲ ਗਰੀਬੀ ਦੇ ਖਾਤਮੇ ਵਿੱਚ ਮਦਦ ਮਿਲੇਗੀ।

***(ਅ) ਵਪਾਰ ਤੇ ਉਦਯੋਗ ਲਈ ਲਾਭ*** :

• ਸਰਲ ਕਰ ਢਾਂਚਾ ਅਤੇ ਥੋੜ੍ਹੀਆਂ ਛੋਟਾਂ।

• ਕਰਾਂ ਦੀ ਬਹੁਤਾਤ ਵਿੱਚ ਕਮੀ ਜੋ ਮੌਜੂਦਾ ਸਮੇਂ ਸਾਡੀ ਅਸਿੱਧੀ ਕਰ ਪ੍ਰਣਾਲੀ ਦਾ ਸੰਚਾਲਨ ਕਰ ਰਹੇ ਹਨ। ਇਸ ਨਾਲ ਸਰਲੀਕਰਨ ਅਤੇ ਇਕਸਾਰਤਾ ਆਵੇਗੀ।

• ਕਰਾਂ ਦਾ ਅੰਬਾਰ ਲੱਗਣ ਉਤੇ ਰੋਕ ਲੱਗੇਗੀ ਕਿਉਂਕਿ ਸਾਰੀਆਂ ਹੀ ਵਸਤਾਂ ਤੇ ਸੇਵਾਵਾਂ ਉਤੇ ਇਨਪੁਟ ਟੈਕਸ ਕ੍ਰੈਡਿਟ ਪੂਰਤੀ ਦੇ ਸਾਰੇ ਪੜਾਵਾਂ ਉਤੇ ਉਪਲਬਧ ਹੋਵੇਗਾ।

• ਤਾਮੀਲ ਲਾਗਤਾਂ ਵਿੱਚ ਕਮੀ – ਜ਼ਿਆਦਾਤਰ ਕਰਾਂ ਲਈ ਬਹੁਤੇ ਰਿਕਾਰਡ ਰੱਖਣ ਦੀ ਜ਼ਰੂਰਤ ਨਹੀਂ – ਇਸ ਕਰਕੇ ਰਿਕਾਰਡ ਰੱਖਣ ਲਈ ਸਾਧਨਾਂ ਅਤੇ ਮਨੁੱਖੀ ਸ਼ਕਤੀ 'ਤੇ ਘੱਟ ਨਿਵੇਸ਼ ਕਰਨਾ ਪਵੇਗਾ।

• ਕਰਾਂ ਦਾ ਜ਼ਿਆਦਾ ਵਧੀਆ ਨਿਰਪੱਖੀਕਰਨ ਖ਼ਾਸ ਕਰਕੇ ਨਿਰਯਾਤਾਂ ਲਈ ਜਿਸ ਨਾਲ ਸਾਡੇ ਉਤਪਾਦ ਵਿਸ਼ਵੀ ਬਾਜ਼ਾਰ ਵਿੱਚ ਵੱਧ ਮੁਕਾਬਲੇਬਾਜ਼ੀ ਵਾਲੇ ਬਣ ਜਾਣਗੇ ਅਤੇ ਭਾਰਤ ਦੇ ਨਿਰਯਾਤ ਨੂੰ ਉਤਸ਼ਾਹ ਮਿਲੇਗਾ।

• ਪੰਜੀਕਰਨ, ਰਿਟਰਨ, ਰਿਫੰਡ, ਕਰ ਅਦਾਇਗੀ ਆਦਿ ਪ੍ਰਥਾਵਾਂ ਲਈ ਸਰਲ ਤੇ ਸਵੈਚਾਲਿਤ ਪ੍ਰਕਿਰਿਆਵਾਂ।

• ਸਾਰੀ ਗੱਲਬਾਤ ਸਾਂਝੇ ਜੀ ਐੱਸ ਟੀ ਐੱਨ (ਜੀ ਐੱਸ ਟੀ ਐੱਨ) ਪੋਰਟਲ ਰਾਹੀਂ ਹੋਵੇਗੀ – ਸੋ ਕਰਦਾਤਿਆਂ ਅਤੇ ਕਰ ਪ੍ਰਬੰਧਨ ਦਰਮਿਆਨ ਘੱਟ ਸੰਪਰਕ ਹੋਵੇਗਾ।

• ਪੰਜੀਕਰਨ ਅਤੇ ਰਿਫੰਡ ਆਦਿ ਹਾਸਲ ਕਰਨ ਜਿਹੀਆਂ ਅਹਿਮ ਸਰਗਰਮੀਆਂ ਲਈ ਸਮਾਂ ਸੀਮਾ ਨਿਰਧਾਰਤ ਕਰਨੀ।

• ਕੰਪਨੀਆਂ ਤੇ ਔਸਤ ਕਰ ਬੋਝ ਘੱਟ ਹੋਣ ਦੇ ਆਸਾਰ ਹਨ ਜਿਸ ਨਾਲ ਕੀਮਤਾਂ ਘਟਣ ਦੀ ਆਸ ਹੈ। ਕੀਮਤਾਂ ਘੱਟ ਹੋਣ ਦਾ ਮਤਲਬ ਜ਼ਿਆਦਾ ਖਪਤ ਜਿਸ ਦਾ ਮਤਲਬ ਹੈ ਵੱਧ ਉਤਪਾਦਨ, ਜਿਸ ਨਾਲ ਉਦਯੋਗਾਂ ਦੇ ਵਿਕਾਸ ਵਿੱਚ ਮਦਦ ਮਿਲੇਗੀ। ਇਹ ਭਾਰਤ ਨੂੰ 'ਨਿਰਮਾਣ ਦੇ ਕੇਂਦਰ' ਵਜੋਂ ਸਥਾਪਿਤ ਕਰ ਦੇਵੇਗਾ।

*(ਲੇਖਕ ਕੇਂਦਰੀ ਐਕਸਾਈਜ਼ ਅਤੇ ਕਸਟਮ ਬੋਰਡ ਦਾ ਚੇਅਰਮੈਨ ਹੈ)*

*e-mail :chmn-cbec@nic.in*

***ਸਫ਼ਾ 6 ਦਾ ਬਾਕੀ***

ਵਿੱਚ ਢੁਕਵੀਆਂ ਸੋਧਾਂ ਕਰਕੇ ਕੀਤਾ ਜਾਵੇਗਾ।

ਕਿਉਂਕਿ ਡੀ ਟੀ ਸੀ ਨੂੰ ਤਿਆਰ ਕਰਨ ਵਿੱਚ ਕਾਫੀ ਸੋਚ-ਵਿਚਾਰ ਅਤੇ ਮਿਹਨਤ ਲੱਗੀ ਹੈ, ਇਸ ਨੂੰ ਐਵੇਂ ਹੀ ਛੱਡਿਆ ਨਹੀਂ ਜਾ ਸਕਦਾ ਅਤੇ ਬੇਸ਼ੱਕ ਇਸ ਦਾ ਰੂਪ ਬਦਲ ਜਾਵੇ ਜਾਂ ਇਸ ਦਾ ਨਾਂ ਬਦਲ ਦਿੱਤਾ ਜਾਵੇ ਪਰ ਯਕੀਨਨ ਇਸ ਦੀਆਂ ਬਹੁਤੀਆਂ ਧਾਰਾਵਾਂ ਨੂੰ ਕਰ ਅਦਾਕਰਤਾਵਾਂ ਦੇ ਲਾਭ ਲਈ ਰੱਖਿਆ ਜਾਵੇਗਾ।

ਕਾਰਪੋਰੇਟ ਖੇਤਰ ਅਗਲੇ ਕਰ ਸੁਧਾਰਾਂ ਦੀ ਵੱਡੀ ਸੂਚੀ ਲਈ ਬੈਠਾ ਹੈ। ਘੱਟੋ-ਘੱਟ ਬਦਲਵੇਂ ਕਰ (ਐੱਮ ਏ ਟੀ) ਦਾ ਖਾਤਮਾ ਪਿਛਲੇ ਪ੍ਰਭਾਵ ਵਾਲੇ ਕਰਾਂ ਦਾ ਖਾਤਮਾ (ਵੋਡਾਫੋਨ, ਸੂਚਨਾ ਤਕਨਾਲੋਜੀ ਵਿਭਾਗ ਦਾ ਕਰ ਬਕਾਏ ਨਾਲ ਸੰਬੰਧਤ ਸੰਕਟ ਅਤੇ ਕਰ ਛੁੱਟੀ ਦਾ ਖਾਤਮਾ ਜਿਹੀਆਂ ਕਾਰਵਾਈਆਂ ਨਾਲ ਵਿਸ਼ੇਸ਼ ਆਰਥਿਕ ਖਿੱਤਿਆਂ ਵਿੱਚ ਨਿਵੇਸ਼ ਘਟ ਸਕਦਾ ਹੈ। ਸ਼ੇਅਰਾਂ ਦੀ ਮੁੜ ਖਰੀਦ ਲਈ ਪੂੰਜੀ ਲਾਭ ਟੈਕਸ ਦੀ ਮੁੜ ਬਹਾਲੀ ਹੋ ਸਕਦੀ ਹੈ। ਜੀ ਐੱਸ ਟੀ ਇੰਝ ਕੁੱਲ ਘਰੇਲੂ ਉਤਪਾਦ ਦਰ ਨੂੰ ਅੱਗੋਂ ਹੋਰ ਵਧਾਉਣ ਲਈ 2016–17 ਬਜਟ ਵਿਚਲੇ ਸੁਧਾਰਾਂ ਤੋਂ ਅੱਗੇ ਚਲਦਿਆਂ ਆਰਥਿਕਤਾ ਨੂੰ ਤੇਜ਼ੀ ਨਾਲ ਅੱਗੇ ਲੈ ਜਾਣ ਵਾਸਤੇ ਨਿਰਮਾਣ ਕਰਤਾਵਾਂ ਅਤੇ ਨਿਵੇਸ਼ਕਾਂ ਨੂੰ ਪ੍ਰੇਰਿਤ ਕਰਨ ਲਈ ਕਰ ਸੁਧਾਰਾਂ ਦੀ ਵੱਡੀ ਪੁਲਾਂਘ ਹੈ। ਭਾਵੇਂ ਸਰਕਾਰ ਡੀ ਟੀ ਸੀ ਜਾਂ ਕਾਰਪੋਰੇਟ ਭਾਰਤ ਦੀ ਕਰ ਸੁਧਾਰ ਸੂਚੀ ਉਤੇ ਵਿਚਾਰ ਕਰਨ ਵਿੱਚ ਸਮਾਂ ਲਗਾ ਸਕਦੀ ਹੈ ਪਰ ਇਹ ਸਪੱਸ਼ਟ ਹੈ ਕਿ ਸਰਕਾਰ ਰਾਸ਼ਟਰ ਨੂੰ ਕਰ ਪਾਲਣਾ ਮੁਖੀ ਬਣਾਉਣ ਅਤੇ ਹਰ ਭਾਰਤੀ ਨੂੰ ਕਰ ਅਦਾਇਗੀ ਨੂੰ ਸਮਾਜਕ ਜ਼ਿੰਮੇਵਾਰੀ ਮੰਨਣ ਵੱਲ ਜਾਗਰੂਕ ਕਰਨ ਅਤੇ ਵੱਧ ਤੋਂ ਵੱਧ ਵਸੋਂ ਨੂੰ ਕਰ ਦਾਇਰੇ ਹੇਠ ਲਿਆਉਣ ਦੇ ਨਾਲ-ਨਾਲ ਹਰ ਵਿਅਕਤੀ ਲਈ ਕਰ ਕਾਨੂੰਨ ਸੌਖੇ ਕਰਨ ਦੇ ਮੁੱਖ ਟੀਚੇ ਉਤੇ ਆਪਣਾ ਦਾਇਰਾ ਕੇਂਦਰਿਤ ਰੱਖੇਗੀ।

*(ਲੇਖਕ ਪੀ.ਟੀ.ਆਈ. ਵਿੱਚ ਸਾਬਕਾ ਸੰਪਾਦਕ ਅਰਥ-ਸ਼ਾਸਤਰ ਅਤੇ ਬਿਓਰੋ ਮੁਖੀ (ਆਰਥਿਕ) ਅਤੇ ਬੁਨਿਆਦੀ ਢਾਂਚਾ/ਵਿੱਤ ਵਾਤਾਵਰਨ ਵਿਸ਼ਿਆਂ ਉਪਰ ਮੁਹਾਰਤ ਪ੍ਰਾਪਤ ਹੈ।*

*e-mail :ashoktnex@gmail.com*

***ਸਫ਼ਾ 9 ਦਾ ਬਾਕੀ***

ਕਰ ਹੈ, ਪਰ ਇਸ ਦੇ ਦੋ ਹਿੱਸੇ ਹੋਣਗੇ – ਇਕ ਕੇਂਦਰੀ ਜੀ ਐੱਸ ਟੀ ਅਤੇ ਦੂਸਰਾ ਰਾਜਾਂ ਦਾ ਜੀ ਐੱਸ ਟੀ। ਏ ਸੁਬਰਾਮਨੀਅਨ ਦੀ ਪ੍ਰਧਾਨਗੀ ਹੇਠਲੀ ਕਮੇਟੀ ਅਨੁਸਾਰ, ਦਰਾਂ ਦੀ ਗਿਣਤੀ ਸੀਮਿਤ ਹੋ ਜਾਵੇਗੀ : 1) ਵਧੇਰੇ ਕਰਕੇ ਵਸਤਾਂ ਅਤੇ ਸੇਵਾਵਾਂ ਉਪਰ ਇਕ ਮਿਆਰੀ ਕਰ, 2) ਜ਼ਰੂਰੀ ਵਸਤੂਆਂ ਅਤੇ ਲਾਜ਼ਮੀ ਵਸਤਾਂ ਉਪਰ ਘੱਟ ਕਰ ਅਤੇ 3) ਗ਼ੈਰ ਲਾਜ਼ਮੀ ਵਸਤੂਆਂ ਜਿਵੇਂ ਕਿ ਐਸ਼ੋ-ਇਸ਼ਰਤ ਦੇ ਸਾਮਾਨ ਉਪਰ ਵਧੇਰੇ ਕਰ। ਜੀ ਐੱਸ ਟੀ ਆਉਣ ਨਾਲ, ਕੇਂਦਰ ਅਤੇ ਰਾਜਾਂ ਵਿਚਕਾਰ ਕਰ ਲਗਾਉਣ ਦੀਆਂ ਕੇਂਦਰ ਅਤੇ ਰਾਜ ਦੋਵੇਂ ਵਸਤੂਆਂ ਅਤੇ ਸੇਵਾਵਾਂ ਦੀ ਵਿਕਰੀ ਅਤੇ ਉਤਪਾਦਨ ਉਪਰ ਅਸਿੱਧੇ ਕਰ ਲਗਾ ਸਕਦੇ ਹਨ।

**ਇਹ ਆਸ ਕੀਤੀ ਜਾਂਦੀ ਹੈ ਕਿ ਜੀ ਐੱਸ ਟੀ ਦੇ ਆਉਣ ਨਾਲ ਕਰ ਪ੍ਰਣਾਲੀ ਨੂੰ ਸੌਖਾ ਅਤੇ ਤਰਕਪੂਰਨ ਬਣਾਉਣ ਵਿੱਚ ਮਦਦ ਮਿਲੇਗੀ ਅਤੇ ਉਨ੍ਹਾਂ ਦੀ ਪਾਲਣਾ ਵਿੱਚ ਵੀ ਵਾਧਾ ਹੋਵੇਗਾ। ਇਸ ਦੇ ਨਾਲ-ਨਾਲ, ਇਹ ਵੀ ਮਹੱਤਵਪੂਰਨ ਹੈ ਕਿ ਸਰਕਾਰ ਸਿੱਧੇ ਕਰਾਂ ਨੂੰ ਵਧਾਉਣ ਲਈ ਕੁੱਝ ਕਦਮ ਚੁੱਕੇ, ਜਿਸ ਨਾਲ ਭਾਰਤ ਦੇ ਕਰ ਢਾਂਚੇ ਵਿੱਚ ਪ੍ਰਗਤੀ ਹੋਣ ਵਿੱਚ ਮਦਦ ਮਿਲੇਗੀ।**

*(ਲੇਖਿਕਾ ਨਵੀਂ ਦਿੱਲੀ ਅਧਾਰਤ ਨੀਤੀ ਖੋਜ ਸੰਸਥਾਨ ਬਜਟ ਅਤੇ ਪ੍ਰਸ਼ਾਸਨਿਕ ਜ਼ਿੰਮੇਵਾਰੀ ਕੇਂਦਰ ਵਿੱਚ ਕਾਰਜਸ਼ੀਲ ਹੈ)*

*e-mail :malini@cbgaindia.org*

# ਕਰ ਸੁਧਾਰਾਂ ਦੇ ਨਵੇਂ ਯੁੱਗ ਵਿੱਚ ਪ੍ਰਵੇਸ਼

ਡੀ.ਐੱਸ. ਮਲਿਕ

ਮੌਜੂਦਾ ਸਰਕਾਰ ਨੇ ਸ਼ੁਰੂ ਤੋਂ ਹੀ ਕਾਲੇ ਧਨ ਦੇ ਜੋਖਮ ਨਾਲ ਨਜਿੱਠਣ ਵੱਲ ਆਪਣੀ ਵਚਨਬੱਧਤਾ ਦਰਸਾਈ ਹੈ। ਮਈ 2014 ਵਿੱਚ ਸੱਤਾ ਵਿੱਚ ਆਉਣ ਉਪਰੰਤ ਸਰਕਾਰ ਦਾ ਪਹਿਲਾ ਫੈਸਲਾ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਕਾਇਮ ਕਰਨਾ ਸੀ ਜਿਸ ਦੇ ਚੇਅਰਮੈਨ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਐੱਮ ਬੀ ਸ਼ਾਹ ਅਤੇ ਵਾਈਸ ਚੇਅਰਮੈਨ ਸਾਬਕਾ ਜੱਜ ਅਜੀਤ ਪਾਸਾਯਾਤ ਸਨ। ਕੇਂਦਰੀ ਮੰਤਰੀ ਮੰਡਲ ਦੀ ਪਹਿਲੀ ਬੈਠਕ ਵਿੱਚ ਹੀ ਇਸ ਵਿਸ਼ੇਸ਼ ਟੀਮ ਕਾਇਮ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਤਾਂ ਕਿ ਕਰ ਚੋਰੀ ਜਾਂ ਹੋਰ ਗ਼ੈਰ-ਕਾਨੂੰਨੀ ਸਰਗਰਮੀਆਂ ਰਾਹੀਂ ਇਕੱਤਰ ਕੀਤੀਆਂ ਵੱਡੀਆਂ ਰਕਮਾਂ ਨੂੰ ਵਿਦੇਸ਼ੀ ਬੈਂਕਾਂ ਵਿੱਚ ਜਮ੍ਹਾਂ ਕੀਤੇ ਜਾਣ ਦੇ ਮਾਮਲਿਆਂ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਅਮਲੀ ਰੂਪ ਵਿੱਚ ਲਾਗੂ ਕੀਤਾ ਜਾ ਸਕੇ।

ਉਦੋਂ ਤੋਂ ਹੀ ਵਿਸ਼ੇਸ਼ ਜਾਂਚ ਟੀਮ ਨੇ ਕਾਲੇ ਧਨ ਅਤੇ ਅਣ-ਐਲਾਨੇ ਅਸਾਸਿਆਂ ਦਾ ਪਤਾ ਲਾਉਣ ਤੋਂ ਇਲਾਵਾ ਇਸ ਬਾਰੇ ਕਾਰਗਰ ਉਪਾਅ ਲਈ ਵੱਖ-ਵੱਖ ਸੁਝਾਅ/ਸਿਫਾਰਸ਼ਾਂ ਦਿੱਤੀਆਂ ਹਨ। ਸਰਕਾਰ ਵਲੋਂ ਨਗਦ ਲੈਣ-ਦੇਣ ਆਦਿ ਵਿੱਚ ਪੈਨ ਨੰਬਰ ਨੂੰ ਲਾਜ਼ਮੀ ਤੌਰ ਤੇ ਲਿਖਣ ਸਮੇਤ ਇਸ ਟੀਮ ਦੇ ਕਈ ਸੁਝਾਵਾਂ ਨੂੰ ਪਹਿਲਾਂ ਹੀ ਪ੍ਰਵਾਨ ਕਰ ਲਿਆ ਹੈ।

ਵਰਤਮਾਨ ਸਰਕਾਰ ਵਲੋਂ ਚੁੱਕਿਆ ਗਿਆ ਇਕ ਹੋਰ ਮਹੱਤਵਪੂਰਨ ਕਦਮ ਜਿਸ ਨੂੰ ਕਿ ਵੱਡੀ ਸਫਲਤਾ ਮਿਲੀ, ਆਮਦਨ ਐਲਾਨ ਸਕੀਮ (ਆਈ ਡੀ ਐੱਸ) 2016 ਸੀ ਜਿਸ ਦਾ ਉਦੇਸ਼ ਘਰੇਲੂ ਬਾਜ਼ਾਰ ਵਿੱਚ ਕਾਲੇ ਧਨ ਦਾ ਪਤਾ ਲਾਉਣਾ ਅਤੇ ਇਸ ਨੂੰ ਸਫੇਦ ਕਰਨਾ ਸੀ। ਇਸ ਸਕੀਮ ਨੂੰ ਕੇਂਦਰੀ ਵਿੱਤ ਮੰਤਰੀ ਸ਼੍ਰੀ ਅਰੁਣ ਜੇਟਲੀ ਵਲੋਂ 1016 ਦੇ ਆਪਣੇ ਬਜਟ ਭਾਸ਼ਣ ਵਿੱਚ ਐਲਾਨਿਆ ਗਿਆ। ਇਸੇ ਮੁਤਾਬਕ ਸਰਕਾਰ ਨੇ 1 ਜੂਨ 2016 ਤੋਂ 30 ਸਤੰਬਰ 2016 ਤੱਕ ਇਸ ਸਕੀਮ ਨੂੰ ਰਸਮੀ ਤੌਰ ਤੇ ਸਰਗਰਮ ਕੀਤਾ। ਇਸ ਦਾ ਮੰਤਵ ਪਿਛਲੇ ਸਮੇਂ ਦੌਰਾਨ ਅਣ-ਐਲਾਨੀ ਆਮਦਨ ਅਤੇ ਅਸਾਸਿਆਂ ਨੂੰ ਜ਼ਾਹਿਰ ਕਰਕੇ ਬਣਦਾ ਕਰ ਜਮ੍ਹਾਂ ਕਰਾ ਕੇ ਇਸ ਨੂੰ ਕਾਨੂੰਨਨ ਜਾਇਜ਼ ਬਣਾਉਣਾ ਸੀ। ਅਜਿਹਾ ਐਲਾਨ ਤੈਅਸ਼ੁਦਾ ਤਾਰੀਕ ਤੱਕ ਆਨ-ਲਾਈਨ ਜਾਂ ਨਿਰਧਾਰਤ ਫਾਰਮ ਉਪਰ ਕਰਨ ਦੀ ਹਦਾਇਤ ਸੀ।

ਆਈ ਡੀ ਐੱਸ 2016 ਤਹਿਤ 30 ਸਤੰਬਰ 2016 ਅੱਧੀ ਰਾਤ ਤੱਕ 64275 ਐਲਾਨਾਂ ਰਾਹੀਂ ਨਗਦ ਅਤੇ ਹੋਰ ਅਸਾਸਿਆਂ ਦੇ ਰੂਪ ਵਿੱਚ 65250 ਕਰੋੜ ਰੁਪਏ ਦੀ ਰਕਮ ਜ਼ਾਹਿਰ ਕੀਤੀ ਗਈ। ਪੂਰੇ ਦੇਸ਼ ਵਿੱਚ ਆਫ-ਲਾਈਨ ਨਿਰਧਾਰਤ ਫਾਰਮ ਉਪਰ ਕੀਤੇ ਗਏ ਐਲਾਨਨਾਮਿਆਂ ਦੀ ਲੇਖਾ ਜਾਂਚ ਅਜੇ ਜਾਰੀ ਹੈ ਅਤੇ ਇੰਝ ਇਸ ਰਕਮ ਦੇ ਅਜੇ ਹੋਰ ਵਧਣ ਦੀ ਆਸ ਹੈ।

**ਕਰ ਮਾਹਿਰਾਂ ਅਤੇ ਹੋਰਨਾਂ ਵਲੋਂ ਲਾਏ ਅਨੁਮਾਨਾਂ ਦੇ ਅਨੁਸਾਰ ਇਸ ਸਕੀਮ ਨੂੰ ਕਿਤੇ ਵੱਧ ਹੁੰਘਾਰਾ ਮਿਲਿਆ। ਆਈ ਡੀ ਐੱਸ 2016 ਤਹਿਤ ਐਲਾਨਕਰਤਾ ਨੂੰ ਐਲਾਨ ਕੀਤੀ ਆਮਦਨ ਦਾ 45 ਪ੍ਰਤਿਸ਼ਤ ਕਰ ਦੇ ਰੂਪ ਵਿੱਚ ਦੇਣਾ ਸੀ ਜਿਸ ਵਿੱਚ 15 ਪ੍ਰਤਿਸ਼ਤ ਜੁਰਮਾਨੇ ਦੀ ਰਕਮ ਸ਼ਾਮਲ ਹੈ।**

ਇਸ ਤੋਂ ਪਹਿਲਾਂ ਸਰਕਾਰ ਵਿਦੇਸ਼ਾਂ ਵਿੱਚ ਪਏ ਭਾਰਤ ਦੇ ਕਾਲੇ ਧਨ ਦਾ ਪਤਾ ਲਾਉਣ ਲਈ ਅਣ-ਐਲਾਨੀ ਵਿਦੇਸ਼ੀ ਆਮਦਨ, ਅਸਾਸੇ ਅਤੇ ਕਰ ਕਾਨੂੰਨ ਨੂੰ ਲਾਗੂ ਕਰਨ ਲਈ ਸਕੀਮ ਲੈ ਕੇ ਆਈ ਸੀ। ਕਾਨੂੰਨ ਤਹਿਤ ਅਸਾਸੇ ਐਲਾਨਣ ਲਈ ਮੌਕਾ ਦਿੱਤਾ ਗਿਆ ਅਤੇ ਇਸ ਵਿੱਚ ਐਲਾਨੇ ਅਸਾਸਿਆਂ ਉਪਰ ਬਣਦਾ ਕਰ ਅਤੇ ਜੁਰਮਾਨਾ ਭਰ ਕੇ ਸੁਰਖਰੂ ਹੋ ਜਾਣ ਦਾ ਪ੍ਰਬੰਧ ਸੀ। ਇਹ ਸਕੀਮ ਇਕ ਜੁਲਾਈ 2015 ਤੋਂ ਸਰਗਰਮ ਹੈ ਜਿਸ ਤਹਿਤ 644 ਐਲਾਨਾਂ ਰਾਹੀਂ 4,164 ਕਰੋੜ ਦੀ ਰਕਮ ਜ਼ਾਹਿਰ ਕੀਤੀ ਜਾ ਚੁੱਕੀ ਹੈ। ਸਕੀਮ ਤਹਿਤ 31 ਦਸੰਬਰ 2015 ਤੱਕ ਲੁਕੇ ਕਾਲੇ ਧਨ ਨੂੰ ਜ਼ਾਹਿਰ ਕਰਕੇ 30 ਪ੍ਰਤਿਸ਼ਤ ਕਰ ਅਤੇ ਇੰਨੀ ਰਕਮ ਜੁਰਮਾਨੇ ਦੇਣ ਦਾ ਪ੍ਰਬੰਧ ਸੀ।

ਸਰਕਾਰ ਵਲੋਂ ਕਾਲੇ ਧਨ ਨਾਲ ਨਜਿੱਠਣ ਲਈ ਕੀਤੀਆਂ ਮੁੱਖ ਸਰਗਰਮੀਆਂ ਵਿੱਚ ਕਰ ਜੁਰਮਾਂ ਨੂੰ ਪੀ ਐੱਮ ਐੱਲ ਏ ਹੇਠ ਲੈਣਾ, ਐੱਫ ਈ ਐੱਮ ਏ ਵਿੱਚ ਸੋਧ ਕਰਕੇ ਵਿਦੇਸ਼ੀ ਅਸਾਸਿਆਂ ਦੀ ਥਾਂ ਘਰੇਲੂ ਅਸਾਸਿਆਂ ਨੂੰ ਜ਼ਬਤ ਕਰਨਾ, ਅਤੇ ਕਾਲੇ ਧਨ ਬਾਰੇ ਕਾਨੂੰਨ ਅਤੇ ਬੇਨਾਮੀ ਕਾਨੂੰਨ ਵਿੱਚ ਸੋਧ ਵਰਗੀਆਂ ਸਰਗਰਮੀਆਂ ਸ਼ਾਮਲ ਹਨ।

ਇਸ ਤੋਂ ਇਲਾਵਾ ਕਰ ਚੋਰੀ ਅਤੇ ਗ਼ੈਰ-ਜ਼ਾਹਿਰ ਅਸਾਸਿਆਂ ਬਾਰੇ ਸੂਚਨਾ ਸਾਂਝੀ ਕਰਨ ਲਈ ਅਮਰੀਕਾ ਨਾਲ ਐੱਫ ਏ ਟੀ ਸੀ ਏ, ਮਾਰਿਸ਼ਸ ਸਮਝੌਤੇ ਦੀ ਸੋਧ ਅਤੇ ਸਵਿਟਜ਼ਰਲੈਂਡ ਸਮੇਤ ਮਹੱਤਵਪੂਰਨ ਦੇਸ਼ਾਂ ਨਾਲ ਸਵੈਚਾਲਿਤ ਰੂਪ ਵਿੱਚ ਸੂਚਨਾ ਤਬਾਦਲਾ ਆਦਿ ਸ਼ਾਮਲ ਹਨ। ਐੱਚ ਐੱਸ ਬੀ ਸੀ ਮਾਮਲਿਆਂ ਵਿੱਚ 8 ਹਜ਼ਾਰ ਕਰੋੜ ਰੁਪਏ ਦਾ ਜਾਇਜ਼ਾ ਅਤੇ 175 ਐੱਚ ਐੱਸ ਬੀ ਸੀ ਮਾਮਲਿਆਂ ਵਿੱਚ ਕਾਰਵਾਈ ਲਈ 164 ਸ਼ਿਕਾਇਤਾਂ ਦਰਜ ਕਰਨਾ, ਆਈ ਸੀ ਆਈ ਜੇ ਮਾਮਲਿਆਂ ਵਿੱਚ ਵਿਦੇਸ਼ੀ ਖਾਤਿਆਂ ਵਿੱਚ 5 ਹਜ਼ਾਰ ਕਰੋੜ ਰੁਪਏ ਦੀ ਅਣ-ਐਲਾਨੀ ਰਕਮ

ਦੀ ਸ਼ਨਾਖਤ ਅਤੇ 55 ਸ਼ਿਕਾਇਤਾਂ ਦਰਜ ਹੋਈਆਂ ਅਤੇ ਪਨਾਮਾ ਮਾਮਲਿਆਂ ਵਿੱਚ ਵੱਡੇ ਪੱਧਰ ਦੀ ਪੜਤਾਲ ਰਾਹੀਂ ਕਰ ਚੋਰੀ ਅਤੇ ਬੈਂਕ ਖਾਤਿਆਂ ਬਾਰੇ ਦੂਜੇ ਦੇਸ਼ਾਂ ਨੂੰ 250 ਹਵਾਲੇ ਦਿੱਤੇ ਗਏ ਹਨ। ਅਜਿਹੀਆਂ ਪੜਤਾਲਾਂ ਛਾਪਿਆਂ ਅਤੇ ਸਰਵੇਖਣਾਂ ਦੇ ਵਾਧੇ ਕਾਰਨ ਪਿਛਲੇ ਢਾਈ ਸਾਲਾਂ ਦੌਰਾਨ 56378 ਕਰੋੜ ਰੁਪਏ ਦੀ ਅਣ-ਐਲਾਨੀ ਰਕਮ ਦਾ ਪਤਾ ਲੱਗਾ ਅਤੇ 1986 ਕਰੋੜ ਰੁਪਏ ਦੀ ਰਕਮ ਜ਼ਬਤ ਕੀਤੀ ਗਈ। ਸੂਚਨਾ ਤਕਨਾਲੋਜੀ ਸਮਰਥਾਵਾਂ ਸਦਕਾ ਕਰ ਚੋਰੀ ਫੜਨ ਦੇ ਨਵੇਂ ਢੰਗ-ਤਰੀਕੇ ਲਾਗੂ ਕੀਤੇ ਗਏ ਹਨ। ਮਾਲੀ ਪ੍ਰਣਾਲੀ ਦੇ ਅਜਿਹੇ ਸਿਲਸਲਿਆਂ ਵਿਚੋਂ ਇਕ ਤਹਿਤ ਕਰ ਦੀ 16,000 ਕਰੋੜ ਰੁਪਏ ਦੀ ਰਕਮ ਦੀ ਵਸੂਲੀ ਕੀਤੀ ਗਈ। ਪਿਛਲੇ ਢਾਈ ਸਾਲਾਂ ਦੌਰਾਨ ਕੁੱਲ 3626 ਮਾਮਲੇ ਦਰਜ ਕੀਤੇ ਗਏ ਜੋ ਕਿ ਉਸ ਤੋਂ ਪਹਿਲਾਂ 2 ਸਾਲਾਂ ਦੇ ਸਮੇਂ ਦੌਰਾਨ ਦਰਜ ਕੀਤੇ ਮਾਮਲਿਆਂ ਤੋਂ ਦੁੱਗਣੇ ਹਨ।

ਇਸ ਤੋਂ ਇਲਾਵਾ ਸਰਕਾਰ ਵਲੋਂ ਕੀਤੀਆਂ ਕਰ ਸੁਧਾਰ ਪਹਿਲਕਦਮੀਆਂ ਵਿੱਚ ਪਿਛਲੇ ਪ੍ਰਭਾਵ ਨਾਲ ਲਾਗੂ ਹੋਣ ਵਾਲੇ ਕਾਨੂੰਨਾਂ ਨੂੰ ਵਾਪਸ ਲੈਣਾ, ਆਮਦਨ ਕਰ ਵਿਭਾਗ ਵਲੋਂ ਅਪੀਲ ਦਰਜ ਕਰਾਉਣ ਲਈ ਤੈਅਸ਼ੁਦਾ ਘੱਟੋ-ਘੱਟ ਰਕਮ ਦੀ ਸੀਮਾ ਵਿੱਚ ਵਾਧਾ ਅਤੇ ਆਮਦਨ ਕਰ ਕਾਨੂੰਨਾਂ ਨੂੰ ਲੋਕਾਂ ਲਈ ਸੁਖਾਲਾ ਅਤੇ ਪਾਰਦਰਸ਼ੀ ਬਣਾਉਣਾ ਸ਼ਾਮਲ ਹਨ। ਸਰਕਾਰ ਦੀ ਕੋਸ਼ਿਸ਼ ਕਰ ਸਮਰੱਥਾ ਵਾਲੇ ਵੱਧ ਤੋਂ ਵੱਧ ਲੋਕਾਂ ਨੂੰ ਕਰ ਦੇ ਘੇਰੇ ਵਿੱਚ ਲਿਆਉਣਾ ਅਤੇ ਉਨ੍ਹਾਂ ਵਲੋਂ ਸਮੇਂ ਸਿਰ ਕਰ ਦੇਣਾ ਯਕੀਨੀ ਬਣਾਉਣਾ ਹੈ। ਇਸ ਨਾਲ ਨਾ ਕੇਵਲ ਸਰਕਾਰ ਦੇ ਮਾਲੀਏ ਵਿੱਚ ਵਾਧਾ ਹੋਵੇਗਾ ਸਗੋਂ ਨਾਲ ਦੀ ਨਾਲ ਕਰ ਦਰਾਂ ਵੀ ਤਰਕਸੰਗਤ ਪੱਧਰ ਉਤੇ ਰਹਿਣਗੀਆਂ। ਇਸੇ ਲਈ ਬਿਨਾਂ ਕਾਰਨ ਦੇ ਪਰੇਸ਼ਾਨੀ ਦੂਰ ਕਰਨ ਲਈ ਆਮਦਨ ਕਰ ਵਿਭਾਗ ਵੱਡੇ ਪੱਧਰ ਉਤੇ ਕਰਦਾਤਾਵਾਂ ਨਾਲ ਇਲੈਕਟ੍ਰਾਨਿਕ ਪੱਧਰ ਉਤੇ ਸੰਚਾਰ ਉਪਰ ਧਿਆਨ ਕੇਂਦਰਿਤ ਕਰ ਰਿਹਾ ਹੈ। ਸਰਕਾਰ ਦਾ ਧਿਆਨ ਨਾ ਕੇਵਲ ਵੱਡੀਆਂ ਕੰਪਨੀਆਂ ਸਗੋਂ ਸਧਾਰਨ ਕਰਦਾਤਾਵਾਂ ਨੂੰ ਸੁਖਾਵਾਂ ਮਾਹੌਲ ਉਪਲਬਧ ਕਰਾਉਣ ਵਲ ਵੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੱਖ-ਵੱਖ ਪ੍ਰਗਤੀ 'ਬੈਠਕਾਂ' ਵਿੱਚ ਆਮਦਨ ਕਰ ਅਧਿਕਾਰੀਆਂ ਨੂੰ ਪਰੇਸ਼ਾਨ ਕਰਦਾਤਾਵਾਂ ਦੀਆਂ ਸ਼ਿਕਾਇਤਾਂ ਨੂੰ ਤੁਰੰਤ ਹੱਲ ਕਰਨ ਲਈ ਕਿਹਾ। ਇਸੇ ਤਰ੍ਹਾਂ ਕੰਪਨੀਆਂ ਨਾਲ ਹੱਲ ਹੋਣੋਂ ਰਹਿੰਦੇ ਕਰ ਸੰਬੰਧੀ ਝਗੜਿਆਂ ਨੂੰ ਹੱਲ ਕਰਨ ਲਈ ਕੇਂਦਰੀ ਬਜਟ 2016-17 ਵਿੱਚ ਇਕੋ ਵਾਰ ਵਿਵਾਦ ਖਾਤਮਾ ਸਕੀਮ ਦਿੱਤੀ ਗਈ ਤਾਂ ਕਿ ਕੰਪਨੀਆਂ ਨੂੰ ਅੱਗੋਂ ਕਰ ਅਦਾ ਕਰਨ ਲਈ ਸੁਖਾਵਾਂ ਮਾਹੌਲ ਮਿਲੇ। ਵਿੱਤ ਮੰਤਰੀ ਨੇ ਐਲਾਨ ਕੀਤਾ ਕਿ ਕੋਈ ਕਰਦਾਤਾ ਜਿਸ ਦੀ ਅਪੀਲ ਕਮਿਸ਼ਨਰ (ਅਪੀਲ) ਕੋਲ ਹੱਲ ਹੋਣ ਲਈ ਪਈ ਹੈ, ਜਾਇਜ਼ੇ ਦੀ ਤਾਰੀਕ ਤੱਕ ਵਿਵਾਦ ਵਾਲੀ ਕਰ ਰਕਮ ਅਤੇ ਵਿਆਜ ਦੇ ਕੇ ਆਪਣਾ ਮਾਮਲਾ ਹੱਲ ਕਰਵਾ ਸਕਦਾ ਹੈ। ਇਸ ਸਮੇਂ ਸਰਗਰਮ ਇਸ ਸਕੀਮ ਤਹਿਤ 10 ਲੱਖ ਤੱਕ ਦੀ ਰਕਮ ਦੀ ਵਿਵਾਦ ਵਾਲੀ ਕਰ ਰਕਮ ਉਪਰ ਕੋਈ ਜੁਰਮਾਨਾ ਨਹੀਂ ਲਾਇਆ ਜਾਵੇਗਾ। 10 ਲੱਖ ਤੋਂ ਉਪਰ ਦੀ ਕਰ ਦੀ ਅਦਾਇਗੀ ਵਾਲੇ ਮਾਮਲਿਆਂ ਵਿੱਚ ਸਿੱਧੇ ਅਤੇ ਅਸਿੱਧੇ ਦੋਹਾਂ ਤਰ੍ਹਾਂ ਦੀ ਕਰ ਅਦਾਇਗੀ ਉਪਰ ਘੱਟੋ-ਘੱਟ ਲਾਗੂ ਜੁਰਮਾਨੇ ਦਾ 15 ਪ੍ਰਤਿਸ਼ਤ ਹੀ ਲਿਆ ਜਾਵੇਗਾ। ਜੁਰਮਾਨੇ ਬਾਰੇ ਕਿਸੇ ਅਪੀਲ ਨੂੰ ਵੀ ਘੱਟੋ-ਘੱਟ ਅਦਾਇਗੀ ਯੋਗ ਜੁਰਮਾਨੇ ਦਾ 25 ਪ੍ਰਤਿਸ਼ਤ ਦੇ ਕੇ ਹੱਲ ਕੀਤਾ ਜਾ ਸਕਦਾ ਹੈ।

**ਸਰਕਾਰ ਵਲੋਂ ਪਾਰਦਰਸ਼ੀ ਕਰ ਨੀਤੀਆਂ ਅਤੇ ਨੀਤੀ ਬਦਲਾਅ ਬਾਰੇ ਸਾਰੇ ਮੁੱਦਿਆਂ ਉਪਰ ਲੋਕਾਂ ਤੱਕ ਪਹੁੰਚ ਅਤੇ ਵਿਚਾਰ ਵਟਾਂਦਰੇ ਕਾਰਨ ਘਰੇਲੂ ਅਤੇ ਵਿਦੇਸ਼ੀ ਦੋਵੇਂ ਨਿਵੇਸ਼ਕ ਰਾਹਤ ਮਹਿਸੂਸ ਕਰ ਰਹੇ ਹਨ।**

ਜਿਵੇਂ ਕਿ ਮਾਰਿਸ਼ਸ ਨਾਲ ਕਰ ਸੰਬੰਧੀ ਖਾਮੀਆਂ ਦੂਰ ਕਰਨ ਦਾ ਮਾਮਲਾ ਸੀ, ਭਾਰਤ ਅਤੇ ਮਾਰਿਸ਼ਸ ਨੇ ਇਸ ਸਾਲ ਮਈ ਵਿੱਚ ਦੋਹਰੇ ਕਰ ਦੀ ਸਮੱਸਿਆ ਦੂਰ ਕਰਨ ਬਾਰੇ ਸਮਝੌਤੇ ਵਿੱਚ ਸੋਧ ਕੀਤੀ ਸੀ। ਇਸ ਨਾਲ ਭਾਰਤ 1 ਅਪ੍ਰੈਲ 2007 ਤੋਂ ਕਿਸੇ ਭਾਰਤੀ ਕੰਪਨੀ ਦੇ ਸ਼ੇਅਰ ਵੇਚੇ ਜਾਣ ਉਤੇ ਪੂੰਜੀ ਲਾਭ ਕਰ ਲਾਗੂ ਕਰ ਸਕਦਾ ਸੀ। 1 ਅਪ੍ਰੈਲ ਦੇ ਤੁਰਤ ਬਾਅਦ ਹਰਕਤ ਵਿੱਚ ਆਉਂਦਿਆਂ ਵਿੱਤ ਮੰਤਰਾਲੇ ਨੇ ਵਿਦੇਸ਼ੀ ਸੰਸਥਾਗਤ ਅਤੇ ਘਰੇਲੂ ਨਿਵੇਸ਼ਕਾਂ ਦੇ ਸ਼ੱਕ ਦੂਰ ਕਰਨ ਲਈ ਉਸ ਨਾਲ ਮੁਲਾਕਾਤ ਕੀਤੀ। ਇਸ ਨੇ ਸਿੰਗਾਪੁਰ ਵਰਗੇ ਦੇਸ਼ਾਂ ਨਾਲ ਵੀ ਅਜਿਹੀਆਂ ਕਰ ਸੋਧਾਂ ਕਰਨ ਦੀ ਆਪਣੀ ਇੱਛਾ ਪ੍ਰਗਟਾਈ ਅਤੇ ਅਗਲੇ ਸਾਲ ਅਪ੍ਰੈਲ ਤੱਕ ਦਿੱਤੀ ਗਈ ਢਿੱਲ ਨਾਲ ਨਿਵੇਸ਼ਕਾਂ ਨੂੰ ਨਵੇਂ ਕਰ ਮਾਹੌਲ ਵਿੱਚ ਖੁਦ ਨੂੰ ਜਜ਼ਬ ਕਰਨ ਵਿੱਚ ਸਹਾਇਤਾ ਮਿਲੀ।

ਕਰ ਸੁਧਾਰਾਂ ਦੇ ਦੂਜੇ ਖੇਤਰ 'ਚ ਕਾਰਪੋਰੇਟ ਕਰ ਸੁਧਾਰ ਸ਼ਾਮਲ ਹਨ। ਭਾਰਤੀ ਕੰਪਨੀਆਂ 2017-18 ਦੇ ਬਜਟ ਦੇ ਐਲਾਨੇ ਜਾਣ ਦੀ ਵੀ ਬੇਸਬਰੀ ਨਾਲ ਉਡੀਕ ਕਰ ਰਹੀਆਂ ਹਨ ਜਦ ਵਿੱਤ ਮੰਤਰੀ ਵਲੋਂ ਕਾਰਪੋਰੇਟ ਕਰਾਂ ਨੂੰ ਘਟਾਏ ਜਾਣ ਬਾਰੇ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ। 2015-16 ਦੇ ਬਜਟ ਵਿੱਚ ਵਿੱਤ ਮੰਤਰੀ ਅਰੁਣ ਜੇਟਲੀ ਵਲੋਂ ਦੂਜੇ ਏਸ਼ੀਆਈ ਦੇਸ਼ਾਂ ਦੀ ਤਰਜ ਉਤੇ ਕਾਰਪੋਰੇਟ ਕਰ ਦਰਾਂ ਨੂੰ ਆਪਣੇ ਚਾਰ ਸਾਲਾਂ ਵਿੱਚ ਮੌਜੂਦਾ 30 ਪ੍ਰਤਿਸ਼ਤ ਤੋਂ ਘਟਾ ਕੇ 25 ਪ੍ਰਤਿਸ਼ਤ ਕਰਨ ਦੀ ਯੋਜਨਾ ਦਾ ਐਲਾਨ ਕੀਤਾ ਗਿਆ ਸੀ ਤਾਂ ਕਿ ਨਿਵੇਸ਼ ਕੇਂਦਰ ਵਲੋਂ ਅੰਤਰਰਾਸ਼ਟਰੀ ਪੱਧਰ ਉਤੇ ਭਾਰਤ ਦੀ ਸ਼ਾਖ ਵਧੇ ਅਜਿਹਾ ਕੰਪਨੀਆਂ ਨੂੰ ਦਿੱਤੇ ਜਾਣ ਵਾਲੇ ਫਾਇਦੇ ਖਤਮ ਕਰ ਕੇ ਕੀਤਾ ਜਾ ਸਕੇਗਾ।

ਜਿਥੋਂ ਤੱਕ ਅਸਿੱਧੇ ਕਰਾਂ ਦੇ ਖੇਤਰ ਦੀ ਗੱਲ ਹੈ, ਮੌਜੂਦਾ ਸਰਕਾਰ ਵਲੋਂ ਕਰ ਸੁਧਾਰਾਂ ਬਾਰੇ ਇਤਿਹਾਸਿਕ ਪਹਿਲਕਦਮੀਆਂ ਵਿਚੋਂ ਇਕ ਵਸਤਾਂ ਅਤੇ ਸੇਵਾਵਾਂ ਬਾਰੇ ਕਰ (ਜੀ ਐੱਸ ਟੀ) ਹੈ ਜੋ ਕਿ ਲਾਗੂ ਕੀਤੇ ਜਾਣ ਦੇ ਅਮਲ ਵਿੱਚ ਹੈ। ਸਰਕਾਰ ਨੇ ਇਕ ਅਪ੍ਰੈਲ 2017 ਤੋਂ ਕਰਾਂ ਸੰਬੰਧੀ ਇਸ ਕਾਨੂੰਨ ਨੂੰ ਲਾਗੂ ਕਰਨ ਦਾ ਫੈਸਲਾ ਲਿਆ ਹੈ। 2015-16 ਦੇ ਆਰਥਿਕ ਸਰਵੇਖਣ ਵਿੱਚ ਜੀ ਐੱਸ ਟੀ ਨੂੰ 'ਸ਼ਾਇਦ ਆਧੁਨਿਕ ਅੰਤਰਰਾਸ਼ਟਰੀ ਕਰ ਇਤਿਹਾਸ ਵਿੱਚ ਪਹਿਲਾ ਮਿਸਾਲੀ' ਉਪਾਅ ਦੱਸਿਆ ਗਿਆ ਹੈ। ਮੌਜੂਦਾ ਸਰਕਾਰ ਦੀ ਵੱਡੀ ਸਫਲਤਾ ਇਸ ਕਾਨੂੰਨ ਬਾਰੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਨਾਲ ਲੈਂਦਿਆਂ ਇਸ ਸਾਲ ਅਗਸਤ ਮਹੀਨੇ ਦੇ ਪਹਿਲੇ ਹਫਤੇ ਦੇ ਆਖਰੀ ਮਾਨਸੂਨ ਰੁੱਤ ਦੇ ਸਮਾਗਮ ਵਿੱਚ 122ਵੀਂ ਸੰਵਿਧਾਨਿਕ ਸੋਧ ਬਿਲ ਨੂੰ ਸੰਸਦ ਦੀਆਂ ਦੋਹਾਂ ਸਭਾਵਾਂ ਤੋਂ ਸਰਬ-ਸੰਮਤ ਰਾਇ ਨਾਲ ਪਾਸ ਕਰਾ ਲੈਣਾ ਹੈ। ਇਹ ਸੰਵਿਧਾਨਕ ਸੋਧ ਬਿਲ ਕਿਸੇ ਨਾ ਕਿਸੇ ਕਾਰਨ ਵਜੋਂ 2006 ਤੋਂ ਸੰਸਦ ਵਿੱਚ ਮੁਲਤਵੀ ਹੁੰਦਾ ਆਇਆ ਸੀ। ਅਸਿੱਧੇ ਕਰ ਕਾਨੂੰਨਾਂ ਦੇ ਇਤਿਹਾਸ ਵਿੱਚ ਸਭ ਤੋਂ ਵੱਧ

ਮਹੱਤਵਪੂਰਨ ਕਰ ਸੁਧਾਰ ਕਾਨੂੰਨ ਜੀ ਐੱਸ ਟੀ ਨਾ ਕੇਵਲ ਕੇਂਦਰੀ ਸੇਵਾ ਕਰ ਅਤੇ ਐਕਸਾਈਜ਼ ਡਿਊਟੀ ਆਦਿ ਸਗੋਂ ਰਾਜਾਂ ਵਲੋਂ ਲਾਏ ਜਾਂਦੇ ਵੈਟ, ਚੁੰਗੀ, ਦਾਖਲਾ ਕਰ, ਖਰੀਦ ਕਰ ਅਤੇ ਮਨੋਰੰਜਨ ਕਰ ਆਦਿ ਨੂੰ ਵੀ ਆਪਣੇ ਵਿੱਚ ਸਮੋਅ ਲਵੇਗਾ। ਇਸ ਪ੍ਰਾਪਤੀ ਉਤੇ ਪਹੁੰਚਣ ਵਿੱਚ ਪਿਛਲੀਆਂ ਕੇਂਦਰੀ ਅਤੇ ਰਾਜ ਸਰਕਾਰਾਂ ਪਿਛਲੇ 13 ਸਾਲਾਂ ਤੋਂ ਕੋਸ਼ਿਸ਼ਾਂ ਕਰ ਰਹੀਆਂ ਸਨ।

ਕੇਂਦਰੀ ਵਿੱਤ ਮੰਤਰੀ ਸ਼੍ਰੀ ਅਰੁਣ ਜੇਟਲੀ ਨੇ ਰਾਜ ਮੰਤਰੀਆਂ ਦੇ ਮੈਂਬਰਾਂ ਵਾਲੀ ਜੀ ਐੱਸ ਟੀ ਕੌਂਸਲ ਦੇ ਪ੍ਰਧਾਨ ਵਜੋਂ ਇਸ ਕਰ ਪ੍ਰਨਾਲੀ ਦੇ ਸਾਰੇ ਢੰਗ ਤਰੀਕਿਆਂ ਨੂੰ ਅੰਤਿਮ ਰੂਪ ਦੇਣ ਲਈ 22 ਨਵੰਬਰ 2016 ਦੀ ਤਾਰੀਕ ਤੈਅ ਕੀਤੀ ਹੈ ਜਿਸ ਵਿੱਚ ਨਮੂਨੇ ਦਾ ਕਾਨੂੰਨ ਅਤੇ ਲੋੜੀਂਦੀਆਂ ਕਰ-ਦਰਾਂ ਸ਼ਾਮਲ ਕੀਤੀਆਂ ਜਾਣਗੀਆਂ।

22, 23 ਅਤੇ 30 ਸਤੰਬਰ 2016 ਦੀਆਂ ਪਿਛਲੀਆਂ ਬੈਠਕਾਂ ਵਿੱਚ ਜੀ ਐੱਸ ਟੀ ਕੌਂਸਲ ਨੇ ਜੀ ਐੱਸ ਟੀ ਲਾਗੂ ਕਰਨ ਯੋਗ ਕਾਰੋਬਾਰ, ਕਾਰੋਬਾਰੀ ਨੇਮਾਂ ਸੰਬੰਧੀ ਖਰੜਾ, ਖੇਤਰ ਅਧਾਰਿਤ ਛੋਟਾਂ ਅਤੇ ਛੋਟੇ ਕਾਰੋਬਾਰਾਂ ਉਪਰ ਨਿਯੰਤ੍ਰਣ ਸਮੇਤ ਕਈ ਮੁੱਦਿਆਂ ਬਾਰੇ ਪਹਿਲਾਂ ਹੀ ਫੈਸਲਾ ਲੈ ਲਿਆ ਹੈ।

ਉੱਤਰ-ਪੂਰਬੀ ਰਾਜਾਂ ਵਿੱਚ 10 ਲੱਖ ਰੁਪਏ ਅਤੇ ਦੂਜੇ ਰਾਜਾਂ ਵਿੱਚ 20 ਲੱਖ ਰੁਪਏ ਸਾਲਾਨਾ ਉਤਪਾਦਨ ਵਾਲੇ ਕਾਰੋਬਾਰਾਂ ਉਪਰ ਜੀ ਐੱਸ ਟੀ ਨੂੰ ਲਾਗੂ ਨਹੀਂ ਕੀਤਾ ਜਾਵੇਗਾ। ਪ੍ਰਸ਼ਾਸਨਿਕ ਨਿਯੰਤ੍ਰਣ ਦੇ ਮੁੱਦੇ ਉਤੇ ਸਾਲਾਨਾ ਡੇਢ ਕਰੋੜ ਤੱਕ ਦੇ ਉਤਪਾਦਨ ਵਾਲੇ ਨਿਰਮਾਣ ਖੇਤਰ ਦੇ ਉਦਯੋਗਾਂ ਉਪਰ ਪੂਰੀ ਤਰ੍ਹਾਂ ਰਾਜਾਂ ਦਾ ਨਿਯੰਤ੍ਰਣ ਹੋਵੇਗਾ ਅਤੇ ਇਸ ਹੱਦ ਤੋਂ ਵੱਧ ਵਾਲੇ ਉਦਯੋਗਾਂ ਉਪਰ ਦੋਹਰਾ ਨਿਯੰਤ੍ਰਣ ਲਾਗੂ ਹੋਵੇਗਾ ਜਿਸ ਤਹਿਤ ਜੋਖਮ ਜਾਇਜ਼ੇ ਦੇ ਆਧਾਰ ਉਤੇ ਕਾਰੋਬਾਰਾਂ ਉਪਰ ਰਾਜਾਂ ਜਾਂ ਕੇਂਦਰ ਦਾ ਨਿਯੰਤ੍ਰਣ ਹੋਵੇਗਾ।

ਕੁੱਝ ਵਿਸ਼ਲੇਸ਼ਕਾਂ ਨੇ ਅਗਲੇ ਸਾਲ ਅਪ੍ਰੈਲ ਤੋਂ ਜੀ ਐੱਸ ਟੀ ਨੂੰ ਲਾਗੂ ਕੀਤੇ ਜਾਣ ਨੂੰ ਲੈ ਕੇ ਆਪਣੀਆਂ ਚਿੰਤਾਵਾਂ ਪ੍ਰਗਟਾਈਆਂ ਹਨ। ਜਿਵੇਂ ਕਿ ਪੈਟਰੋਲੀਅਮ ਅਤੇ ਪੈਟਰੋਲੀਅਮ ਉਤਪਾਦਾਂ ਅਤੇ ਬਿਜਲੀ ਵਰਗੀਆਂ ਕਈ ਵਸਤਾਂ ਨੂੰ ਇਸ ਕਰ ਤੋਂ ਛੋਟ ਦਿੱਤੀ ਗਈ ਹੈ। ਰਾਜ ਅਤੇ ਕੇਂਦਰ ਉਨ੍ਹਾਂ ਉਪਰ ਕਰ ਲਾਉਣਾ ਜਾਰੀ ਰੱਖਣਗੇ।

ਪਰ ਇਕ ਅਮਲੀ ਵਤੀਰਾ ਅਪਣਾਉਂਦਿਆਂ ਕੇਂਦਰ ਤੇ ਰਾਜ ਆਸਾਨੀ ਨਾਲ ਮੁੱਦਿਆਂ ਉਪਰ ਆਮ ਸਹਿਮਤੀ ਉਤੇ ਪਹੁੰਚਦਿਆਂ ਜੀ ਐੱਸ ਟੀ ਨੂੰ ਤੈਅਸ਼ੁਦਾ ਸਮੇਂ ਤੋਂ ਲਾਗੂ ਕੀਤੇ ਜਾਣਾ ਸੰਭਵ ਬਣਾਉਣਗੇ।

ਇਨ੍ਹਾਂ ਚਿੰਤਾਵਾਂ ਤੋਂ ਪਰਾਂ, ਕੇਂਦਰ ਆਸਵੰਦ ਹੈ ਕਿ ਕੇਂਦਰੀ ਜੀ ਐੱਸ ਟੀ, ਰਾਜ ਜੀ ਐੱਸ ਟੀ ਅਤੇ ਸੰਗਠਿਤ ਜੀ ਐੱਸ ਟੀ ਬਾਰੇ ਨਮੂਨਾ ਬਿਲਾਂ ਨੂੰ ਅਗਲੇ ਮਹੀਨੇ ਯਾਨਿ ਕਿ ਨਵੰਬਰ 2016 ਵਿੱਚ ਅੰਤਿਮ ਰੂਪ ਦੇ ਕੇ ਦਸੰਬਰ 2016 ਦੇ ਅੰਤ ਤੱਕ ਯਾਨਿ ਕਿ ਸੰਸਦ ਅਤੇ ਸੰਬੰਧਿਤ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਸਰਦ ਰੁੱਤ ਦੇ ਸਮਾਗਮ ਦੌਰਾਨ ਇਸ ਨੂੰ ਪਾਸ ਕਰਾ ਲਿਆ ਜਾਵੇਗਾ।

ਇਸ ਦੇ ਨਾਲ-ਨਾਲ ਜੀ ਐੱਸ ਟੀ ਲਈ ਸੂਚਨਾ ਤਕਨਾਲੋਜੀ ਬੁਨਿਆਦੀ ਢਾਂਚੇ ਯਾਨਿ ਕਿ ਜੀ ਐੱਸ ਟੀ ਐੱਨ ਉਪਰ ਕਾਰਜ ਲਗਭਗ ਪੂਰਾ ਹੋ ਚੁੱਕਾ ਹੈ। ਇਸ ਪ੍ਰਨਾਲੀ ਰਾਹੀਂ ਰਾਜਾਂ, ਕੇਂਦਰ ਅਤੇ ਕਰ ਅਦਾਕਰਤਾਵਾਂ ਨੂੰ ਇਕ ਸਾਂਝਾ ਮੰਚ ਉਪਲਬਧ ਕਰਾਇਆ ਜਾਵੇਗਾ। ਜੀ ਐੱਸ ਟੀ ਐੱਨ ਦੀ ਕਾਰਜ-ਪ੍ਰਨਾਲੀ ਦਾ ਅਗਲੇ ਸਾਲ ਜਨਵਰੀ ਅਤੇ ਫ਼ਰਵਰੀ ਵਿੱਚ ਪ੍ਰੀਖਣ ਕੀਤਾ ਜਾਵੇਗਾ।

ਜੀ ਐੱਸ ਟੀ ਕਾਨੂੰਨ ਦੀ ਘਰੇਲੂ ਅਤੇ ਵਿਦੇਸ਼ੀ ਨਿਵੇਸ਼ਕਾਂ ਅਤੇ ਅੰਤਰਰਾਸ਼ਟਰੀ ਦਰਜਾਬੰਦੀ ਏਜੰਸੀਆਂ ਵਲੋਂ ਉਡੀਕ ਕੀਤੀ ਜਾ ਰਹੀ ਹੈ ਕਿਉਂਕਿ ਇਸ ਨਾਲ ਕਾਰੋਬਾਰ ਕਰਨ ਵਿੱਚ ਆਸਾਨੀ ਹੋਵੇਗੀ ਅਤੇ ਰਾਜ ਸਰਕਾਰਾਂ ਵਲੋਂ ਲਾਈਆਂ ਜਾਂਦੀਆਂ ਅੰਦਰੂਨੀ ਮਹਿਸੂਲ ਪਾਬੰਦੀਆਂ ਵਿਚਲੀ ਕਟੌਤੀ ਹੋਵੇਗੀ। ਸਰਕਾਰ ਨੂੰ ਆਸ ਹੈ ਕਿ ਜੀ ਐੱਸ ਟੀ ਨਾਲ ਕਾਰੋਬਾਰ ਕਰਨ ਵਿੱਚ ਸੌਖ ਸੰਬੰਧੀ ਰਿਪੋਰਟ ਬਾਰੇ ਸੂਚੀ ਵਿੱਚ ਅੰਤਰਰਾਸ਼ਟਰੀ ਦਰਜਾਬੰਦੀ ਵਿੱਚ ਭਾਰਤ ਦਾ ਨਾਮ ਉਪਰ ਪਹੁੰਚ ਸਕੇਗਾ ਜੋ ਕਿ ਕੁੱਲ 189 ਦੇਸ਼ਾਂ ਵਿੱਚ ਇਸ ਸਮੇਂ 130ਵੇਂ ਸਥਾਨ ਉਤੇ ਹੈ। ਪ੍ਰਧਾਨ ਮੰਤਰੀ ਨੂੰ ਭਾਰਤ ਨੂੰ ਅੰਤਰਰਾਸ਼ਟਰੀ ਦਰਜਾਬੰਦੀ ਵਿੱਚ ਪਹਿਲੇ 50 ਦੇਸ਼ਾਂ ਵਿੱਚ ਲਿਆਉਣ ਦੀ ਆਸ ਹੈ।

ਅੰਤਰਰਾਸ਼ਟਰੀ ਮਾਲੀ ਫੰਡ (ਆਈ ਐੱਮ ਐੱਫ) ਨੇ ਆਪਣੇ ਹਾਲੀਆ ਅੰਤਰਰਾਸ਼ਟਰੀ ਆਰਥਿਕ ਦ੍ਰਿਸ਼ਟੀਕੋਣ ਵਿੱਚ ਕਿਹਾ ਹੈ ਕਿ ਜੀ ਐੱਸ ਟੀ ਆਉਣ ਨਾਲ ਭਾਰਤ ਦੀਆਂ ਦਰਮਿਆਨੀ ਮਿਆਦ ਦੀਆਂ ਵਿਕਾਸ ਦਰਾਂ ਵਿੱਚ ਵਾਧਾ ਹੋਵੇਗਾ। ਇਸ ਗੱਲ ਵੱਲ ਧਿਆਨ ਦਿੰਦਿਆਂ ਕਿ ਵਪਾਰ ਅਤੇ ਨਿਵੇਸ਼ ਲਈ ਇਹ ਇਕ ਉਸਾਰੂ ਕਦਮ ਹੈ, ਆਈ ਐੱਮ ਐੱਫ ਰਿਪੋਰਟ ਵਿੱਚ ਕਿਹਾ ਗਿਆ ਹੈ, "ਇਹ ਕਰ ਸੁਧਾਰ ਅਤੇ ਮਾੜੀ ਸ਼ਿਸਤ ਵਾਲੀਆਂ ਸਬਸਿਡੀਆਂ ਨੂੰ ਖਤਮ ਕਰਨ ਦੀ ਲੋੜ ਹੈ ਤਾਂ ਕਿ ਮਾਲੀਆ ਵਿਆਪਕ ਹੋ ਸਕੇ ਅਤੇ ਬੁਨਿਆਦੀ ਢਾਂਚਾ, ਸਿੱਖਿਆ ਅਤੇ ਸਿਹਤ-ਸੰਭਾਲ ਵਿੱਚ ਨਿਵੇਸ਼ ਨੂੰ ਹਮਾਇਤ ਲਈ ਮਾਲੀ ਨਿਜ਼ਾਮ ਦਾ ਵਿਸਥਾਰ ਹੋ ਸਕੇ।"

**ਕੇਂਦਰੀ ਵਿੱਤ ਮੰਤਰੀ ਸ਼੍ਰੀ ਅਰੁਣ ਜੇਟਲੀ ਨੇ ਅਕਤੂਬਰ 2016 ਦੇ ਵਾਸ਼ਿੰਗਟਨ ਦੇ ਆਪਣੇ ਹਾਲੀਆ ਦੌਰੇ ਵਿੱਚ ਕਿਹਾ ਕਿ ਜੀ ਐੱਸ ਟੀ ਜਿਹੇ ਢਾਂਚਾਗਤ ਸੁਧਾਰ ਹੀ ਭਾਰਤ ਦੀਆਂ ਵਿਕਾਸ ਸੰਭਾਵਨਾਵਾਂ ਵਧਾ ਸਕਦੇ ਹਨ। ਆਈ ਐੱਮ ਐੱਫ ਅਤੇ ਵਿਸ਼ਵ ਬੈਂਕ ਨੇ ਅਗਲੇ ਦੋ ਸਾਲਾਂ ਵਿੱਚ ਭਾਰਤ ਦੀ ਵਿਕਾਸ ਦਰ 7.6 ਪ੍ਰਤਿਸ਼ਤ ਹੋਣ ਦੀ ਪੇਸ਼ੀਨਗੋਈ ਕੀਤੀ ਹੈ। ਵੱਖ-ਵੱਖ ਅਨੁਮਾਨਾਂ ਅਨੁਸਾਰ ਜੀ ਐੱਸ ਟੀ ਰਾਹੀਂ ਕਰ ਚੋਰੀ ਅਤੇ ਚੋਰ-ਮੋਰੀਆਂ ਬੰਦ ਹੋਣ ਨਾਲ ਮਾਲੀਆ ਭੰਡਾਰ ਵਿੱਚ ਵਾਧਾ ਹੋਵੇਗਾ ਜਦ ਕਿ ਦੇਸ਼ ਦੇ ਕੁੱਲ ਘਰੇਲੂ ਉਤਪਾਦ ਦਰ ਵਿੱਚ 2 ਪ੍ਰਤਿਸ਼ਤ ਤੱਕ ਦਾ ਵਾਧਾ ਹੋਣ ਦੀ ਸੰਭਾਵਨਾ ਹੈ।**

ਇੰਝ ਸਿੱਧੇ ਅਤੇ ਅਸਿੱਧੇ ਕਰਾਂ ਸੰਬੰਧੀ ਵਿਆਪਕ ਆਧਾਰੀ ਕਰ ਸੁਧਾਰਾਂ ਦੇ ਸਮੁੱਚੇ ਤਾਣੇ-ਬਾਣੇ ਰਾਹੀਂ ਭਾਰਤ ਨੂੰ ਦੁਨੀਆਂ ਵਿੱਚ ਕਰ ਮਿੱਤਰ ਦੇਸ਼ ਬਣਨ ਅਤੇ ਸਭ ਤੋਂ ਵੱਧ ਤੇਜ਼ੀ ਨਾਲ ਵਿਗਸ ਰਹੀਆਂ ਆਰਥਿਕਤਾਵਾਂ ਵਜੋਂ ਉਭਰਨ ਵਿੱਚ ਵੱਡੀ ਮਦਦ ਮਿਲੇਗੀ।

*(ਲੇਖਕ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਦਫ਼ਤਰ ਪ੍ਰੈੱਸ ਸੂਚਨਾ ਬਿਓਰੋ ਵਿੱਚ ਵਧੀਕ ਡਾਇਰੈਕਟਰ ਜਨਰਲ (ਮੀਡੀਆ ਅਤੇ ਸੰਚਾਰ) ਹੈ)*

*e-mail :dprfinance@gmail.com*

# ਕਰ ਨਿਰਧਾਰਨ ਦਾ ਖਾਕਾ

ਟਿਮਸੀ ਜੈਪੁਰੀਆ

ਵਿਸ਼ਵ ਭਰ ਵਿੱਚ ਅਨਿਸ਼ਚਿਤ ਕਰ ਨੀਤੀਆਂ ਬਾਰੇ ਆਚੋਲਨਾ ਦਾ ਸਾਹਮਣਾ ਕਰਨ ਤੋਂ ਬਾਅਦ, ਭਾਰਤ ਪਿਛਲੇ 2 ਸਾਲਾਂ ਤੋਂ ਕਰ ਸੁਧਾਰਾਂ ਦੇ ਰਸਤੇ ਉਤੇ ਤੁਰਿਆ ਹੋਇਆ ਹੈ ਜਿਸ ਨੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਸੁਧਾਰਵਾਦੀ ਸਾਖ ਨੂੰ ਨਿਖਾਰਿਆ ਹੈ।

ਭਾਵੇਂ ਇਹ ਆਮਦਨ ਕਰ ਤਹਿਤ ਛੋਟਾਂ ਨੂੰ ਪੜਾਅਵਾਰ ਖਤਮ ਕਰਨ ਦੇ ਖਾਕੇ ਦਾ ਐਲਾਨ ਹੋਵੇ, ਜਿਸ ਤੋਂ ਸੰਕੇਤ ਮਿਲਦਾ ਹੈ ਕਿ ਕਾਰਪੋਰੇਟ ਕਰ ਦੀ ਦਰ ਅਗਲੇ 4 ਸਾਲਾਂ ਦੌਰਾਨ 30 ਪ੍ਰਤਿਸ਼ਤ ਤੋਂ ਘੱਟ ਕਰਕੇ 25 ਪ੍ਰਤਿਸ਼ਤ ਕਰ ਦਿੱਤੀ ਜਾਵੇਗੀ ਅਤੇ ਨਾਲ ਹੀ ਛੋਟਾਂ ਨੂੰ ਪੜਾਅਵਾਰ ਖਤਮ ਕਰਕੇ ਕਰ ਕਾਨੂੰਨਾਂ ਨੂੰ ਸਰਲ ਬਣਾ ਦਿੱਤਾ ਜਾਵੇਗਾ ਜਿਸ ਨਾਲ ਇਹ ਸਪੱਸ਼ਟ ਤੇ ਹੋਰ ਪਾਰਦਰਸ਼ੀ ਹੋ ਜਾਣਗੇ। ਜਾਂ ਫਿਰ ਉੱਦਮਤਾ ਨੂੰ ਸਟਾਰਟ-ਅੱਪ ਲਈ ਹੱਲਾਸ਼ੇਰੀ ਦੇਣ ਵਾਸਤੇ ਨੀਤੀਆਂ ਹੋਣ, ਭਾਰਤ ਵਿੱਚ ਸੁਧਾਰਾਂ ਦੀ ਇਕ ਲਹਿਰ ਚੱਲ ਰਹੀ ਹੈ ਜਿਸ ਦਾ ਇਸ ਨੂੰ ਸਿਹਰਾ ਮਿਲ ਰਿਹਾ ਹੈ।

ਘਰੇਲੂ ਕਾਲਾ ਧਨ ਬੇਨਕਾਬ ਕਰਨ ਲਈ ਹਾਲੀਆ ਆਮਦਨ ਐਲਾਨ ਸਕੀਮ ਦੀ ਸਫਲਤਾ ਨਾਲ, ਭਾਰਤ ਇਨ੍ਹਾਂ ਸੁਧਾਰਾਂ ਨਾਲ ਆਪਣਾ ਮਾਲੀਆ ਵੀ ਵਧਾ ਰਿਹਾ ਹੈ ਅਤੇ ਦੁਨੀਆਂ ਭਰ ਵਿੱਚ ਇਸ ਦੀ ਪ੍ਰਸ਼ੰਸਾ ਵੀ ਹੋ ਰਹੀ ਹੈ। ਵਿੱਤ ਮੰਤਰੀ ਨੇ ਆਪਣੇ ਬਜਟ ਭਾਸ਼ਨ ਵਿੱਚ ਘਰੇਲੂ ਕਰਦਾਤਿਆਂ ਲਈ ਆਪਣੀ ਅਣਦੱਸੀ ਆਮਦਨ ਦਾ ਖੁਲਾਸਾ ਕਰਨ ਅਤੇ ਪਿਛਲੀਆਂ ਕਰ ਉਲੰਘਣਾਵਾਂ ਦੀ, ਅਣਦੱਸੀ ਆਮਦਨ ਦਾ ਕੁੱਲ 45 ਪ੍ਰਤਿਸ਼ਤ ਅਦਾ ਕਰਕੇ ਛੁਟਕਾਰਾ ਪਾਉਣ ਲਈ ਸੀਮਤ ਤਾਲੀਮੀ ਸਮਾਂ ਨਿਰਧਾਰਤ ਕੀਤਾ ਸੀ। ਇਹ ਅਣਦੱਸੀ ਆਮਦਨ ਭਾਵੇਂ ਭਾਰਤ ਵਿੱਚ ਅਸਾਸਿਆਂ ਵਿੱਚ ਨਿਵੇਸ਼ ਦੇ ਰੂਪ ਵਿੱਚ ਹੋਵੇ ਜਾਂ ਕਿਸੇ ਹੋਰ ਰੂਪ ਵਿੱਚ।

ਇਹ ਸਕੀਮ 1 ਜੂਨ, 2016 ਤੋਂ 4 ਮਹੀਨਿਆਂ (ਮਤਲਬ 30 ਸਤੰਬਰ 2016) ਲਈ ਲਾਗੂ ਸੀ ਜਿਸ ਨੂੰ ਜ਼ਬਰਦਸਤ ਹੁੰਗਾਰਾ ਮਿਲਿਆ। ਇਸ ਤਹਿਤ ਭਾਰਤੀ ਨਾਗਰਿਕਾਂ ਵਲੋਂ 65000 ਕਰੋੜ ਦੀ ਬੇਹਿਸਾਬੀ ਆਮਦਨ ਦਾ ਖੁਲਾਸਾ ਕੀਤਾ ਗਿਆ। ਇਸ ਸਕੀਮ ਅਧੀਨ ਕੀਤਾ ਗਿਆ ਕੋਈ ਵੀ ਖੁਲਾਸਾ ਉੱਚ ਕਰਾਂ ਅਤੇ ਸਜ਼ਾ ਤੋਂ ਰਹਿਤ ਸੀ। ਅਜਿਹੇ ਖੁਲਾਸਿਆਂ ਦੀ ਕੋਈ ਪੜਤਾਲ ਜਾਂ ਪੁੱਛਗਿੱਛ ਨਹੀਂ ਕੀਤੀ ਜਾਵੇਗੀ।

ਸਟਾਰਟ-ਅੱਪ ਲਈ ਹੱਲਾਸ਼ੇਰੀ ਰਾਹੀਂ ਉੱਦਮਤਾ ਦੀ ਹੌਸਲਾ ਅਫਜ਼ਾਈ ਕਰਕੇ, ਸਰਕਾਰ ਨੇ ਐਲਾਨ ਕੀਤਾ ਹੈ ਕਿ ਕੁੱਝ ਦੱਸੀਆਂ ਗਈਆਂ ਸ਼ਰਤਾਂ ਤਹਿਤ ਅਜਿਹੇ ਸਟਾਰਟ-ਅੱਪ ਦੀ ਆਮਦਨ ਉਤੇ ਆਮਦਨ ਕਰ ਨਹੀਂ ਲਾਇਆ ਜਾਵੇਗਾ। ਉਹ ਅਜਿਹੇ ਮੁੱਲ ਤੇ ਪੂੰਜੀ ਹਾਸਲ ਕਰ ਸਕਣਗੇ ਜੋ ਬਾਜ਼ਾਰ ਮੁੱਲ ਦੇ ਬਰਾਬਰ ਲਈ ਹੋਵੇਗੀ। ਇਸ ਦੇ ਨਾਲ ਹੀ ਸਰਕਾਰ ਵਲੋਂ ਦੌਲਤ ਕਰ ਖਤਮ ਕਰਨ ਦਾ ਵੀ ਫੈਸਲਾ ਕੀਤਾ ਗਿਆ ਹੈ ਜਿਸ ਨੂੰ 1957 ਵਿੱਚ ਲਾਗੂ ਕੀਤਾ ਗਿਆ ਸੀ। ਇਹ ਕਰ 1 ਪ੍ਰਤਿਸ਼ਤ ਦੀ ਦਰ ਨਾਲ ਨਿੱਜੀ ਵਿਅਕਤੀਆਂ, ਅਣਵੰਡੇ ਹਿੰਦੂ ਪਰਿਵਾਰਾਂ (ਐੱਚ ਯੂ ਐੱਫ ਐੱਸ) ਅਤੇ ਕੰਪਨੀਆਂ ਤੇ ਲਾਇਆ ਜਾਂਦਾ ਸੀ, ਜੇ ਅਜਿਹੇ ਵਿਅਕਤੀ/ਇਕਾਈ ਦੀ ਸ਼ੁੱਧ ਆਮਦਨ 30 ਲੱਖ ਰੁਪਏ ਤੋਂ ਵੱਧ ਹੋਵੇ।

ਝਗੜਿਆਂ ਨੂੰ ਘੱਟ ਕਰਨ ਲਈ ਮੋਦੀ ਸਰਕਾਰ ਨੇ ਸਿੱਧੇ ਕਰ ਝਗੜਾ ਨਿਪਟਾਰਾ ਸਕੀਮ ਦੀ ਸ਼ੁਰੂਆਤ ਕੀਤੀ। ਇਸ ਨਾਲ ਕਰ ਦੇਣ ਵਾਲਿਆਂ ਨੂੰ ਆਪਣੇ ਮਾਮਲੇ ਮਿੱਥੀ ਦਰ ਨਾਲ ਕਰ, ਵਿਆਜ ਜਾਂ ਜੁਰਮਾਨਾ ਅਦਾ ਕਰਕੇ ਕਰਨ ਦਾ ਮੌਕਾ ਮਿਲਿਆ ਜੋ ਉਨ੍ਹਾਂ ਵਲੋਂ ਕਰ ਬਕਾਇਆ ਜਾਂ ਮਿੱਥੇ ਕਰ ਦੇ ਮਾਮਲੇ ਵਿੱਚ ਲੰਬਿਤ ਸਨ। ਇਸ ਸਕੀਮ ਦਾ ਮੁੱਖ ਉਦੇਸ਼ ਸਿੱਧੇ ਕਰਾਂ ਬਾਰੇ ਲੰਬਿਤ ਮੁਕੱਦਮੇਬਾਜ਼ੀ ਨੂੰ ਘੱਟ ਕਰਨਾ ਹੈ ਜਿਸ ਵਿੱਚ ਕਾਰਪੋਰੇਟ ਅਤੇ ਨਿੱਜੀ ਕਰ ਮਾਮਲੇ ਸ਼ਾਮਿਲ ਹਨ, ਜਿਨਾਂ ਨੂੰ ਇਕੋ ਝਟਕੇ ਵਿੱਚ ਨਿਪਟਾਇਆ ਜਾ ਸਕਦਾ ਹੈ।

ਇਸ ਦੇ ਨਾਲ ਹੀ, ਪੇਸ਼ਗੀ ਮੁੱਲ ਨਿਰਧਾਰਨ ਸਮਝੌਤਾ (ਏ ਪੀ ਏ) ਆਮਦਨ ਕਰ ਐਕਟ 2012 ਵਿੱਚ ਸ਼ੁਰੂ ਕੀਤਾ ਗਿਆ ਅਤੇ ਵਾਪਸ ਲੈਣ ਦੇ ਪ੍ਰਾਵਧਾਨ 2014 ਵਿੱਚ ਸ਼ੁਰੂ ਕੀਤੇ ਗਏ। ਇਹ ਸਕੀਮ ਜਿਸ ਨੂੰ ਵਿਆਪਕ ਸਕੀਮਾਂ ਵਿੱਚੋਂ ਇਕ ਮੰਨਿਆ ਜਾਂਦਾ ਹੈ, ਦੀ ਕੋਸ਼ਿਸ਼ ਕੀਮਤ ਨਿਰਧਾਰਨ ਤਬਦੀਲੀ ਦੇ ਖੇਤਰ ਵਿੱਚ ਕਰ ਦੇਣ ਵਾਲਿਆਂ ਨੂੰ ਵਿਸ਼ਵਾਸ ਦੁਆਉਣਾ ਹੈ ਜਿਸ ਲਈ ਕੀਮਤ ਨਿਰਧਾਰਨ ਦੇ ਤਰੀਕੇ ਨਿਰਧਾਰਤ ਕੀਤੇ ਜਾਣਗੇ ਅਤੇ ਵੱਧ ਤੋਂ ਵੱਧ ਪੰਜ ਸਾਲਾਂ ਦੇ ਸਮੇਂ ਲਈ ਅੰਤਰਰਾਸ਼ਟਰੀ ਲੈਣ ਦੇਣ ਦੀ ਕੀਮਤ ਅਗਾਊਂ ਨਿਰਧਾਰਤ ਕੀਤੀ ਜਾਵੇਗੀ। ਇਸ ਦੇ ਨਾਲ ਹੀ ਗਾਹਕ ਕੋਲ ਪਿਛਲੇ 4 ਸਾਲਾਂ ਲਈ ਏ ਪੀ ਏ ਵਾਪਸ ਲੈਣ ਦਾ ਬਦਲ ਵੀ ਮੌਜੂਦ ਹੈ। 4 ਸਾਲਾਂ ਵਿੱਚ 700 ਤੋਂ ਜ਼ਿਆਦਾ ਅਰਜ਼ੀਆਂ (ਇਕਤਰਫਾ ਅਤੇ ਦੁਵੱਲੀਆਂ) ਭਰੀਆਂ ਗਈਆਂ ਹਨ। ਨਾਰਥ ਬਲਾਕ, ਜਿਸ ਨੂੰ ਪਹਿਲਾਂ ਕਦੇ ਇੰਨੇ ਕ੍ਰਾਂਤੀਕਾਰੀ ਅੰਦਾਜ਼ ਵਿੱਚ ਨਹੀਂ ਸੀ ਵੇਖਿਆ ਗਿਆ, ਵਲੋਂ ਵਿਰਾਸਤ ਸੰਬੰਧੀ ਵੱਖ-ਵੱਖ ਮੁੱਦਿਆਂ ਉਤੇ ਕੰਮ ਕਰਨ ਅਤੇ ਨਜਿੱਠਣ ਦਾ ਫੈਸਲਾ ਲਿਆ ਗਿਆ।

ਕਰ ਪ੍ਰਬੰਧਨ ਸੁਧਾਰ ਕਮੇਟੀ (ਟੀ ਏ ਆਰ ਸੀ) ਦੀ ਪਹਿਲੀ ਰਿਪੋਰਟ ਵਿਚਲੀਆਂ ਝਗੜੇ ਦੇ ਪ੍ਰਬੰਧਨ ਨਾਲ ਸੰਬੰਧਿਤ ਸਿਫਾਰਸ਼ਾਂ ਦੀ ਲੜੀ ਨੂੰ ਵੀ ਵਿਚਾਰ ਲਈ ਅੱਗੇ ਤੋਰਿਆ ਗਿਆ।

ਸਿੱਧੇ ਕਰਾਂ ਬਾਰੇ ਕੇਂਦਰੀ ਬੋਰਡ (ਸੀ ਬੀ ਡੀ ਟੀ) ਵਲੋਂ ਕਰ ਪ੍ਰਾਵਧਾਨਾਂ ਦੀ ਵਿਆਖਿਆ

ਬਾਰੇ ਪਹੁੰਚ ਵਿੱਚ ਇਕਸਾਰਤਾ ਲਿਆਉਣ ਲਈ ਸਮੇਂ ਵਿਸ਼ੇਸ਼ ਮਾਰਗ ਦਰਸ਼ਕ ਨੋਟ, ਗਸ਼ਤੀ ਚਿੱਠੀਆਂ ਅਤੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਪ੍ਰਕਿਰਿਆ ਨੂੰ ਵਿੱਤ ਮੰਤਰੀ ਵਲੋਂ ਗਠਿਤ ਉੱਚ ਪੱਧਰੀ ਕਮੇਟੀ ਦੀਆਂ ਸਿਫਾਰਸ਼ਾਂ ਬਾਰੇ ਗਸ਼ਤੀ ਚਿੱਠੀਆਂ ਜਾਰੀ ਕਰਕੇ ਹੋਰ ਮਜਬੂਤ ਕੀਤਾ ਜਾ ਰਿਹਾ ਹੈ ਤਾਂ ਕਿ ਸਪੱਸ਼ਟਤਾ ਮੰਗਦੇ ਮੁੱਦਿਆਂ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ। ਸੀ ਬੀ ਡੀ ਟੀ ਵਲੋਂ ਆਮਦਨ ਕਰ ਐਕਟ ਦੇ ਵੱਖ-ਵੱਖ ਪ੍ਰਾਵਧਾਨਾਂ ਬਾਰੇ ਵੀ ਸਥਿਤੀ ਸਪੱਸ਼ਟ ਕੀਤੀ ਗਈ ਹੈ ਤਾਂ ਕਿ ਮੁਕਾਬਲੇਬਾਜ਼ੀ ਨੂੰ ਘੱਟ ਕੀਤਾ ਜਾ ਸਕੇ ਅਤੇ ਅਸਿੱਧੀਆਂ ਤਬਦੀਲੀਆਂ, ਵਿਦੇਸ਼ੀ ਕਰ ਕ੍ਰੈਡਿਟ ਨਿਯਮਾਂ ਦੇ ਮਾਮਲੇ ਵਿੱਚ ਜਾਰੀ ਸੋਧਾਂ ਸਪੱਸ਼ਟੀਕਰਨ ਦੀ ਤਾਮੀਲ ਹੋ ਸਕੇ। ਇਸ ਨਾਲ ਨਾ ਕੇਵਲ ਵਿਭਾਗ ਵਲੋਂ ਮੁਕੱਦਮੇਬਾਜ਼ੀ ਘੱਟ ਕਰ ਦਿੱਤੀ ਹੈ ਸਗੋਂ ਵਿਵਾਦਿਤ ਕਰ ਦੀਆਂ ਸੀਮਾਵਾਂ ਨੂੰ ਵੀ ਵਧਾ ਦਿੱਤਾ ਹੈ। ਇਸ ਨਾਲ ਬਹੁਤ ਜ਼ਿਆਦਾ ਲੋੜੀਂਦੀ ਸਪੱਸ਼ਟਤਾ ਆਈ ਹੈ।

ਬਹਿਰਹਾਲ, ਪਿਛਲੇ ਕੁੱਝ ਸਾਲਾਂ ਦੌਰਾਨ ਪ੍ਰਮੁੱਖ ਬਦਲਾਅ ਇਹ ਵੇਖਣ ਨੂੰ ਮਿਲਿਆ ਹੈ ਕਿ ਪ੍ਰਧਾਨ ਮੰਤਰੀ ਆਪ ਆਮਦਨ ਕਰ ਅਧਿਕਾਰੀਆਂ ਨੂੰ ਹਦਾਇਤਾਂ ਦੇ ਰਹੇ ਹਨ – ਇਕ ਅਜਿਹਾ ਯਤਨ ਜੋ ਗ਼ੈਰ-ਵਿਰੋਧਾਤਮਕ ਕਰ ਨਿਜ਼ਾਮ ਵੱਲ ਸੇਧਿਤ ਹੈ ਤਾਂ ਕਿ ਵਿਭਾਗ ਦੀ ਸਾਖ ਨੂੰ ਦਰੁਸਤ ਕੀਤਾ ਜਾ ਸਕੇ। ਸੀ ਬੀ ਡੀ ਟੀ ਵਲੋਂ 7 ਨਵੰਬਰ, 2014 ਨੂੰ ਆਪਣੇ ਅਧਿਕਾਰੀਆਂ ਨੂੰ ਇਕ ਸੰਗਠਿਤ ਹਦਾਇਤ ਜਾਰੀ ਕੀਤੀ ਗਈ ਤਾਂ ਕਿ ਗ਼ੈਰ-ਵਿਰੋਧਾਤਮਕ ਕਰ ਨਿਜ਼ਾਮ ਹਾਸਲ ਕੀਤਾ ਜਾ ਸਕੇ। ਸੀ ਬੀ ਡੀ ਟੀ ਵਲੋਂ ਆਮਦਨ ਕਰ ਵਿਭਾਗ ਦੇ ਅਧਿਕਾਰੀਆਂ ਨੂੰ ਸਮੇਂ-ਸਮੇਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ।

ਇਸ ਦੇ ਨਾਲ ਹੀ ਵੱਖ-ਵੱਖ ਪ੍ਰਕਿਰਿਆਤਮਕ ਸੁਧਾਰ ਵੀ ਅਮਲ ਵਿੱਚ ਲਿਆਂਦੇ ਗਏ ਤਾਂ ਜੋ ਵਪਾਰ ਕਰਨ ਵਿੱਚ ਜ਼ਿਆਦਾ ਸੌਖ ਹੋ ਸਕੇ।

ਵਿਭਾਗ ਵਲੋਂ ਇਸ ਲਈ 'ਸਰਵੋਤਮ' ਮੰਚ ਦੀ ਵਰਤੋਂ ਕੀਤੀ ਜਾ ਰਹੀ ਹੈ ਜੋ ਦੇਸ਼ ਦੇ ਸਾਰੇ ਆਮਦਨ ਕਰ ਦਫ਼ਤਰਾਂ ਨੂੰ ਸਵਾਲਾਂ ਤੇ ਸ਼ਿਕਾਇਤਾਂ ਦੇ ਨਿਪਟਾਰੇ ਲਈ ਆਪਸ ਵਿੱਚ ਜੋੜਨ ਦਾ ਕੰਮ ਕਰਦਾ ਹੈ। ਜਾਂ ਪੈਨ ਅਤੇ ਟੈਨ ਅਰਜ਼ੀ ਪ੍ਰਕਿਰਿਆ ਨੂੰ ਤੇਜ਼ ਅਤੇ ਕਾਗ਼ਜ਼ ਰਹਿਤ ਬਣਾਉਣ ਦਾ ਕੰਮ ਕਰਦਾ ਹੈ।

ਤੁਹਾਡੇ ਤੇ ਮੇਰੇ ਵਰਗੇ ਕਰਦਾਤਿਆਂ ਦਾ ਬੋਝ ਘੱਟ ਕਰਨ ਲਈ ਆਮਦਨ ਕਰ ਵਿਭਾਗ ਵਲੋਂ ਡਿਜੀਟਲ ਹਸਤਾਖਰ ਜਾਂ ਇਲੈਕਟ੍ਰਾਨਿਕ ਵੈਰੀਫਿਕੇਸ਼ਨ ਕੋਡ (ਈ ਵੀ ਸੀ) ਦੀ ਵਰਤੋਂ ਦੀ ਸ਼ੁਰੂਆਤ ਕੀਤੀ ਗਈ ਤਾਂ ਕਿ ਭਾਰਤ ਵਿੱਚ ਕਾਗ਼ਜ਼ ਰਹਿਤ ਆਮਦਨ ਕਰ ਰਿਟਰਨ ਭਰੀ ਜਾ ਸਕੇ। ਈ ਵੀ ਸੀ ਕਰ ਦਾਤੇ ਦਾ ਅਧਾਰ ਨੰਬਰ, ਨੈੱਟ-ਬੈਂਕਿੰਗ, ਏ ਟੀ ਐੱਮ ਜਾਂ ਪੰਜੀਕ੍ਰਿਤ ਈਮੇਲ ਜਾਂ ਮੋਬਾਈਲ ਨੰਬਰ ਦੀ ਵਰਤੋਂ ਕਰਕੇ ਉਪਜਾਇਆ ਜਾ ਸਕਦਾ ਹੈ। ਹੋਰ ਜ਼ਿਆਦਾ ਕਰਦਾਤਿਆਂ ਨੂੰ ਈ ਵੀ ਸੀ ਪ੍ਰਕਿਰਿਆ ਵਿੱਚ ਸ਼ਾਮਲ ਕਰਨ ਲਈ ਸੀ ਬੀ ਡੀ ਟੀ ਨੇ ਹਾਲ ਹੀ ਵਿੱਚ ਈ ਵੀ ਸੀ ਉਪਜਾਉਣ ਦੇ ਦੋ ਹੋਰ ਤਰੀਕੇ ਸ਼ਾਮਲ ਕਰਨ ਬਾਰੇ ਸੂਚਨਾ ਜਾਰੀ ਕੀਤੀ ਹੈ। ਹੁਣ ਕਰਦਾਤੇ ਇਲੈਕਟ੍ਰਾਨਿਕ ਵੈਰੀਫਿਕੇਸ਼ਨ ਕੋਡ ਉਪਜਾਉਣ ਅਤੇ ਕਾਗ਼ਜ਼ ਰਹਿਤ ਆਮਦਨ ਕਰ ਰਿਟਰਨ ਭਰਨ ਲਈ ਆਪਣੇ ਬੈਂਕ ਖਾਤੇ ਜਾਂ ਡੀਮੈਟ ਖਾਤੇ ਦੇ ਵੇਰਵਿਆਂ ਦੀ ਵਰਤੋਂ ਵੀ ਕਰ ਸਕਦੇ ਹਨ।

ਇਸ ਨੇ ਕਰ ਅਧਿਕਾਰੀਆਂ ਨਾਲ ਆਹਮੋ-ਸਾਹਮਣੇ ਬੈਠਕਾਂ ਵਿੱਚ ਵੀ ਕਮੀ ਕਰ ਦਿੱਤੀ ਹੈ ਤਾਂ ਕਿ ਪ੍ਰਤਾੜਿਤ ਕਰਨ ਦੀਆਂ ਸ਼ਿਕਾਇਤਾਂ ਵਿੱਚ ਕਮੀ ਕੀਤੀ ਜਾ ਸਕੇ ਅਤੇ ਕਾਗ਼ਜ਼ ਰਹਿਤ ਸਮੀਖਿਆ ਲਈ ਈ-ਸੁਣਵਾਈ ਦੀ ਵਰਤੋਂ ਕੀਤੀ ਜਾ ਸਕੇ। ਇਸ ਸੰਦਰਭ ਵਿੱਚ ਕਾਗ਼ਜ਼ ਰਹਿਤ ਜਾਂਚ ਕਾਰਵਾਈ ਲਈ ਈ-ਮੇਲ ਅਧਾਰਤ ਸੰਚਾਰ ਦੀ ਮੋਹਰੀ ਅਧਾਰ 'ਤੇ ਵਰਤੋਂ ਕੀਤੀ ਜਾ ਰਹੀ ਹੈ ਜਿਸ ਨੂੰ ਵੱਖ-ਵੱਖ ਖੰਡਾਂ ਵਿੱਚ ਵੀ ਲਾਗੂ ਕੀਤਾ ਜਾ ਰਿਹਾ ਹੈ। ਨਾਲ ਦੀ ਨਾਲ, ਸੀ ਬੀ ਡੀ ਟੀ ਵਲੋਂ ਹਾਲ ਹੀ ਵਿੱਚ ਪਾਲਣ ਕੀਤੇ ਜਾਣ ਵਾਲੀਆਂ ਪ੍ਰਕਿਰਿਆਵਾਂ ਅਤੇ ਮਿਆਰਾਂ ਬਾਰੇ ਸੂਚਨਾ ਜਾਰੀ ਕੀਤੀ ਗਈ ਹੈ ਤਾਂ ਕਿ ਇਲੈਕਟ੍ਰਾਨਿਕ ਸੰਚਾਰ ਦਾ ਸੁਰੱਖਿਅਤ ਪ੍ਰਸਾਰਣ ਯਕੀਨੀ ਬਣਾਇਆ ਜਾ ਸਕੇ। ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਵਲੋਂ 10 ਦਸੰਬਰ 2015 ਨੂੰ ਇਕ ਪ੍ਰੈੱਸ ਰਿਲੀਜ਼ ਰਾਹੀਂ ਟੀ ਡੀ ਐੱਸ ਦੇ ਅਗਾਊਂ ਦਾਖਲੇ ਲਈ ਨਵੀਂ ਸਹੂਲਤ ਦੀ ਸਮਾਂ ਸਾਰਣੀ ਬਾਰੇ ਐਲਾਨ ਕੀਤਾ ਗਿਆ ਜੋ ਆਮਦਨ ਕਰ ਵਿਭਾਗ ਦੇ ਈ-ਫਾਈਲਿੰਗ ਪੋਰਟਲ ਤੇ ਆਨਲਾਈਨ ਸੋਧ ਸੰਬੰਧੀ ਬੇਨਤੀ ਕਰਨ ਲਈ ਵਰਤੀ ਜਾ ਸਕਦੀ ਹੈ।

ਇਨ੍ਹਾਂ ਕਾਰਜਾਂ ਦੀ ਲੜੀ ਅਧੀਨ ਸਿੱਧੇ ਕਰਾਂ ਦੇ ਮਾਮਲੇ ਵਿੱਚ ਤਬਦੀਲੀ, ਬਦਲਾਅ ਅਤੇ ਤਰੱਕੀ ਦਾ ਕੰਮ ਹਾਲੇ ਵੀ ਜ਼ੋਰ-ਸ਼ੋਰ ਨਾਲ ਜਾਰੀ ਹੈ ਜਿਸ ਨਾਲ ਭਾਰਤ ਵਿਸ਼ਵ ਦੀਆਂ ਸਰਬੋਤਮ ਪ੍ਰਥਾਵਾਂ ਅਤੇ ਵੱਡੇ ਮੁਲਕਾਂ ਦੇ ਮੋਢੇ ਨਾਲ ਮੋਢਾ ਡਾਹ ਸਕੇਗਾ।

*(ਲੇਖਕ ਸੀ ਐੱਨ ਬੀ ਸੀ ਟੀ.ਵੀ. ਵਿੱਚ ਵਿਦੇਸ਼ੀ ਪੱਤਰਕਾਰ ਹੈ ਅਤੇ ਪਿਛਲੇ ਅੱਠ ਸਾਲਾਂ ਤੋਂ ਹਿੰਦੁਸਤਾਨ ਟਾਈਮਜ਼, ਫਾਇਨੈਂਸ਼ੀਅਲ ਐਕਸਪ੍ਰੈਸ ਅਤੇ ਪਾਇਨੀਰ ਅਖ਼ਬਾਰਾਂ ਵਿੱਚ ਬਿਜਨਸ ਪੱਤਰਕਾਰ ਦੇ ਤੌਰ ਤੇ ਕੰਮ ਕੀਤਾ ਹੈ।*

*e-mail :timsy.jaipuria@gmail.com*

**ਯੋਜਨਾ (ਪੰਜਾਬੀ)**

**ਦਾ**

**ਅਗਲਾ**

**ਅੰਕ**

- **ਦਸੰਬਰ 2016 – ਇਹ ਅੰਕ *ਵਿਕਾਸ ਲਈ ਵਿਗਿਆਨ* ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : ₹230, ਦੋ ਸਾਲ : ₹430, ਤਿੰਨ ਸਾਲ : ₹610***

***ਗੁਆਂਢੀ ਦੇਸ਼ਾਂ ਲਈ ਸਾਲਾਨਾ ₹530,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ₹730***

# ਕਾਲੇ ਧਨ ਦੇ ਖ਼ਤਰੇ : ਸਰਕਾਰ ਜੰਗੀ ਪੱਧਰ ਉੱਤੇ ਤਿਆਰ

ਦਿਲਸ਼ਾ ਸੇਠ

30 ਸਤੰਬਰ ਨੂੰ ਅੱਧੀ ਰਾਤ ਹੋਣ ਤੋਂ ਦੋ ਘੰਟੇ ਪਹਿਲਾਂ ਤੱਕ ਵੀ ਲੋਕ ਦੇਸ਼ ਭਰ ਦੇ ਕਰ ਦਫ਼ਤਰਾਂ ਵਿੱਚ ਵੱਡੀ ਗਿਣਤੀ ਵਿੱਚ ਪਹੁੰਚ ਰਹੇ ਸਨ ਜਦ ਕਿ ਹੋਰ ਬਹੁਤ ਸਾਰੇ ਆਪਣੇ ਕੰਪਿਊਟਰਾਂ ਨਾਲ ਚਿਪਕੇ ਬੈਠੇ ਸਨ ਤਾਂ ਕਿ ਉਹ ਸਮੇਂ ਸਿਰ ਆਪਣੀ ਗ਼ੈਰ ਹਿਸਾਬ-ਕਿਤਾਬ ਸ਼ੁਦਾ ਧਨ ਦੌਲਤ ਅਤੇ ਜਾਇਦਾਦ ਦਾ ਐਲਾਨ ਕਰ ਸਕਣ ਅਤੇ ਸਾਫ਼-ਸੁਥਰੇ ਹੋ ਜਾਣ। ਉਹ ਉਨ੍ਹਾਂ 64275 ਲੋਕਾਂ ਵਿਚੋਂ ਸਨ ਜਿਨ੍ਹਾਂ ਨੇ ਸਰਕਾਰ ਵਲੋਂ ਦਿੱਤੇ ਚਾਰ ਮਹੀਨੇ ਦੇ ਸਮੇਂ ਦਾ ਜੋ 1 ਜੂਨ ਤੋਂ ਸ਼ੁਰੂ ਹੋਇਆ ਸੀ, ਲਾਭ ਆਪਣੇ ਕਾਲੇ ਧਨ ਦੀ ਘੋਸ਼ਣਾ ਕਰਨ ਲਈ ਉਠਾਇਆ। ਅੱਧੀ ਰਾਤ ਦੀ ਹਲਚਲ ਨੇ, ਸਰਕਾਰ ਦੀ ਪੂਰੀ ਤਿਆਰੀ ਨਾਲ ਚਲਾਈ ਜਾ ਰਹੀ ਕਾਲੇਧਨ ਦੇ ਖਿਲਾਫ਼ ਮੁਹਿੰਮ ਅਧੀਨ ਐਲਾਨ ਕਰਨ ਵਾਲਿਆਂ ਨੇ ਭਵਿੱਖ ਵਿੱਚ ਚੈਨ ਨਾਲ ਸੌਣ ਦੀ ਜ਼ਾਮਨੀ ਦਿੱਤੀ। ਘੋਸ਼ਣਾ ਕਰਨ ਵਾਲੇ ਆਮਦਨ ਕਰ ਕਾਨੂੰਨ, ਸੰਪਤੀ ਕਰ ਕਾਨੂੰਨ ਅਤੇ ਬੇਨਾਮੀ ਕਾਨੂੰਨ ਅਧੀਨ ਕਿਸੇ ਕਿਸਮ ਦੀ ਕਾਰਵਾਈ ਤੋਂ ਬਚ ਜਾਣਗੇ। ਭਾਵੇਂ ਸਰਕਾਰ ਨੂੰ ਆਮਦਨ ਘੋਸ਼ਣਾ ਸਕੀਮ ਅਧੀਨ ਅਗਲੇ ਸਾਲ ਸਤੰਬਰ ਤੱਕ ਲਗਭਗ 30,000 ਕਰੋੜ ਰੁਪਏ ਮਿਲ ਜਾਣਗੇ, ਜੋ ਘੋਸ਼ਣਾ ਕੀਤੀ 65,250 ਕਰੋੜ ਰੁਪਏ ਦੀ ਸੰਪਤੀ ਦਾ ਲਗਭਗ 45 ਪ੍ਰਤਿਸ਼ਤ ਹੈ ਪਰ ਹੋ ਸਕਦਾ ਹੈ ਇਹ ਊਠ ਦੇ ਮੂੰਹ ਵਿੱਚ ਜ਼ੀਰੇ ਬਰਾਬਰ ਹੀ ਹੋਵੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਲੇ ਧਨ ਨੂੰ ਕੱਢਣ ਦੇ ਕਾਰਜ ਨੂੰ ਮਿਸ਼ਨ ਮੋਡ ਦੇ ਤੌਰ ਤੇ ਲਿਆ ਹੈ। ਇਹ ਉਨ੍ਹਾਂ ਦੇ ਪਿਛਲੇ ਮਹੀਨੇ ਦੇ ਬਿਆਨ ਤੋਂ ਸਪੱਸ਼ਟ ਹੋ ਜਾਂਦਾ ਹੈ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ '30 ਸਤੰਬਰ ਤੋਂ ਬਾਅਦ ਸਖਤ ਫੈਸਲੇ' ਕੀਤੇ ਜਾਣਗੇ।

ਦੇਸ਼ ਦੀ 120 ਕਰੋੜ ਆਬਾਦੀ ਵਿੱਚੋਂ, 5 ਪ੍ਰਤਿਸ਼ਤ ਜਾਂ 5.43 ਕਰੋੜ ਵਿਅਕਤੀਆਂ ਤੋਂ ਵੀ ਘੱਟ ਕਰ ਅਦਾ ਕਰਦੇ ਹਨ। ਇਮਾਨਦਾਰ ਕਰਦਾਤਾਵਾਂ ਨੂੰ, ਆਪਣੀ ਆਮਦਨ ਦੀ ਘੋਸ਼ਣਾ ਨਾ ਕਰਨ ਵਾਲਿਆਂ ਕਾਰਨ, ਜੋ ਕਾਫ਼ੀ ਵੱਡਾ ਹਿੱਸਾ ਹਨ, ਕਰਾਂ ਦਾ ਬਹੁਤ ਬੋਝ ਉਠਾਉਣਾ ਪੈਂਦਾ ਹੈ। ਭਾਵੇਂ ਅਰਥਤੰਤਰ ਵਿੱਚ ਕਾਲੇ ਧਨ ਦੀ ਮਿਕਦਾਰ ਦਾ ਅੰਦਾਜ਼ਾ ਲਗਾਉਣਾ ਬਹੁਤ ਮੁਸ਼ਕਿਲ ਹੈ ਪਰ ਕਈ ਅੰਦਾਜ਼ੇ ਅਤੇ ਰਿਪੋਰਟਾਂ ਇਸ ਨੂੰ 2 ਟਰਿਲੀਅਨ ਡਾਲਰ ਦੇ ਅਰਥਚਾਰੇ ਦਾ 20 ਪ੍ਰਤਿਸ਼ਤ ਤੋਂ 70 ਪ੍ਰਤਿਸ਼ਤ ਵਿਚਕਾਰ ਹਿੱਸਾ ਮੰਨਦੇ ਹਨ। ਸਵਿਟਜ਼ਰਲੈਂਡ ਦੀ ਸਰਕਾਰ ਅਨੁਸਾਰ, ਭਾਰਤੀ ਨਾਗਰਿਕਾਂ ਵਲੋਂ ਸਵਿਟਜ਼ਰਲੈਂਡ ਦੇ ਬੈਂਕ ਖ਼ਾਤਿਆਂ ਵਿੱਚ 2010 ਦੇ ਅੰਤ ਤੱਕ, 9,500 ਕਰੋੜ ਰੁਪਏ ਜਮ੍ਹਾਂ ਸਨ। ਸਿੱਧੇ ਕਰਾਂ ਤੋਂ ਲਗਭਗ 8 ਲੱਖ ਕਰੋੜ ਆਮਦਨ ਦਾ ਵੱਡਾ ਹਿੱਸਾ ਨਿਗਮੀ ਕਰਾਂ ਤੋਂ, ਲਗਭਗ 60 ਪ੍ਰਤਿਸ਼ਤ ਆਉਂਦਾ ਹੈ ਅਤੇ ਵਿਅਕਤੀਗਤ ਆਮਦਨ ਕਰ ਤੋਂ 40 ਪ੍ਰਤਿਸ਼ਤ, ਇਸ ਤੋਂ ਪਤਾ ਲਗਦਾ ਹੈ ਕਿ ਕਰ ਢਾਂਚੇ ਦੇ ਪਸਾਰ ਦੀ ਗੁੰਜਾਇਸ਼ ਹੈ। ਅਰਥਵਿਵਸਥਾ ਵਿੱਚ 25 ਕਰੋੜ ਪੈਨ ਕਾਰਡ ਧਾਰਕਾਂ ਵਿਚੋਂ 5.43 ਕਰੋੜ ਕਰ ਅਦਾ ਕਰਦੇ ਹਨ। ਆਪਣੇ ਚੋਣ ਵਾਅਦੇ ਅਨੁਸਾਰ, ਕਾਲੇ ਧਨ ਖਿਲਾਫ਼ ਸਰਕਾਰ ਦੇ ਸਖਤ ਰਵੱਈਏ ਨਾਲ ਦੇਸ਼ ਦੇ ਅਰਥਤੰਤਰ ਅੰਦਰ ਕਰ ਚੋਰੀ ਕਰਨ ਵਾਲਿਆਂ ਅਤੇ ਵਿਦੇਸ਼ਾਂ ਵਿੱਚ ਗ਼ੈਰ ਹਿਸਾਬ ਕਿਤਾਬ ਪੂੰਜੀ ਜਮ੍ਹਾਂ ਕਰਨ ਵਾਲਿਆਂ ਲਈ ਮੁਸ਼ਕਿਲਾਂ ਖੜ੍ਹੀਆਂ ਹੋ ਰਹੀਆਂ ਹਨ।

ਕਾਲੇ ਧਨ ਦੀ ਅਲਾਮਤ ਨਾਲ ਨਜਿੱਠਣ ਲਈ, ਸਰਕਾਰ ਕਈ ਉਪਰਾਲਿਆਂ ਉਪਰ ਕੰਮ ਕਰ ਰਹੀ ਹੈ। ਆਮਦਨ ਘੋਸ਼ਣਾ ਸਕੀਮ ਤੋਂ ਇਲਾਵਾ, ਹੋਰ ਤਰੀਕੇ ਜੋ ਅਪਣਾਏ ਜਾ ਰਹੇ ਹਨ, ਉਨ੍ਹਾਂ ਵਿੱਚ ਸ਼ਾਮਲ ਹੈ ਵਿਦੇਸ਼ੀ ਜਾਇਦਾਦ ਘੋਸ਼ਣਾ ਰਾਹ, ਕਾਲੇ ਧਨ ਲਈ ਵਿਸ਼ੇਸ਼ ਜਾਂਚ ਦਲ ਨਿਯੁਕਤ ਕਰਨਾ, ਦੁਵੱਲੇ ਕਰ ਸਮਝੌਤਿਆਂ ਉਪਰ ਮੁੜ ਤੋਂ ਨਜ਼ਰ, 2 ਲੱਖ ਤੋਂ ਵੱਧ ਦੇ ਲੈਣ ਦੇਣ ਲਈ ਪੈਨ ਕਾਰਡ ਲਾਜ਼ਮੀ ਕਰਨਾ, ਪ੍ਰਾਜੈਕਟਾਂ ਉਪਰ ਮੁੜ ਤੋਂ ਨਜ਼ਰਸਾਨੀ ਅਤੇ ਵੱਖ-ਵੱਖ ਦੇਸ਼ਾਂ ਨਾਲ ਸੂਚਨਾ ਅਦਲਾ-ਬਦਲੀ ਲਈ ਸਮਝੌਤੇ ਕਰਨਾ। ਸਭ ਤੋਂ ਵੱਡਾ ਕਰ ਸੁਧਾਰ ਵਸਤੂ ਅਤੇ ਸੇਵਾ ਕਰ (ਜੀ ਐੱਸ ਟੀ) ਨੂੰ ਅਗਲੇ ਮਾਲੀ ਸਾਲ ਤੋਂ ਲਾਗੂ ਕਰਨ ਨਾਲ ਵੀ ਅਸਿੱਧੇ ਕਰਾਂ ਦੀ ਚੋਰੀ ਕਰਨੀ ਔਖੀ ਹੋ ਜਾਵੇਗੀ, ਜਿਸ ਨਾਲ ਸਵੈ ਇੱਛਤ ਕਰ ਜਮ੍ਹਾਂ ਕਰਾਉਣ ਦੀ ਦਰ ਵਿੱਚ ਵਾਧਾ ਹੋਵੇਗਾ। ਜੀ ਐੱਸ ਟੀ ਕੇਂਦਰੀ ਅਤੇ ਰਾਜਾਂ ਦੇ ਕਈ ਕਰਾਂ, ਜਿਵੇਂ ਕਿ ਸੇਵਾ ਕਰ, ਉਤਪਾਦਨ ਕਰ, ਚੁੰਗੀ, ਕੀਮਤ ਵਰਧਕ ਕਰ ਆਦਿ ਨੂੰ ਆਪਣੇ ਵਿੱਚ ਸਮਾ ਲਵੇਗਾ ਅਤੇ ਵਾਪਸੀ ਲਈ ਇਕ ਇਨਪੁਟ ਕਰ ਜਮ੍ਹਾਂ ਲੜੀ ਹੋਂਦ ਵਿਚ ਲਿਆਵੇਗਾ।

## ਕਰ ਚੋਰੀ ਕਰਨ ਵਾਲਿਆਂ ਨੂੰ ਨਿਸ਼ਾਨਾ ਬਣਾਉਣ ਲਈ ਗ਼ੈਰ ਜਬਰੀ ਤਰੀਕੇ

ਵਿੱਤ ਮੰਤਰਾਲੇ ਅਨੁਸਾਰ, 16,000 ਕਰੋੜ ਰੁਪਏ, ਬਹੁ-ਭਾਂਤੀ ਸੂਚਨਾ ਅਤੇ ਸੋਧੇ ਹੋਏ ਸੂਚਨਾ ਤਕਨਾਲੋਜੀ ਅੰਕੜਾ ਅਧਾਰ ਕਾਰਨ ਪੈਨ ਕਾਰਡ ਨੰਬਰ ਦੇਣ ਨਾਲ ਗ਼ੈਰ ਜਬਰੀ ਤਰੀਕਿਆਂ ਰਾਹੀਂ ਇਕੱਠੇ ਕੀਤੇ ਜਾ ਚੁੱਕੇ ਹਨ। ਇਸ ਵੇਲੇ, ਕਰ ਵਿਭਾਗ ਦੀ ਲਗਭਗ 92 ਪ੍ਰਤਿਸ਼ਤ ਆਮਦਨ, ਸਰੋਤ ਉਪਰ ਕਰ ਕੱਟਣ ਤੋਂ (ਟੀ ਡੀ ਐੱਸ),

ਅਗਾਊਂ ਕਰ ਅਤੇ ਖੁਦ ਕਰ ਨਿਰਧਾਰਨ ਤੋਂ ਆਉਂਦੀ ਹੈ ਜਦ ਕਿ ਬਾਕੀ 8 ਪ੍ਰਤਿਸ਼ਤ ਜਾਂਚ ਤੋਂ ਬਾਅਦ ਲਗਦਾ ਹੈ ਇਸ ਵਿੱਚ ਬਦਲਾਉ ਆਉਣ ਵਾਲਾ ਹੈ।

ਐਲ ਐਂਡ ਟੀ ਇਨਫੋਟੈਕ ਦੀ ਮਦਦ ਨਾਲ ਚਲਾਏ ਜਾ ਰਹੇ ਵੱਡੇ 'ਪ੍ਰਜੈਕਟ ਅੰਦਰ ਦ੍ਰਿਸ਼ਟੀ' ਰਾਹੀਂ ਕਰ ਚੋਰਾਂ ਦੀ ਪਛਾਣ ਲਈ ਤਕਨੀਕੀ ਮਦਦ ਨਾਲ ਸਰਕਾਰ ਸਥਾਈ ਖਾਤਾ ਨੰਬਰ (ਪੈਨ) ਦੀ ਵਿਸਤ੍ਰਿਤ ਜਾਣਕਾਰੀ ਵਰਤੋਂਕਾਰਾਂ ਬਾਰੇ ਆਮਦਨ ਕਰ ਵਿਭਾਗ ਰਾਹੀਂ ਇਕੱਠੀ ਕੀਤੀ ਅਤੇ ਉਪਲਬਧ ਸਮੁੱਚੀ ਸੂਚਨਾ ਦੀ ਵਰਤੋਂ ਕਰ ਸਕੇਗੀ। ਕਿਸੇ ਵੀ ਵਿਅਕਤੀ ਵਲੋਂ ਜਾਇਦਾਦ, ਗਹਿਣੇ ਅਤੇ ਮੋਟਰ ਗੱਡੀ ਆਦਿ ਖਰੀਦਣ ਜਾਂ ਵੇਚਣ ਦੀ ਸੂਚਨਾ ਜੋ ਕਰ ਵਿਭਾਗ ਕੋਲ ਇਕ ਸਿਲਸਿਲੇਵਾਰ ਤਰੀਕੇ ਉਪਲਬਧ ਹੋਵੇਗੀ, ਰਾਹੀਂ ਕਰ ਚੋਰੀ ਕਰਨ ਵਾਲਿਆਂ ਦੀ ਪਛਾਣ ਕਰਨਾ ਸੌਖਾ ਹੋ ਜਾਵੇਗਾ। ਕਰ ਚੋਰੀ ਕਰਨ ਵਾਲਿਆਂ ਕੋਲੋਂ ਜੋ ਕਰ ਵਸੂਲਿਆ ਜਾ ਸਕਦਾ ਹੈ, ਉਸ ਅਨੁਸਾਰ ਸਰਕਾਰ ਉਨ੍ਹਾਂ ਨੂੰ ਦਰਜਾਬੱਧ ਕਰੇਗੀ ਤਾਂ ਕਿ ਅਧਿਕਾਰੀ ਸਭ ਤੋਂ ਵੱਧ ਕਰ ਚੋਰੀ ਕਰਨ ਵਾਲਿਆਂ ਨੂੰ ਆਪਣਾ ਪਹਿਲਾ ਨਿਸ਼ਾਨਾ ਬਣਾ ਸਕਣ। ਸਰਕਾਰ ਦੇ ਕਈ ਵਿਭਾਗ ਜਿਵੇਂ ਕਿ ਕੇਂਦਰੀ ਸਿੱਧੇ ਕਰ ਬੋਰਡ, ਇੰਟੈਲੀਜੈਂਸ ਬਿਊਰੋ ਅਤੇ ਹੋਰ ਵੀ ਕਈ, ਬਹੁਤ ਤਾਲਮੇਲ ਨਾਲ ਇਸ ਪ੍ਰਜੈਕਟ ਉਪਰ ਕੰਮ ਕਰ ਰਹੇ ਹਨ।

1 ਜਨਵਰੀ 2016 ਤੋਂ ਸਰਕਾਰ ਨੇ 2 ਲੱਖ ਤੋਂ ਵੱਧ ਦੀ ਹਰ ਅਦਾਇਗੀ ਲਈ ਪੈਨ ਨੰਬਰ ਮੁਹੱਈਆ ਕਰਨਾ ਲਾਜ਼ਮੀ ਕਰ ਦਿੱਤਾ ਹੈ। ਇਸ ਨੇ ਗਹਿਣੇ ਖਰੀਦਣ ਜਾਂ ਵੇਚਣ ਦੀ ਪਹਿਲਾਂ ਤੋਂ ਚਲੀ ਆ ਰਹੀ ਪੈਨ ਨੰਬਰ ਮੁਹੱਈਆ ਕਰਨ ਦੀ 5 ਲੱਖ ਦੀ ਬੰਦਿਸ਼ ਨੂੰ ਘਟਾ ਕੇ 2 ਲੱਖ ਕਰ ਦਿੱਤਾ ਹੈ। ਡਾਕਖ਼ਾਨਿਆਂ, ਸਹਿਕਾਰੀ ਬੈਂਕਾਂ, ਨਿਧੀ, ਗ਼ੈਰ ਬੈਂਕਿੰਗ ਵਿੱਤ ਕੰਪਨੀਆਂ ਦੇ ਮਿਆਦੀ ਜਮ੍ਹਾਂ ਖਾਤਿਆਂ ਲਈ ਵੀ ਪੈਨ ਨੰਬਰ ਦੀ ਲੋੜ ਹੋਵੇਗੀ।

ਅੱਜਕੱਲ੍ਹ 7 ਕਿਸਮ ਦੇ ਬਹੁ-ਰੰਗੀ ਸਰੋਤਾਂ ਨੂੰ ਆਪਣੇ ਲੈਣ ਦੇਣ ਨੂੰ ਲਾਜ਼ਮੀ ਰਿਪੋਰਟ ਕਰਨਾ ਪੈਂਦਾ ਹੈ ਅਤੇ ਸਾਲਾਨਾ ਸੂਚਨਾ ਰਿਟਰਨ ਦਾਖਲ ਕਰਨੀ ਪੈਂਦੀ ਹੈ। ਇਨ੍ਹਾਂ ਵਿੱਚ ਸ਼ਾਮਲ ਹਨ ਬੈਂਕ ਜੋ ਕਿਸੇ ਇਕ ਵਿਅਕਤੀ ਵਲੋਂ ਇਕ ਸਾਲ ਵਿੱਚ ਦਸ ਲੱਖ ਜਾਂ ਉਸ ਤੋਂ ਵੱਧ ਜਮ੍ਹਾਂ ਰਾਸ਼ੀ ਲੈਂਦੇ ਹਨ, ਬੈਂਕ ਅਤੇ ਕਰੈਡਿਟ ਕਾਰਡ ਜਾਰੀ ਕਰਨ ਵਾਲੀਆਂ ਕੰਪਨੀਆਂ ਜਿਥੇ ਇਕ ਸਾਲ ਵਿੱਚ 2 ਲੱਖ ਰੁਪਏ ਤੋਂ ਵੱਧ ਦੀ ਅਦਾਇਗੀ ਹੋ ਜਾਵੇ, ਮਿਊਚਲ ਫੰਡ ਜੋ ਕਿਸੇ ਇਕ ਵਿਅਕਤੀ ਕੋਲੋਂ ਯੂਨਿਟਾਂ ਦੀ ਵਿਕਰੀ ਲਈ 2 ਲੱਖ ਜਾਂ ਉਸ ਤੋਂ ਵੱਧ ਰੁਪਏ ਇਕੱਠੇ ਕਰਨ, ਕੰਪਨੀਆਂ ਜੋ ਸ਼ੇਅਰ ਵਿਕਵਾਲੀ ਤੋਂ 5 ਲੱਖ ਜਾਂ ਉਸ ਤੋਂ ਵੱਧ ਰੁਪਏ ਹਾਸਲ ਕਰਨ, ਬੌਂਡ ਡੀਬੈਂਚਰ ਅਤੇ 30 ਲੱਖ ਰੁਪਏ ਤੋਂ ਵੱਧ ਦੀ ਜਾਇਦਾਦ ਦੀ ਖਰੀਦ/ਫਰੋਖਤ ਕਰਨ ਵਾਲੇ ਰਜਿਸਟਰਾਰ/ਸਬ ਰਜਿਸਟਰਾਰ ਅਤੇ 5 ਲੱਖ ਰੁਪਏ ਤੋਂ ਵੱਧ ਦੇ ਬੌਂਡ ਜਾਰੀ ਕਰਨ ਲਈ ਭਾਰਤੀ ਰਿਜ਼ਰਵ ਬੈਂਕ।

## ਆਮਦਨ ਕਰ ਖੋਜ ਦਾ ਪਸਾਰ

ਪਿਛਲੇ ਢਾਈ ਸਾਲਾਂ ਵਿੱਚ ਛਾਪੇ ਮਾਰਨ ਅਤੇ ਸਰਵੇ ਕਰਨ ਵਿੱਚ ਤੇਜ਼ੀ ਆਉਣ ਨਾਲ 1986 ਕਰੋੜ ਰੁਪਏ ਦੇ ਜ਼ਾਬਤੇ ਹੋਏ ਹਨ ਅਤੇ 56,378 ਕਰੋੜ ਰੁਪਏ ਦੀ ਗ਼ੈਰ ਘੋਸ਼ਿਤ ਆਮਦਨ ਦਾ ਪਤਾ ਲੱਗਾ ਹੈ। ਆਮਦਨ ਕਰ ਵਿਭਾਗ ਵਲੋਂ ਬਹੁਤੇ ਜ਼ਾਬਤੇ ਮੈਡੀਕਲ ਅਤੇ ਸਿੱਖਿਆ ਦੇ ਖੇਤਰ ਵਿੱਚ ਹੋਏ ਹਨ।

**ਕੇਂਦਰ ਸਿੱਧੇ ਕਰ ਬੋਰਡ ਵਲੋਂ 7 ਲੱਖ ਵਿਅਕਤੀਆਂ ਨੂੰ ਬਹੁ-ਭਾਂਤੀ ਸੂਚਨਾ ਦੀ ਵਰਤੋਂ ਨਾਲ ਆਮਦਨ ਘੋਸ਼ਣਾ ਅਧੀਨ ਸਾਫ-ਸੁਥਰੇ ਹੋ ਜਾਣ ਲਈ ਪੱਤਰ ਜਾਰੀ ਕਰਨਾ ਵਿਭਾਗ ਦੀ ਸਫਲਤਾ ਨੂੰ ਦਰਸਾਉਂਦਾ ਹੈ। ਇਹ ਬਿਨਾਂ ਪੈਨ ਦੀ ਵਰਤੋਂ ਦੇ 90 ਲੱਖ ਲੈਣ ਦੇਣ ਬਾਰੇ ਸੂਚਨਾ ਉਪਰ ਅਧਾਰਤ ਸਨ। ਇਸ ਤੋਂ ਬੱਚਤ ਖਾਤਿਆਂ ਵਿੱਚ ਜਿਥੇ 10 ਲੱਖ ਰੁਪਏ ਤੋਂ ਵੱਧ ਜਮ੍ਹਾਂ ਪੂੰਜੀ ਦਾ ਪਤਾ ਲੱਗਾ ਹੈ, 30 ਲੱਖ ਰੁਪਏ ਜਾਂ ਉਸ ਤੋਂ ਵੱਧ ਦੀ ਅਚਲ ਜਾਇਦਾਦ ਦੀ ਖਰੀਦ ਫਰੋਖਤ, ਜਿਸ ਵਿੱਚੋਂ ਬਹੁਤਿਆਂ ਲਈ ਪੈਨ ਨੰਬਰ ਨਹੀਂ ਦਿੱਤਾ ਗਿਆ ਸੀ, ਦੀ ਜਾਂਚ ਕੀਤੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕੁੱਝ ਮਹੀਨੇ ਪਹਿਲਾਂ ਕਰ ਅਫ਼ਸਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਸੀ ਕਿ ਜੇਕਰ ਕੇਂਦਰੀ ਸਿੱਧੇ ਕਰ ਬੋਰਡ ਦੇ 42,000 ਕਰਮਚਾਰੀ ਸਿੱਧਾ ਕਰ ਇਕੱਠਾ ਕਰਨ ਵਿੱਚ ਲੱਗੇ ਹੋਏ ਹਨ ਤਾਂ ਟੈਕਸ ਨੈੱਟ ਦਾ ਹੋਰ ਪਸਾਰ ਹੋਣਾ ਚਾਹੀਦਾ ਹੈ।**

ਕੇਂਦਰੀ ਸਿੱਧੇ ਕਰ ਬੋਰਡ ਨੇ ਅਫ਼ਸਰਾਂ ਨੂੰ ਖਦਾਨਾਂ ਦੀ ਗਤੀਵਿਧੀ ਵਿੱਚ ਲਾਈਆਂ ਕੰਪਨੀਆਂ ਦੇ ਉਤਪਾਦਨ ਵੇਰਵੇ ਅਤੇ ਕਰ ਰਿਟਰਨਾਂ ਦੀ ਜਾਂਚ ਕਰਨ ਦੇ ਵੀ ਨਿਰਦੇਸ਼ ਦਿੱਤੇ ਹਨ ਅਤੇ ਜਿਥੇ ਕਿਤੇ ਕੋਈ ਵੀ ਅਸੰਗਤੀ ਪਾਈ ਜਾਵੇ ਤਾਂ ਤੁਰੰਤ ਕਾਰਵਾਈ ਕੀਤੀ ਜਾਵੇ।

ਅਸਿੱਧੇ ਕਰਾਂ ਦੀ ਸੂਰਤ ਵਿੱਚ, ਕਾਨੂੰਨ ਦੀ ਪਾਲਣਾ ਦੀ ਪਾਬੰਦੀ ਦੇ ਤਰੀਕਿਆਂ ਨਾਲ 50,000 ਕਰੋੜ ਰੁਪਏ ਦੀ ਅਸਿੱਧੇ ਕਰਾਂ ਦੀ ਚੋਰੀ ਅਤੇ 21,000 ਕਰੋੜ ਰੁਪਏ ਦੀ ਗ਼ੈਰ ਘੋਸ਼ਿਤ ਆਮਦਨ ਦਾ ਪਤਾ ਲੱਗਾ ਹੈ।

## ਨਗਦੀ ਲੈਣ ਦੇਣ ਉਪਰ ਬੰਦਿਸ਼ ਲਈ ਵਿਸ਼ੇਸ਼ ਜਾਂਚ ਦਲ

ਕਾਲੇ ਧਨ ਉਪਰ ਵਿਸ਼ੇਸ਼ ਜਾਂਚ ਦਲ ਜੋ 2014 ਵਿੱਚ ਸੁਪਰੀਮ ਕੋਰਟ ਦੇ ਸਾਬਕਾ ਜੱਜ ਐੱਮ ਬੀ ਸ਼ਾਹ ਦੀ ਪ੍ਰਧਾਨਗੀ ਹੇਠ 2014 ਵਿੱਚ ਨਿਯੁਕਤ ਕੀਤਾ ਗਿਆ ਸੀ, ਨੇ ਆਪਣੀ ਹਾਲ ਹੀ ਦੀ ਰਿਪੋਰਟ ਵਿੱਚ ਕਾਲੇ ਧਨ ਨੂੰ ਘੱਟ ਕਰਨ ਲਈ 3 ਲੱਖ ਜਾਂ ਉਸ ਤੋਂ ਵੱਧ 15 ਲੱਖ ਰੁਪਏ ਤੱਕ ਨਕਦੀ ਰਖਣ ਦੀ ਸਿਫ਼ਾਰਸ਼ ਕੀਤੀ ਹੈ। ਜੇਕਰ ਇਸ ਸਿਫਾਰਸ਼ ਨੂੰ, ਦੂਸਰੇ ਦੇਸ਼ਾਂ ਦੇ ਉਦਾਹਰਣ ਦੇਖ ਕੇ ਮੰਨ ਲਿਆ ਜਾਂਦਾ ਹੈ ਤਾਂ ਇਹ ਮਿੱਥੀ ਰਕਮ ਤੋਂ ਵੱਧ ਨਗਦੀ ਰੱਖਣ ਨੂੰ ਗ਼ੈਰ ਕਾਨੂੰਨੀ ਅਤੇ ਕਾਨੂੰਨ ਅਨੁਸਾਰ ਸਜ਼ਾ ਦੇਣ ਲਈ ਕਰਾਰ ਦਿੱਤਾ ਜਾ ਸਕਦਾ ਹੈ। ਇਹ ਮਹਿਸੂਸ ਕੀਤਾ ਗਿਆ ਕਿ ਨਗਦ ਲੈਣ ਦੇਣ ਉਪਰ ਪਾਬੰਦੀ ਤਦ ਹੀ ਕਾਮਯਾਬ ਹੋ ਸਕਦੀ ਹੈ ਜੇਕਰ ਨਗਦੀ ਰੱਖਣ ਦੀ ਸੀਮਾ ਮਿੱਥੀ ਜਾਵੇਗੀ। ਇਹ ਸਿਫਾਰਸ਼ ਵੀ ਕੀਤੀ ਗਈ ਕਿ ਜੇਕਰ ਉਦਯੋਗ ਦੇ ਕਿਸੇ ਵਿਅਕਤੀ ਨੂੰ ਵਧੇਰੇ ਨਗਦੀ ਰੱਖਣ ਦੀ ਲੋੜ ਹੋਵੇ ਤਾਂ ਉਹ ਖੇਤਰ ਦੇ ਆਮਦਨ ਕਰ ਕਮਿਸ਼ਨਰ ਕੋਲੋਂ ਇਜਾਜ਼ਤ ਲਵੇ।

ਵਿਸ਼ੇਸ਼ ਜਾਂਚ ਦਲ ਨੇ ਸਿਫਾਰਸ਼ ਕੀਤੀ ਹੈ ਕਿ ਅਜਿਹੇ ਲੈਣ ਦੇਣ ਨੂੰ ਗ਼ੈਰ-ਕਾਨੂੰਨੀ ਅਤੇ ਸਜ਼ਾ ਦੇਣ ਲਈ ਕਰਾਰ ਦੇਣ ਲਈ ਇਕ ਕਾਨੂੰਨ ਬਣਾਇਆ ਜਾਵੇ। ਇਹ ਵਿੱਤ ਮੰਤਰਾਲੇ ਦੇ ਵਿਚਾਰ ਅਧੀਨ ਹੈ। ਪੈਨਲ ਨੇ ਭਾਰਤੀ ਰਿਜ਼ਰਵ ਬੈਂਕ ਨੂੰ ਵੀ ਕਿਹਾ ਕਿ ਮਹਿਕਮਾ ਮਾਲ ਨਾਲ ਸਲਾਹ-ਮਸ਼ਵਰੇ ਨਾਲ ਇਕ ਅਜਿਹਾ ਤੰਤਰ ਵਿਕਸਤ ਕੀਤਾ ਜਾਵੇ ਜਿਸ ਰਾਹੀਂ ਨਿਰਯਾਤ-ਆਯਾਤ ਅਤੇ

ਵਿਦੇਸ਼ੀ ਮੁਦਰਾ ਦੇ ਲੈਣ ਦੇਣ ਬਾਰੇ ਜਾਣਕਾਰੀ ਜਾਂਚ ਏਜੰਸੀਆਂ ਨਾਲ ਸਾਂਝੀ ਕੀਤੀ ਜਾਵੇ ਤਾਂ ਕਿ ਦੇਸ਼ ਵਿਚੋਂ ਗ਼ੈਰ ਕਾਨੂੰਨੀ ਤਰੀਕੇ ਪੂੰਜੀ ਬਾਹਰ ਜਾਣ ਤੋਂ ਰੋਕੀ ਜਾ ਸਕੇ। ਇਸ ਨੇ ਜਾਂਚ ਪੜਤਾਲ ਲਈ ਅਜਿਹੀ ਮਸ਼ੀਨਰੀ ਸਥਾਪਤ ਕਰਨ ਲਈ ਵੀ ਕਿਹਾ ਹੈ ਜਿਸ ਨਾਲ ਭਾਰਤੀ ਰਿਜ਼ਰਵ ਬੈਂਕ ਦੀ ਅੰਕੜਾ ਅਧਾਰ ਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਸਰਕਾਰੀ ਏਜੰਸੀਆਂ ਜਿਵੇਂ ਕਿ ਮਾਲੀ ਇੰਟੈਲੀਜੈਂਸ ਵਿਭਾਗ (ਡੀ ਆਰ ਆਈ) ਤੇ ਐਨਫੋਰਸਮੈਂਟ ਡਾਇਰੈਕਟੋਰੇਟ ਨਾਲ ਸਾਂਝਾ ਕੀਤਾ ਜਾ ਸਕੇ। ਇਸ ਨੇ ਮਾਲੀ ਇੰਟੈਲੀਜੈਂਸ ਡਾਇਰੈਕਟੋਰੇਟ ਨੂੰ ਵੀ ਕਿਹਾ ਹੈ ਕਿ ਅਜਿਹੀਆਂ ਕੰਪਨੀਆਂ ਖਿਲਾਫ਼ ਕਾਰਵਾਈ ਕੀਤੀ ਜਾਵੇ ਜਿਨ੍ਹਾਂ ਨੇ ਨਿਰਯਾਤ ਦੀ ਕਮਾਈ ਭਾਰਤ ਵਿੱਚ ਲਿਆਂਦੇ ਬਿਨਾਂ ਕਰ ਵਾਪਸੀ ਲਈ ਹੈ। ਅਜਿਹੇ ਹਾਲਾਤ ਵਿੱਚ ਦੇਸ਼ ਨੂੰ ਦੋਹਰੀ ਮਾਰ ਝੱਲਣੀ ਪੈਂਦੀ ਹੈ – ਪਹਿਲਾ ਨਿਰਯਾਤ ਤੋਂ ਆਮਦਨ ਨੂੰ ਦੇਸ਼ ਵਿੱਚ ਨਾ ਲਿਆ ਕੇ ਦੂਸਰਾ ਕਰ ਵਾਪਸੀ ਦੀ ਗਲਤ ਵਸੂਲੀ।

## ਵਿਦੇਸ਼ਾਂ ਵਿੱਚ ਜਮ੍ਹਾਂ ਗ਼ੈਰ ਹਿਸਾਬ-ਕਿਤਾਬ ਪੂੰਜੀ

ਦੂਸਰੇ ਦੇਸ਼ਾਂ ਨਾਲ ਸੂਚਨਾ ਅਦਲਾ-ਬਦਲੀ ਸੰਧੀਆਂ ਕਰਨ ਨਾਲ ਵਿਦੇਸ਼ੀ ਖਾਤਿਆਂ ਵਿੱਚ ਕਾਲਾ ਧਨ ਜਮ੍ਹਾਂ ਕਰਨਾ ਹੋਰ ਵੀ ਚੁਨੌਤੀਪੂਰਨ ਹੋ ਜਾਵੇਗਾ ਭਾਰਤੀ-ਅਮਰੀਕੀ ਵਿਦੇਸ਼ੀ ਖਾਤਾ ਕਰ ਪਾਲਣਾ ਕਾਨੂੰਨ, ਜੋ ਪਿਛਲੇ ਸਾਲ ਹੋਂਦ ਵਿੱਚ ਆਇਆ, ਦਾ ਉਦੇਸ਼ ਵਿਦੇਸ਼ ਵਿੱਚ ਕਮਾਈ ਪੂੰਜੀ ਉਪਰ ਕਰ ਦੇਣਾ ਯਕੀਨੀ ਬਣਾਉਣਾ ਹੈ। ਭਾਰਤ ਨੂੰ ਇਸ ਕਾਨੂੰਨ ਅਧੀਨ, ਸੂਚਨਾ ਦੇ ਸਵੈ-ਚਾਲਤ ਲੈਣ ਦੇਣ ਤਰੀਕੇ, ਜਾਣਕਾਰੀ ਮਿਲਣੀ ਸ਼ੁਰੂ ਹੋ ਗਈ ਹੈ। ਸਰਕਾਰ ਨੂੰ ਦੂਸਰੇ ਦੇਸ਼ਾਂ ਤੋਂ ਸੂਚਨਾ ਦੇ ਸਵੈ-ਚਾਲਤ ਲੈਣ ਦੇਣ ਤਰੀਕੇ ਜਾਣਕਾਰੀ 2017 ਤੋਂ ਮਿਲਣੀ ਸ਼ੁਰੂ ਹੋ ਜਾਵੇਗੀ। ਭਾਵੇਂ ਇਸ ਅਧੀਨ ਲਾਗੂ ਹੋਣ ਦੇ ਸਮੇਂ ਤੋਂ ਜਾਣਕਾਰੀ ਮਿਲਣੀ ਸ਼ੁਰੂ ਹੋਵੇਗੀ ਪਰ ਇਸ ਨਾਲ ਕਰ ਵਿਭਾਗ ਨੂੰ ਅਜਿਹੀ ਕਿਸੇ ਵੀ ਹਸਤੀ ਬਾਰੇ ਪਿਛਲੇ ਲੈਣ ਦੇਣ ਦੇ ਆਡਿਟ ਤੋਂ ਵੀ ਪਤਾ ਲੱਗ ਜਾਵੇਗਾ।

ਸਰਕਾਰ ਨੇ ਕਾਲੇ ਧਨ ਦੇ 175 ਮਾਮਲਿਆਂ ਵਿੱਚੋਂ 164 ਵਿਰੁੱਧ ਮੁਕੱਦਮੇ ਦਰਜ ਕੀਤੇ ਹਨ ਜਿਨ੍ਹਾਂ ਨੇ ਐੱਚ ਐੱਸ ਬੀ ਸੀ ਬੈਂਕ ਖਾਤਿਆਂ ਵਿੱਚ ਵਿਦੇਸ਼ਾਂ ਵਿੱਚ 8,000 ਕਰੋੜ ਰੁਪਏ ਤੋਂ ਵੱਧ ਦੀ ਪੂੰਜੀ ਰੱਖੀ ਹੋਈ ਹੈ। ਖੋਜੀ ਪੱਤਰਕਾਰਾਂ ਦੇ ਅੰਤਰ ਰਾਸ਼ਟਰੀ ਕੰਨਸੋਰਟੀਆ (ਆਈ ਸੀ ਆਈ ਜੇ) ਦੀ ਖੋਜ ਦੇ ਅਧਾਰ ਉਤੇ ਸਰਕਾਰ ਨੂੰ 5,000 ਕਰੋੜ ਰੁਪਏ ਦੇ ਅਣ-ਐਲਾਨੇ ਵਿਦੇਸ਼ੀ ਖਾਤੇ ਮਿਲੇ ਹਨ ਅਤੇ 55 ਮੁਕੱਦਮੇ ਦਰਜ ਕੀਤੇ ਗਏ ਹਨ। ਇਸੇ ਤਰ੍ਹਾਂ, ਪਨਾਮਾ ਦਸਤਾਵੇਜ਼ਾਂ ਵਿੱਚ ਖੋਜ ਦੇ ਆਧਾਰ ਉਤੇ ਦੂਸਰੇ ਦੇਸ਼ਾਂ ਨੂੰ 250 ਮਾਮਲਿਆਂ ਵਿੱਚ ਜਾਣਕਾਰੀ ਲਈ ਲਿਖਿਆ ਗਿਆ ਹੈ ਜਿਨ੍ਹਾਂ ਵਿੱਚ ਕਰ ਚੋਰਾਂ, ਬੈਂਕ ਖਾਤਿਆਂ ਆਦਿ ਬਾਰੇ ਜਾਣਕਾਰੀ ਮੰਗੀ ਗਈ ਹੈ। ਸਰਕਾਰ ਨੂੰ 4147 ਕਰੋੜ ਰੁਪਏ ਦੀ ਘੋਸ਼ਣਾ ਪ੍ਰਾਪਤ ਹੋਈ ਹੈ ਅਤੇ 60 ਪ੍ਰਤਿਸ਼ਤ ਕਰ 2428 ਕਰੋੜ ਰੁਪਏ ਦੀ ਆਮਦਨ ਬਣਦਾ ਹੈ।

ਪਨਾਮਾ ਦਸਤਾਵੇਜ਼ਾਂ ਦੇ ਲੀਕ ਹੋਣ ਨਾਲ 11 ਮਿਲੀਅਨ ਦਸਤਾਵੇਜ਼ਾਂ ਦਾ ਪਤਾ ਲੱਗਾ ਜਿਨ੍ਹਾਂ ਵਿੱਚ ਅਮਿਤਾਭ ਬੱਚਨ, ਐਸ਼ਵਰਿਆ ਰਾਏ, ਨੀਮ ਰਾਡਿਆ ਸਮੇਤ ਘੱਟ ਤੋਂ ਘੱਟ 500 ਭਾਰਤੀਆਂ ਦੇ ਨਾਮ ਹਨ ਜਿਨ੍ਹਾਂ ਨੇ ਕਾਇਦੇ ਕਾਨੂੰਨਾਂ ਦਾ ਉਲੰਘਣ ਕੀਤਾ ਹੈ। ਇਹ ਦਸਤਾਵੇਜ਼ 2,14,000 ਸਮੁੰਦਰੀ ਤੱਟ ਤੋਂ ਪਾਰ ਦੀਆਂ ਹਸਤੀਆਂ ਨਾਲ ਜੁੜੇ ਹਨ ਤੇ ਲਗਭਗ 40 ਸਾਲਾਂ ਦਾ ਸਮਾਂ ਦਰਸਾਉਂਦੇ ਹਨ। ਇਹ ਦਸਤਾਵੇਜ਼, ਪਨਾਮਾ ਸਥਿਤ ਇਕ ਲਾਅ ਫਰਮ ਮਸਾਕ ਫੌਨਸੇਕਾ ਤੋਂ ਆਏ ਹਨ ਜਿਸ ਦੇ 35 ਤੋਂ ਵੱਧ ਦੇਸ਼ਾਂ ਵਿੱਚ ਦਫ਼ਤਰ ਹਨ।

ਪਨਾਮਾ ਲੀਕ ਦੀ ਰੋਸ਼ਨੀ ਵਿੱਚ, ਵਿਸ਼ੇਸ਼ ਜਾਂਚ ਦਲ ਨੇ ਕਾਲਾ ਧਨ (ਗ਼ੈਰ ਘੋਸ਼ਿਤ ਵਿਦੇਸ਼ੀ ਆਮਦਨ ਅਤੇ ਸੰਪਤੀ) ਵਿੱਚ ਸੁਧਾਰ ਅਤੇ 2015 ਦੇ ਕਰ ਕਾਨੂੰਨ ਨੂੰ ਲਾਗੂ ਕਰਨ ਦੀ ਸਿਫਾਰਸ਼ ਕੀਤੀ ਹੈ, ਜਿਸ ਰਾਹੀਂ ਨਿਰਧਾਰਨ ਕਰਤਾ ਨੂੰ ਹਰ ਹਾਲਤ ਸੰਬੰਧਿਤ ਆਮਦਨ ਕਰ ਵਿਭਾਗ ਦੇ ਕਮਿਸ਼ਨਰ ਜਿਸ ਅਧੀਨ ਉਹ ਰਾਜ ਵਿੱਚ ਆਉਂਦਾ ਹੋਵੇ, ਨੂੰ ਵਿਦੇਸ਼ ਵਿੱਚ ਕੋਈ ਵੀ ਸੰਪਤੀ ਖਰੀਦਣ ਤੋਂ ਪਹਿਲਾਂ ਸੂਚਨਾ ਦੇਣਾ ਜ਼ਰੂਰੀ ਹੋਵੇ ਭਾਵੇਂ ਭਾਰਤੀ ਰਿਜ਼ਰਵ ਬੈਂਕ ਦੀ ਮਨਜ਼ੂਰੀ ਦੀ ਲੋੜ ਹੋਵੇ ਜਾਂ ਨਾ।

## ਦੋਹਰੇ ਕਰ ਤੋਂ ਬਚਣ ਲਈ ਸੰਧੀਆਂ ਨੂੰ ਸੋਧਣਾ

ਕਰ ਚੋਰੀ ਕਰਨ ਵਾਲੇ ਅਕਸਰ ਮੋਰੀਸ਼ਸ਼, ਸਿੰਗਾਪੁਰ ਅਤੇ ਸਾਈਪਰਸ ਜਿਹੇ ਦੇਸ਼ਾਂ, ਜਿਥੇ ਘੱਟ ਜਾਂ ਜ਼ੀਰੋ ਕਰ ਨਿਆਂ ਪ੍ਰਬੰਧ ਹੈ, ਨਾਲ ਕਰ ਸੰਧੀਆਂ ਵਿੱਚ ਕਮੀਆਂ ਤੋਂ ਲਾਭ ਉਠਾਉਂਦੇ ਹਨ ਅਤੇ ਕਰ ਦੀ ਪੂਰੀ ਤਰ੍ਹਾਂ ਚੋਰੀ ਨਿਸ਼ਚਿਤ ਕਰ ਲੈਂਦੇ ਹਨ। ਇਸ ਤਰ੍ਹਾਂ ਇਹ ਯਕੀਨੀ ਹੋ ਜਾਂਦਾ ਹੈ ਕਿ ਬਾਹਰ ਰੱਖੀ ਬਿਨਾਂ ਹਿਸਾਬ ਕਿਤਾਬ ਪੂੰਜੀ ਦੇਸ਼ ਵਿੱਚ ਵਾਪਸ ਵਿਦੇਸ਼ੀ ਨਿਵੇਸ਼ ਦੇ ਤੌਰ ਤੇ ਆ ਜਾਂਦੀ ਹੈ। ਦੋਹਰੇ ਕਰ ਤੋਂ ਬਚਣ ਲਈ ਸਮਝੌਤਿਆਂ ਦਾ ਉਦੇਸ਼ ਕਰਦਾਤਾਵਾਂ ਨੂੰ ਦੋਹਾਂ ਦੇਸ਼ਾਂ ਵਿੱਚ ਕਰ ਦੇ ਭਾਰ ਤੋਂ ਬਚਾਉਣਾ ਹੁੰਦਾ ਹੈ ਪਰ ਕਰ ਚੋਰ ਦੋਹਾਂ ਦੇਸ਼ਾਂ ਵਿੱਚ ਕਰ ਅਦਾ ਕਰਨ ਤੋਂ ਬਚ ਜਾਂਦੇ ਹਨ। ਸਰਕਾਰ ਇਨ੍ਹਾਂ ਦੇਸ਼ਾਂ ਨਾਲ ਦੋਹਰੇ ਕਰ ਤੋਂ ਬਚਣ ਦੇ ਨਿਆਂ ਪ੍ਰਬੰਧ ਸੋਧਣ ਦੀ ਪ੍ਰਕਿਰਿਆ ਵਿੱਚ ਤੇਜ਼ੀ ਨਾਲ ਲੱਗੀ ਹੋਈ ਹੈ ਅਤੇ ਪੂੰਜੀਗਤ ਲਾਭ ਉਪ ਕਰ ਲਗਾਉਣ ਦਾ ਅਧਿਕਾਰ ਪ੍ਰਾਪਤ ਕਰਨ ਵਿੱਚ ਲੱਗੀ ਹੈ ਜੋ ਇਸ ਵੇਲੇ ਇਨ੍ਹਾਂ ਘੱਟ ਜਾਂ ਜ਼ੀਰੋ ਕਰ ਪ੍ਰਬੰਧ ਦੇਸ਼ਾਂ ਕੋਲ ਹੈ। ਭਾਰਤ ਨੇ ਮੋਰੀਸ਼ਸ਼ ਅਤੇ ਸਾਈਪਰਸ ਨਾਲ ਦੋਹਰੇ ਕਰ ਸਮਝੌਤੇ ਨੂੰ ਸੋਧ ਲਿਆ ਹੈ ਅਤੇ ਇਸ ਤਰ੍ਹਾਂ ਦਾ ਸਮਝੌਤਾ ਸਿੰਗਾਪੁਰ ਨਾਲ ਵੀ ਸੋਧਣ ਦੇ ਨੇੜੇ ਹੈ।

ਮੋਰੀਸ਼ਸ ਅਤੇ ਸਿੰਗਾਪੁਰ ਭਾਰਤ ਦੇ ਸਭ ਤੋਂ ਵੱਡੇ ਵਿਦੇਸ਼ੀ ਪੂੰਜੀ ਨਿਵੇਸ਼ ਦੇ ਸਰੋਤ ਹਨ ਜੋ ਦੇਸ਼ ਵਿੱਚ ਕੁੱਲ ਸਿੱਧੀ ਵਿਦੇਸ਼ੀ ਪੂੰਜੀ ਦਾ ਲਗਭਗ ਅੱਧਾ ਹਿੱਸਾ ਹੈ। ਮੋਰੀਸ਼ਸ ਤੋਂ ਪਿਛਲੇ 15 ਸਾਲਾਂ ਵਿੱਚ ਕੁੱਲ ਸਿੱਧਾ ਵਿਦੇਸ਼ੀ ਪੂੰਜੀ ਨਿਵੇਸ਼ 95.9 ਬਿਲੀਅਨ ਅਮਰੀਕੀ ਡਾਲਰ ਦਾ ਸੀ ਅਤੇ ਸਿੰਗਾਪੁਰ ਤੋਂ ਇਹ ਲਗਭਗ 45.8 ਬਿਲੀਅਨ ਡਾਲਰ ਸੀ। ਸਾਈਪਰਸ ਇਸ ਸੂਚੀ ਵਿੱਚ 8.5 ਬਿਲੀਅਨ ਅਮਰੀਕੀ ਡਾਲਰ ਦੇ ਨਿਵੇਸ਼ ਨਾਲ ਅੱਠਵੇਂ ਸਥਾਨ 'ਤੇ ਸੀ। ਕਰ ਤੋਂ ਬਚਣ ਦੇ ਖਿਲਾਫ ਆਮ ਨਿਯਮਾਂ (ਗਾਰ) ਤੋਂ ਪਹਿਲਾਂ ਜੋ 1 ਅਪ੍ਰੈਲ 2017 ਤੋਂ ਲਾਗੂ ਕੀਤਾ ਜਾ ਰਿਹਾ ਹੈ, ਇਨ੍ਹਾਂ ਘੱਟ ਕਰ ਪ੍ਰਬੰਧ ਅਰਥਤੰਤਰਾਂ ਨੇ ਸਵੈ-ਇੱਛਤ ਤਰੀਕੇ ਇਨ੍ਹਾਂ ਕਮੀਆਂ ਨੂੰ ਦੂਰ ਕਰਨ ਲਈ ਆਪਣੇ ਆਪ ਨੂੰ ਪੇਸ਼ ਕੀਤਾ ਹੈ। 'ਗਾਰ' ਇਕ ਅਜਿਹੇ ਨਿਯਮਾਂ ਦਾ ਪੁਲੰਦਾ ਹੈ ਜੋ ਭਾਰਤੀ ਅਧਿਕਾਰੀਆਂ ਨੂੰ ਅਜਿਹੇ ਕਰ ਢਾਂਚਿਆਂ ਦੀ ਪੜਚੋਲ ਕਰਨ ਦਾ ਅਧਿਕਾਰ ਦਿੰਦਾ ਹੈ ਜਿਨ੍ਹਾਂ ਵਿੱਚ ਉਹ ਦੇਖਦੇ ਹਨ ਕਿ ਸਿਰਫ ਕਰਾਂ ਤੋਂ ਬਚਣ ਲਈ ਹੀ ਤਿਆਰ ਕੀਤੇ ਗਏ ਹਨ ਅਤੇ ਸਭ ਕਰ ਲੈਣ ਦੇਣ ਦੀ ਪੜਚੋਲ ਕਰਨ ਦੀ ਇਜਾਜ਼ਤ ਦਿੰਦਾ ਹੈ ਜੋ ਉਹ ਸਮਝਦੇ ਹਨ

ਕਿ ਉਹ ਸਿਰਫ ਕਰ ਚੋਰੀ ਲਈ ਹੀ ਢਾਂਚਾਗਤ ਕੀਤੇ ਗਏ ਹਨ।

ਭਾਰਤ ਨੇ ਆਪਣਾ ਦੋਹਰਾ ਕਰ ਬਚਾਉ ਕਾਨੂੰਨ ਮੋਰੀਸ਼ਸ਼ ਨਾਲ ਅਪ੍ਰੈਲ ਵਿੱਚ ਸੋਧ ਲਿਆ ਸੀ ਜਿਸ ਅਧੀਨ ਨਵੀਂ ਦਿੱਲੀ ਨੂੰ ਸ਼ੇਅਰਾਂ ਉਪਰ ਪੂੰਜੀ ਲਾਭ ਕਰ ਲਗਾਉਣ ਦੀ ਇਜਾਜ਼ਤ ਮਿਲ ਗਈ। ਮੋਰੀਸ਼ਸ਼ ਰਾਹੀਂ ਭਾਰਤ ਵਿੱਚ ਫੰਡ ਭੇਜ ਰਹੀਆਂ ਕੰਪਨੀਆਂ ਨੂੰ ਅਗਲੇ ਮਾਲੀ ਸਾਲ ਤੋਂ ਚਾਲੂ ਦਰ ਦੇ 50 ਪ੍ਰਤਿਸ਼ਤ ਦੇ ਬਰਾਬਰ ਛੋਟੀ ਮਿਆਦ ਦਾ ਪੂੰਜੀ ਲਾਭ ਕਰ ਅਦਾ ਕਰਨਾ ਪਵੇਗਾ ਜੋ 1 ਅਪ੍ਰੈਲ 2017 ਤੋਂ ਦੋ ਸਾਲ ਦੇ ਬਦਲਾਉ ਸਮੇਂ ਲਈ ਲਾਗੂ ਰਹੇਗਾ। 2019 ਤੋਂ ਪੂਰੀ ਦਰ ਹੋਂਦ ਵਿੱਚ ਆ ਜਾਵੇਗੀ। 50 ਪ੍ਰਤਿਸ਼ਤ ਦੀ ਰਿਆਇਤੀ ਦਰ ਨਵੀਂ ਲਾਗੂ ਲਾਭ ਉਪਰ ਪਾਬੰਦੀ (ਐਲ ਓ ਬੀ) ਅਧੀਨ ਸ਼ਰਤਾਂ ਪੂਰੀਆਂ ਕਰਨ ਦੀ ਸੂਰਤ ਵਿੱਚ ਮਿਲ ਸਕਣਗੀਆਂ ਜੋ ਮੋਰੀਸ਼ਸ਼ ਵਿੱਚ ਪਿਛਲੇ ਮਾਲੀ ਸਾਲ ਵਿੱਚ ਘੱਟ ਤੋਂ ਘੱਟ 27 ਲੱਖ ਰੁਪਏ ਖਰਚ ਕੀਤੇ ਜਾਣਾ ਹੈ। ਦੋਵੇਂ ਧਿਰਾਂ ਦੀ ਸੰਧੀ ਵਿੱਚ ਤਰਮੀਮਾਂ ਉਪਰ ਗੱਲਬਾਤ ਚੱਲ ਰਹੀ ਹੈ। ਕਿਉਂਕਿ ਇਹ ਵੀ ਉਸੇ ਪ੍ਰੋਟੋਕੋਲ ਦੇ ਅਧੀਨ ਹੈ ਜੋ ਮੋਰੀਸ਼ਸ਼ ਨਾਲ ਹੈ, ਇਸ ਲਈ ਇਹ 1 ਅਪ੍ਰੈਲ 2017 ਤੋਂ ਆਪਣੇ ਆਪ ਲਾਗੂ ਹੋ ਜਾਣਗੀਆਂ।

ਭਾਰਤ ਦੇ ਇਸ ਵੇਲੇ 82 ਦੇਸ਼ਾਂ ਨਾਲ ਦੋਹਰੇ ਕਰ ਤੋਂ ਬਚਣ ਦੇ ਸਮਝੌਤੇ ਹਨ ਜਿਨ੍ਹਾਂ ਵਿੱਚ ਉਹ ਸਭ ਦੇਸ਼ ਸ਼ਾਮਲ ਹਨ ਜੋ ਮਨਭਾਉਂਦੇ ਕਰ ਜ਼ੰਨਤ ਹਨ। ਇਨ੍ਹਾਂ ਵਿਚੋਂ, 30 ਦੇਸ਼ਾਂ ਨਾਲ ਭਾਰਤ ਨੇ ਵਧੇਰੇ ਪਸਾਰ ਵਾਲੇ ਸਮਝੌਤੇ ਕੀਤੇ ਹੋਏ ਹਨ ਜੋ ਇਕ ਦੂਜੇ ਲਈ ਕਰ ਲੈਣ ਦੀਆਂ ਸਾਂਝੀਆਂ ਕੋਸ਼ਿਸ਼ਾਂ ਦੀ ਲੋੜ ਉਪਰ ਜੋਰ ਦਿੰਦੇ ਹਨ।

ਸਾਈਪਰਸ ਨੇ ਭਾਰਤ ਵਲੋਂ ਉਸ ਨੂੰ ਕਾਲੀ ਸੂਚੀ ਵਿਚੋਂ ਹਟਾਉਣ ਬਦਲੇ ਸ਼ੇਅਰਾਂ ਉਪਰ ਕਰ ਅਧਿਕਾਰ ਦੇਣਾ ਮੰਨ ਲਿਆ ਹੈ। ਯੂਰਪ ਅਤੇ ਅਮਰੀਕਾ ਵਿੱਚ ਸਥਾਪਤ ਕੰਪਨੀਆਂ ਨੇ ਭਾਰਤ ਵਿੱਚ ਜ਼ੀਰੋ ਕਰ ਪੂੰਜੀ ਲਾਭ ਅਤੇ ਸਾਈਪਰਸ ਵਿੱਚ ਅਧਾਰਤ ਕੰਪਨੀਆਂ ਨੂੰ ਵਿਆਜ ਅਦਾਇਗੀ ਦੇ ਬਹੁਤ ਘੱਟ 10 ਪ੍ਰਤਿਸ਼ਤ ਕਟੌਤੀ ਕਰ ਦੀ ਦਰ ਅਨੁਸਾਰ ਰੱਖਣਾ ਹੋਵੇਗਾ। ਭਾਰਤ ਨੇ ਸਾਈਪਰਸ ਨੂੰ ਕਾਲੀ ਸੂਚੀ ਵਿਚੋਂ ਹਟਾਉਣਾ ਮੰਨ ਲਿਆ ਹੈ। ਭਾਰਤ ਨੇ ਸਾਈਪਰਸ ਨੂੰ 2013 ਵਿੱਚ ਭਾਰਤੀ ਖਾਤਾ ਧਾਰਕਾਂ ਬਾਰੇ ਸੂਚਨਾ ਦੇਣ ਕਾਰਨ ਗ਼ੈਰ ਨਿਆਂ ਪ੍ਰਬੰਧ ਸਹਿਯੋਗ ਵਾਲਾ ਦੇਸ਼ ਕਰਾਰ ਦਿੱਤਾ ਸੀ। ਇਹ ਭਾਰਤ ਵਲੋਂ ਪੇਸ਼ ਪਹਿਲਾ ਨਿਆਂ ਪ੍ਰਬੰਧ ਸੀ ਜਿਸ ਅਨੁਸਾਰ ਸਾਈਪਰਸ ਨੂੰ ਕੀਤੀਆਂ ਸਭ ਅਦਾਇਗੀਆਂ ਦਾ 30 ਪ੍ਰਤਿਸ਼ਤ ਕਟੌਤੀ ਕਰ ਦੇ ਤੌਰ ਤੇ ਰਖਿਆ ਗਿਆ ਅਤੇ ਉਥੋਂ ਫੰਡ ਪ੍ਰਾਪਤ ਕਰ ਰਹੀਆਂ ਸਭ ਕੰਪਨੀਆਂ ਨੂੰ ਅਜਿਹੀ ਧਨ ਪ੍ਰਾਪਤੀ ਦੇ ਸਰੋਤ ਸਮੇਤ ਕਈ ਵਾਧੂ ਜਾਣਕਾਰੀਆਂ, ਵਧੇਰੇ ਪੜਚੋਲ ਲਈ ਦੇਣੀਆਂ ਪੈਣਗੀਆਂ। ਸਾਈਪਰਸ ਤੋਂ ਨਿਵੇਸ਼ ਹਾਸਲ ਕਰ ਰਹੀਆਂ ਕੰਪਨੀਆਂ ਨੂੰ ਖਰਚੇ ਅਤੇ ਭੱਤਿਆਂ ਉਪਰ ਮਿਲਣ ਵਾਲੀ ਕਟੌਤੀ ਨਹੀਂ ਮਿਲੇਗੀ।

## ਬੇਨਾਮੀ ਲੈਣ ਦੇਣ ਕਾਨੂੰਨ

ਬੇਨਾਮੀ ਲੈਣ ਦੇਣ (ਪਾਬੰਦੀ) ਤਰਮੀਮੀ ਕਾਨੂੰਨ, ਜਿਸ ਨੂੰ ਅਗਸਤ ਵਿੱਚ ਸੰਸਦ ਦੀ ਮਨਜ਼ੂਰੀ ਮਿਲੀ ਸੀ, ਨੇ ਉਨ੍ਹਾਂ ਲੋਕਾਂ ਜੋ ਦੂਸਰਿਆਂ ਦੇ ਨਾਮ ਉਤੇ ਜਾਂ ਮਨਘੜਤ ਨਾਮਾਂ ਉਤੇ ਜਾਇਦਾਦ ਰਖਦੇ ਹਨ ਅਤੇ ਕਰ ਬਚਾਉਂਦੇ ਹਨ, ਲਈ ਵਿਆਖਿਆ ਦਾ ਘੇਰਾ ਵਧਾ ਦਿੱਤਾ ਹੈ ਅਤੇ ਜੁਰਮਾਨੇ ਅਤੇ ਸਜ਼ਾ ਵਿੱਚ ਵਾਧਾ ਕੀਤਾ ਹੈ। ਇਸ ਕਾਨੂੰਨ ਦਾ ਉਦੇਸ਼ ਬੇਨਾਮੀ ਲੈਣ ਦੇਣ ਨੂੰ ਅਸਰਦਾਰ ਤਰੀਕੇ ਬੰਦ ਕਰਨਾ ਅਤੇ ਇਸ ਤਰ੍ਹਾਂ ਗ਼ੈਰ ਕਾਨੂੰਨੀ ਤਰੀਕਿਆਂ ਰਾਹੀਂ ਕਾਨੂੰਨ ਤੋੜਨ ਤੋਂ ਬਚਣਾ ਹੈ। ਬੇਨਾਮੀ ਲੈਣ ਦੇਣ ਦੀ ਵਿਆਖਿਆ ਦੇ ਘੇਰੇ ਨੂੰ ਵੀ ਵਧਾਇਆ ਗਿਆ ਹੈ ਅਤੇ ਇਸ ਵਿੱਚ ਮਨਘੜਤ ਨਾਮ ਉਤੇ ਲੈਣ ਦੇਣ ਵੀ ਸ਼ਾਮਲ ਕੀਤਾ ਗਿਆ ਹੈ ਜਿਥੇ ਮਾਲਕ ਜਾਂ ਤਾਂ ਪੂਰੀ ਤਰ੍ਹਾਂ ਬੇਖਬਰ ਹੈ ਅਤੇ ਜਾਂ ਜਾਇਦਾਦ ਦੀ ਮਲਕੀਅਤ ਬਾਰੇ ਜਾਣਕਾਰੀ ਹੋਣ ਤੋਂ ਇਨਕਾਰ ਕਰ ਦਿੰਦਾ ਹੈ ਅਤੇ ਜਾਂ ਜਾਇਦਾਦ ਦੀ ਮਲਕੀਅਤ ਦੇ ਨਾਮ ਵਾਲੇ ਵਿਅਕਤੀ ਦੀ ਹੋਂਦ ਦਾ ਪਤਾ ਹੀ ਨਾਂ ਲਗਦਾ ਹੋਵੇ।

ਜਾਇਦਾਦ ਜਾਂ ਭਵਨ ਉਸਾਰੀ ਵਿੱਚ ਨਿਵੇਸ਼ ਆਮ ਤੌਰ ਤੇ ਗ਼ੈਰ ਹਿਸਾਬ ਕਿਤਾਬ ਆਮਦਨ ਨੂੰ ਛੁਪਾ ਕੇ ਰੱਖਣ ਲਈ ਕੀਤਾ ਜਾਂਦਾ ਹੈ। ਭਵਨ ਉਸਾਰੀ ਵਿੱਚ ਕਾਫੀ ਲੈਣ ਦੇਣ ਜਾਂ ਤਾਂ ਦਰਸਾਏ ਹੀ ਨਹੀਂ ਜਾਂਦੇ ਅਤੇ ਜਾਂ ਘੱਟ ਕੀਮਤ ਦੱਸੇ ਜਾਂਦੇ ਹਨ। ਇਸ ਬਿਲ ਨੇ ਜੁਰਮਾਨੇ ਅਤੇ ਸਜ਼ਾ ਨੂੰ ਹੋਰ ਸਖਤ ਕਰ ਦਿੱਤਾ ਹੈ। ਸੋਧੀਆਂ ਤਰਮੀਮਾਂ ਅਧੀਨ ਇਕ ਸਾਲ ਤੋਂ ਲੈ ਕੇ ਸੱਤ ਸਾਲਾਂ ਦੀ ਸਜ਼ਾ ਅਤੇ ਜੁਰਮਾਨੇ ਦੀ ਵਿਵਸਥਾ ਹੈ ਜੋ ਬੇਨਾਮੀ ਜਾਇਦਾਦ ਦੇ ਸ਼ੁੱਧ ਵਿਕਵਾਲੀ ਰਕਮ ਦੇ 25 ਪ੍ਰਤਿਸ਼ਤ ਤੱਕ ਹੋ ਸਕਦਾ ਹੈ ਜੋ ਇਸ ਵੇਲੇ ਕਾਨੂੰਨ ਅਧੀਨ ਤਿੰਨ ਸਾਲ ਤੱਕ ਦੀ ਸਜ਼ਾ ਜਾਂ ਜੁਰਮਾਨਾ ਜਾਂ ਦੋਵੇਂ ਹੈ। ਗਲਤ ਜਾਣਕਾਰੀ ਦੇਣ ਲਈ 6 ਮਹੀਨੇ ਤੋਂ ਲੈ ਕੇ ਪੰਜ ਸਾਲਾਂ ਤੱਕ ਦੀ ਸਖਤ ਸਜ਼ਾ ਅਤੇ ਜੁਰਮਾਨਾ ਬੇਨਾਮੀ ਜਾਇਦਾਦ ਦੇ ਸ਼ੁੱਧ ਵਿਕਵਾਲੀ ਰਕਮ ਦੇ 10 ਪ੍ਰਤਿਸ਼ਤ ਤੱਕ ਹੋ ਸਕਦਾ ਹੈ।

## ਅੱਗੇ ਵਧੋ

ਦੁਨੀਆਂ ਦੇ ਵੱਡੇ ਅਰਥਤੰਤਰ ਨੇ ਉਧਾਰ ਖੋਰੇ ਅਤੇ ਲਾਭਾਂ ਦੀ ਆਪਸੀ ਵੰਡ (ਬੀ ਈ ਪੀ ਐੱਸ) ਸਮਝੌਤੇ ਤਹਿਤ ਅਤੇ ਸੂਚਨਾ ਦੇਣ ਲੈਣ ਦੀਆਂ ਸੰਧੀਆਂ ਦੇ ਬਹੁ-ਪੱਖੀ ਹੋਣ ਨਾਲ ਕਾਲੇ ਧਨ ਨੂੰ ਖਤਮ ਕਰਨ ਲਈ ਇਕ ਜੁੱਟ ਹੋ ਰਹੇ ਹਨ ਅਤੇ ਇਸ ਤਰ੍ਹਾਂ ਕਰ ਚੋਰੀ ਕਰਨਾ ਬਹੁਤ ਔਖਾ ਹੋ ਜਾਵੇਗਾ। ਵੱਖ-ਵੱਖ ਦੇਸ਼ਾਂ ਵਿੱਚ ਸੂਚਨਾ ਦੇ ਖੁੱਲ੍ਹੇ ਲੈਣ ਦੇਣ ਨਾਲ ਕਰ ਅਫ਼ਸਰਾਂ ਨੂੰ ਕਰ ਚੋਰਾਂ ਬਾਰੇ ਵਧੇਰੇ ਜਾਣਕਾਰੀ ਮਿਲ ਸਕੇਗੀ ਅਤੇ ਉਹ ਉਨ੍ਹਾਂ ਨੂੰ ਕਾਬੂ ਕਰ ਸਕਣਗੇ।

**ਭਾਰਤ ਸਰਕਾਰ ਨੇ ਆਪਣੀਆਂ ਕਾਲੇ ਧਨ ਨੂੰ ਉਜਾਗਰ ਕਰਨ ਦੀਆਂ ਕੋਸ਼ਿਸ਼ਾਂ ਬਹੁਤ ਤੇਜ਼ ਕਰ ਦਿੱਤੀਆਂ ਹਨ ਜੋ ਤਕਨਾਲੋਜੀ, ਜਿਵੇਂ ਕਿ 'ਪ੍ਰਾਜੈਕਟ ਅੰਤਰ ਦ੍ਰਿਸ਼ਟੀ' ਰਾਹੀਂ ਹੋਰ ਵੀ ਵਧ ਜਾਣਗੀਆਂ। ਤਕਨਾਲੋਜੀ ਦੀ ਵਰਤੋਂ ਨਾਲ ਕੋਸ਼ਿਸ਼ਾਂ ਸਹੀ ਦਿਸ਼ਾ ਵੱਲ ਜਾ ਰਹੀਆਂ ਹਨ ਪਰ ਇਸ ਦੇ ਨਾਲ-ਨਾਲ ਨਗਦ ਭੁਗਤਾਨ ਨੂੰ ਗ਼ੈਰ ਉਤਸ਼ਾਹਿਤ ਕਰਨ ਉਪਰ ਵੀ ਜ਼ੋਰ ਹੋਣਾ ਚਾਹੀਦਾ ਹੈ ਅਤੇ ਅਰਥਤੰਤਰ ਵਿੱਚ, ਕਾਰਡ ਨਾਲ ਅਦਾਇਗੀ ਕਰਨ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਹ ਕਾਲੇ ਧਨ ਉਪਰ ਕਾਬੂ ਪਾਉਣ ਦੀ ਕੁੰਜੀ ਸਾਬਤ ਹੋਵੇਗਾ।**

*(ਲੇਖਿਕਾ ਬਿਜ਼ਨਸ ਸਟੈਂਡਰਡ ਅਖ਼ਬਾਰ ਵਿੱਚ ਵਿਸ਼ੇਸ਼ ਪੱਤਰਕਾਰ ਹੈ ਅਤੇ ਵਿੱਤ ਮੰਤਰਾਲਾ ਦੇਖ ਰਹੀ ਹੈ )*

*e-mail :dilashaseth@gmail.com*

# ਜੀ ਐੱਸ ਟੀ : ਭਾਰਤੀ ਅਰਥਵਿਵਸਥਾ ਦਾ ਨਿਰਣਾਇਕ ਮੋੜ

ਰਣਜੀਤ ਮਹਿਤਾ

ਸਭ ਤੋਂ ਪਹਿਲਾਂ, ਜੀ ਐੱਸ ਟੀ ਮੋਰਚੇ ਉਤੇ ਜ਼ਬਰਦਸਤ ਕੋਸ਼ਿਸ਼ਾਂ ਲਈ ਭਾਰਤ ਸਰਕਾਰ ਨੂੰ ਵਧਾਈ ਦੇਣੀ ਬਣਦੀ ਹੈ। ਸੰਵਿਧਾਨਕ ਸੋਧ ਬਿੱਲ ਦਾ ਪਾਸ ਹੋਣਾ ਅਤੇ ਮਾਡਲ ਜੀ ਐੱਸ ਟੀ ਕਾਨੂੰਨਾਂ ਦਾ ਹੋਂਦ ਵਿੱਚ ਆਉਣਾ ਜੀ ਐੱਸ ਟੀ ਨੂੰ ਜਲਦ ਤੋਂ ਜਲਦ ਲਾਗੂ ਕਰਨ ਲਈ ਸਰਕਾਰ ਦੀ ਦ੍ਰਿੜ੍ਹਤਾ ਨੂੰ ਦਰਸਾਉਂਦਾ ਹੈ। ਸਰਕਾਰ ਦੀ ਇਕ ਨੀਤੀਗਤ ਪਹਿਲਕਦਮੀ 'ਮੇਕ ਇਨ ਇੰਡੀਆ' ਪ੍ਰਾਜੈਕਟ ਜੋ ਭਾਰਤ ਨੂੰ ਨਿਰਮਾਣ ਦਾ ਕੇਂਦਰ ਬਣਾ ਦੇਵੇਗਾ ਕਿਉਂਕਿ ਇਹ ਦੇਸ਼ ਦੇ ਨੌਜਵਾਨਾਂ ਲਈ ਰੋਜ਼ਗਾਰ/ਨੌਕਰੀ ਦੇ ਮੌਕੇ ਪੈਦਾ ਕਰੇਗਾ। ਭਾਰਤ ਨੂੰ ਨਿਰਮਾਣ ਦਾ ਧੁਰਾ ਬਣਾਉਣ ਲਈ ਇਹ ਜ਼ਰੂਰੀ ਹੈ ਕਿ ਵਿਦੇਸ਼ੀ ਨਿਵੇਸ਼ਕਾਂ/ਕੰਪਨੀਆਂ ਨੂੰ ਇਥੇ ਵਪਾਰ ਕਰਨ ਲਈ ਢੁੱਕਵਾਂ ਮਾਹੌਲ ਮਿਲੇ। ਵਪਾਰ ਕਰਨ ਦੇ ਰਸਤੇ ਵਿੱਚ ਸਭ ਤੋਂ ਵੱਡੀ ਰੁਕਾਵਟ, ਖ਼ਾਸ ਕਰਕੇ ਨਿਰਮਾਣ ਖੇਤਰ ਵਿੱਚ, ਗ਼ੈਰ-ਯਕੀਨੀ ਅਤੇ ਅਣਕਿਆਸੇ ਅਸਿੱਧੇ ਕਰ ਨਿਜ਼ਾਮ ਦੀ ਹੈ।

ਮੌਜੂਦਾ ਬਹੁ-ਪੜਾਵੀ ਕਰ ਢਾਂਚੇ ਤਹਿਤ ਰਾਜਾਂ ਅਤੇ ਕੇਂਦਰੀ ਸਰਕਾਰਾਂ ਵਲੋਂ ਵੱਖੋ-ਵੱਖ ਵਸੂਲੀ ਕੀਤੀ ਜਾਂਦੀ ਹੈ ਜਿਸ ਕਰਕੇ ਕਰਾਂ ਵਿੱਚ ਵੱਡਾ ਵਾਧਾ ਹੋ ਜਾਂਦਾ ਹੈ। ਵੱਖ-ਵੱਖ ਦਰਾਂ ਅਤੇ ਕਈ ਪੜਾਵਾਂ ਉਤੇ ਕਰ ਲਾਏ ਜਾਂਦੇ ਹਨ। ਕੇਂਦਰ ਵਲੋਂ ਆਮਦਨ ਕਰ, ਸੇਵਾ ਕਰ, ਕੇਂਦਰੀ ਵਿਕਰੀ ਕਰ, ਆਬਕਾਰੀ ਸ਼ੁਲਕ ਅਤੇ ਸੁਰੱਖਿਆ ਲੈਣ-ਦੇਣ ਕਰ ਲਾਏ ਜਾਂਦੇ ਹਨ ਜਦ ਕਿ ਰਾਜ ਪੱਧਰ ਉਤੇ ਵੈਟ ਜਾਂ ਵਿਕਰੀ ਕਰ, ਚੁੰਗੀ, ਰਾਜ ਆਬਕਾਰੀ, ਜਾਇਦਾਦ ਕਰ, ਦਾਖਲਾ ਕਰ ਅਤੇ ਖੇਤੀ ਕਰ ਲਾਏ ਜਾਂਦੇ ਹਨ। ਇਨ੍ਹਾਂ ਕਰਾਂ ਕਾਰਨ ਭਾਰਤੀ ਉਤਪਾਦਾਂ ਉਤੇ ਕਰਾਂ ਦਾ ਵਾਧੂ ਬੋਝ ਪੈਂਦਾ ਹੈ ਜਿਸ ਨਾਲ ਘਰੇਲੂ ਅਤੇ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਕੀਮਤਾਂ ਅਤੇ ਵਿਕਰੀ ਉਤੇ ਪ੍ਰਭਾਵ ਪੈਂਦਾ ਹੈ।

**ਇਸ ਸਮੱਸਿਆ ਦੇ ਹੱਲ ਲਈ ਵਸਤੂ ਤੇ ਸੇਵਾਵਾਂ ਕਰ ਬਾਰੇ ਸੰਵਿਧਾਨਕ ਸੋਧ ਬਿੱਲ ਨੂੰ ਸੰਸਦ (ਰਾਜ ਸਭਾ ਵਿੱਚ 3 ਅਗਸਤ, 2016 ਅਤੇ ਲੋਕ ਸਭਾ ਵਿੱਚ 8 ਅਗਸਤ, 2016 ਅਤੇ ਰਾਜਾਂ ਦੇ ਵਿਧਾਨਕਾਰਾਂ ਦੇ 50 ਪ੍ਰਤਿਸ਼ਤ ਤੋਂ ਵੱਧ ਨੁਮਾਇੰਦਿਆਂ ਵਲੋਂ ਪਾਸ ਕਰਨ ਉਪਰੰਤ) ਭਾਰਤ ਦੇ ਰਾਸ਼ਟਰਪਤੀ ਵਲੋਂ ਇਸ ਉਤੇ ਪ੍ਰਵਾਨਗੀ ਦੀ ਮੋਹਰ ਲਾ ਦਿੱਤੀ ਗਈ ਹੈ। ਭਾਰਤ ਸਰਕਾਰ ਅਪ੍ਰੈਲ 2017 ਤੱਕ ਵਸਤੂਆਂ ਤੇ ਸੇਵਾਵਾਂ ਉਤੇ ਕੇਂਦਰ ਤੇ ਰਾਜਾਂ ਵਲੋਂ ਲਾਏ ਜਾਂਦੇ ਸਾਰੇ ਅਸਿੱਧੇ ਕਰਾਂ ਦੀ ਥਾਂ ਉਤੇ ਜੀ ਐੱਸ ਟੀ ਲਾਗੂ ਕਰਨ ਲਈ ਦ੍ਰਿੜ੍ਹ ਸੰਕਲਪ ਹੈ।**

ਇਸ ਨੂੰ ਹਾਸਲ ਕਰਨ ਲਈ, ਇਕ ਵਿਸ਼ਾਲ ਅਤੇ ਜਟਿਲ ਬਹੁ-ਪ੍ਰਕਾਰੀ ਲੋਕਤੰਤਰ ਦੀ ਸੰਘੀ ਪ੍ਰਣਾਲੀ ਵਿੱਚ, ਜਿਸ ਵਿੱਚ ਕੇਂਦਰ, 29 ਰਾਜ ਅਤੇ 2 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਵੱਖ-ਵੱਖ ਹਿਤਾਂ ਦੀ ਸੰਵਿਧਾਨਕ ਸੋਧ ਰਾਹੀਂ ਪੂਰਤੀ ਲਈ ਵੱਡੇ ਪੱਧਰ ਉਤੇ ਰਾਜਨੀਤਕ ਸਹਿਮਤੀ ਦੀ ਲੋੜ ਹੈ। ਜਿਸ ਦਾ ਅੰਦਾਜ਼ਨ 75 ਮਿਲੀਅਨ ਕਰ ਇਕਾਈਆਂ ਉਤੇ ਅਸਰ ਪਵੇਗਾ ਅਤੇ ਜਿਸ ਲਈ ਆਧੁਨਿਕ ਤਕਨੀਕ ਦੀ ਵਰਤੋਂ ਅਤੇ ਕਰ ਲਾਗੂ ਕਰਨ ਸਮਰੱਥਾ ਵਿੱਚ ਸੁਧਾਰ ਦੀ ਜ਼ਰੂਰਤ ਪਵੇਗੀ। ਇਹ ਵਿਸ਼ਵ ਦੇ ਆਧੁਨਿਕ ਕਰ ਇਤਿਹਾਸ ਵਿੱਚ ਸ਼ਾਇਦ ਬੇਮਿਸਾਲ ਕਾਰਜ ਹੋਵੇਗਾ। ਕਦੇ-ਕਦੇ ਅਸੀਂ ਇਸ ਗੱਲ ਦੀ ਪੂਰੀ ਪ੍ਰਸ਼ੰਸਾ ਨਹੀਂ ਕਰਦੇ ਕਿ ਜੀ ਐੱਸ ਟੀ ਨਾਲ ਇਸ ਮੁਕਾਮ ਤੱਕ ਆਉਣ ਨਾਲ ਦੇਸ਼ ਨੇ ਕੀ ਕੁੱਝ ਹਾਸਲ ਕਰ ਲਿਆ ਹੈ। ਇਸ ਦਾ ਸਿਹਰਾ ਕੇਂਦਰ ਅਤੇ ਰਾਜਾਂ ਦੇ ਸਾਰੇ ਹਿਤਧਾਰਕਾਂ ਨੂੰ ਮਿਲਣਾ ਚਾਹੀਦਾ ਹੈ ਜਿਨ੍ਹਾਂ ਨੇ ਜੀ ਐੱਸ ਟੀ ਨੂੰ ਮੁਕਾਮ ਤੱਕ ਪਹੁੰਚਾਉਣ ਲਈ ਰਲ ਕੇ ਹੰਭਲਾ ਮਾਰਿਆ ਹੈ। ਇਸ ਇਤਿਹਾਸਕ ਮੌਕੇ ਨੂੰ ਸਾਂਭਣ ਦਾ ਇਹ ਢੁੱਕਵਾਂ ਸਮਾਂ ਹੈ ਕਿਉਂਕਿ ਜੀ ਐੱਸ ਟੀ ਜ਼ਾਹਰਾ ਤੌਰ ਤੇ ਭਾਰਤ ਦੀ ਆਰਥਿਕਤਾ ਦੀ ਬਿਹਤਰੀ ਲਈ ਇਕ ਨਵੀਂ ਦਿਸ਼ਾ ਪ੍ਰਦਾਨ ਕਰੇਗਾ।

ਆਜ਼ਾਦੀ ਤੋਂ ਬਾਅਦ ਜੀ ਐੱਸ ਟੀ ਭਾਰਤ ਦਾ ਸਭ ਤੋਂ ਮਹੱਤਵਪੂਰਨ ਕਰ ਸੁਧਾਰ ਹੈ ਜੋ ਮੌਜੂਦਾ ਸਮੇਂ ਏਸ਼ੀਆ ਦੀ ਤੀਜੀ ਸਭ ਤੋਂ ਵੱਡੀ ਆਰਥਿਕਤਾ ਹੈ। ਜੀ ਐੱਸ ਟੀ ਭਾਰਤ ਦੇ ਅਸਿੱਧੇ ਕਰਾਂ, ਆਬਕਾਰੀ, ਵਧੀਕ ਸ਼ੁਲਕ ਅਤੇ ਉੱਪ-ਕਰਾਂ ਦੇ ਇਕ ਜਟਿਲ ਤੇ ਵੱਡੇ ਪਿਟਾਰੇ ਨੂੰ ਇਕ ਇਕਹਿਰੇ ਕਰ ਵਿੱਚ ਤਬਦੀਲ ਕਰ ਦੇਵੇਗਾ। ਆਸ ਕੀਤੀ ਜਾਂਦੀ ਹੈ ਇਹ ਮੁਸ਼ਕਿਲ ਕਰ ਪ੍ਰਣਾਲੀ ਨੂੰ ਅਸਾਨ ਬਣਾ ਦੇਵੇਗਾ, ਪਾਲਣਾ ਵਿੱਚ ਸੁਧਾਰ ਲਿਆਵੇਗਾ, ਰਾਜਾਂ ਦਰਮਿਆਨ ਵਸਤਾਂ ਦੀ ਆਵਾਜਾਈ ਸਰਲ ਬਣਾਉਣ ਵਿੱਚ ਮਦਦ ਕਰੇਗਾ, ਦਰਾਂ ਦੀ ਚੋਰੀ ਉਤੇ ਲਗਾਮ ਲਗਾਏਗਾ, ਮਾਲੀਏ ਵਿੱਚ ਵਾਧਾ ਕਰੇਗਾ, ਵਿਕਾਸ ਨੂੰ ਗਤੀ ਦੇਵੇਗਾ, ਨਿਵੇਸ਼ ਵਿੱਚ ਵਾਧਾ ਕਰੇਗਾ ਅਤੇ ਭਾਰਤ ਵਿੱਚ ਨਿਵੇਸ਼ ਅਤੇ ਵਪਾਰ ਕਰਨ ਨੂੰ ਸੌਖਾ ਬਣਾ ਦੇਵੇਗਾ।

ਜੀ ਐੱਸ ਟੀ ਲਾਗੂ ਹੋਣ ਨਾਲ ਆਸ ਕੀਤੀ ਜਾਂਦੀ ਹੈ ਕਿ ਕਰਾਂ ਦਾ ਦਾਇਰਾ ਵਧੇਗਾ ਕਿਉਂਕਿ ਲਗਭਗ ਸਾਰੀਆਂ ਵਸਤਾਂ ਤੇ ਸੇਵਾਵਾਂ ਉਤੇ ਕਰ ਲੱਗੇਗਾ ਅਤੇ ਛੋਟਾਂ ਘੱਟ ਤੋਂ ਘੱਟ ਹੋਣਗੀਆਂ। ਜੀ ਐੱਸ ਟੀ ਭਾਰਤ ਦੇ ਅਰਥਚਾਰੇ

ਵਿੱਚ ਕ੍ਰਾਂਤੀਕਾਰੀ ਸੁਧਾਰ ਲਿਆਵੇਗਾ ਕਿਉਂਕਿ ਇਕ ਆਮ ਭਾਰਤੀ ਬਾਜ਼ਾਰ ਦਾ ਨਿਰਮਾਣ ਹੋ ਜਾਵੇਗਾ ਅਤੇ ਵਸਤਾਂ ਤੇ ਸੇਵਾਵਾਂ ਉਤੇ ਕਰਾਂ ਦੇ ਵਧ ਰਹੇ ਬੋਝ ਨੂੰ ਘੱਟ ਕਰਨ ਵਿੱਚ ਮਦਦ ਮਿਲੇਗੀ। ਇਸ ਦਾ ਕਰ ਢਾਂਚੇ, ਕਰ ਸਮੀਖਿਆ, ਕਰ ਗਣਨਾ, ਕਰ ਅਦਾਇਗੀ, ਪਾਲਣਾ, ਪੈਸੇ ਦੀ ਉਪਯੋਗਿਤਾ ਅਤੇ ਲੇਖਾ ਉਤੇ ਅਸਰ ਪਵੇਗਾ। ਜਿਸ ਨਾਲ ਮੌਜੂਦਾ ਕਰ ਪ੍ਰਣਾਲੀ ਦਾ ਮੁਕੰਮਲ ਕਾਇਆ ਪਲਟ ਹੋ ਜਾਵੇਗਾ। ਜੀ ਐੱਸ ਟੀ ਦੇ ਦੇਸ਼ ਦੇ ਵਪਾਰ ਦੇ ਸਾਰੇ ਪੱਖਾਂ ਉਤੇ ਦੂਰਗਾਮੀ ਪ੍ਰਭਾਵ ਪੈਣਗੇ। ਮਿਸਾਲ ਦੇ ਲਈ, ਉਤਪਾਦਾਂ ਤੇ ਸੇਵਾਵਾਂ ਦਾ ਮੁੱਲ ਨਿਰਧਾਰਨ, ਪੂਰਤੀ ਲੜੀ ਵਿੱਚ ਵਾਧੇ, ਸੂਚਨਾ ਤਕਨੀਕ, ਲੇਖਾ ਤੇ ਕਰ ਪਾਲਣਾ ਪ੍ਰਣਾਲੀਆਂ। ਇਹੀ ਕਾਰਨ ਹੈ ਕਿ ਜੀ ਐੱਸ ਟੀ ਬਿਲ ਨੂੰ ਆਜ਼ਾਦ ਭਾਰਤ ਵਿੱਚ ਬੇਮਿਸਾਲ ਮਹੱਤਵ ਦੇ ਸੁਧਾਰ ਵਜੋਂ ਦੱਸਿਆ ਜਾ ਰਿਹਾ ਹੈ।

**ਵਰਤਮਾਨ ਸਮੇਂ ਰਾਜ ਦਰ ਰਾਜ ਕਰ ਦਰਾਂ ਵੱਖੋ-ਵੱਖ ਹਨ। ਜੀ ਐੱਸ ਟੀ ਇਕਸਾਰਤਾ ਲਿਆਵੇਗਾ, ਇਨਪੁੱਟ ਟੈਕਸ ਕ੍ਰੈਡਿਟ ਦੇ ਕੇ ਇਨ੍ਹਾਂ ਕਰਾਂ ਦੇ ਵਾਧੇ ਦੇ ਪ੍ਰਭਾਵ ਨੂੰ ਘੱਟ ਕਰੇਗਾ। ਇਸ ਦਾ ਵਿਸ਼ਾਲ ਕਰ ਅਧਾਰ ਹੋਵੇਗਾ ਜਿਸ ਵਿੱਚ ਛੋਟਾਂ ਘੱਟ ਤੋਂ ਘੱਟ ਹੋਣਗੀਆਂ – ਉਦਯੋਗਾਂ ਲਈ ਮਦਦਗਾਰ ਹੋਵੇਗਾ ਜੋ ਆਮ ਪ੍ਰਕਿਰਿਆਵਾਂ ਤੋਂ ਲਾਭ ਉਠਾ ਸਕਣਗੇ ਅਤੇ ਅਦਾ ਕੀਤੇ ਕਰਾਂ ਦੀ ਵਸੂਲੀ ਕਰ ਸਕਣਗੇ। ਇਸ ਨਾਲ ਖਪਤਕਾਰਾਂ ਲਈ ਲਾਗਤ ਵਿੱਚ ਕਮੀ ਹੋਣ ਦੀ ਆਸ ਕੀਤੀ ਜਾਂਦੀ ਹੈ। ਵਿੱਤ ਮੰਤਰਾਲੇ ਮੁਤਾਬਕ ਜੀ ਐੱਸ ਟੀ ਭਾਰਤ ਦੇ ਕੁੱਲ ਘਰੇਲੂ ਉਤਪਾਦ ਵਿੱਚ 2 ਪ੍ਰਤਿਸ਼ਤ ਦਾ ਵਾਧਾ ਕਰੇਗਾ।**

## ਜੀ ਐੱਸ ਟੀ ਦੇ ਪ੍ਰਮੁੱਖ ਲਾਭ

ਜੀ ਐੱਸ ਟੀ ਫੈਸਲਾਕੁੰਨ ਤੌਰ ਤੇ ਭਾਰਤ ਦੀ ਆਰਥਿਕਤਾ ਨੂੰ ਬਿਹਤਰੀ ਲਈ ਅਗਲੇ ਪੱਧਰ ਤੱਕ ਲੈ ਕੇ ਜਾਵੇਗਾ। ਜਿਵੇਂ ਕਿ ਪ੍ਰਧਾਨ ਮੰਤਰੀ ਵਲੋਂ ਇਕ ਸਾਖਿਆਤਕਾਰ ਵਿੱਚ ਆਖਿਆ ਗਿਆ, ਜੀ ਐੱਸ ਟੀ ਗਰੀਬੀ ਖਤਮ ਕਰਨ ਅਤੇ ਦੇਸ਼ ਦੇ ਵਿਕਾਸ ਲਈ ਉਪਲਬਧ ਸਰੋਤਾਂ ਵਿੱਚ ਵਾਧਾ ਕਰੇਗਾ। ਅਜਿਹਾ ਅਸਿੱਧੇ ਤੌਰ ਤੇ ਵਾਪਰੇਗਾ ਕਿਉਂਕਿ ਕਰ ਅਧਾਰ ਜ਼ਿਆਦਾ ਵਿਸ਼ਾਲ ਹੋ ਜਾਵੇਗਾ ਅਤੇ ਕੇਂਦਰ ਤੇ ਰਾਜ ਸਰਕਾਰਾਂ ਦੇ ਕੁੱਲ ਸਰੋਤਾਂ ਵਿੱਚ ਵਾਧਾ ਹੋਵੇਗਾ। ਪਰ ਅਜਿਹਾ ਸਿੱਧੇ ਤੌਰ ਤੇ ਵੀ ਵਾਪਰੇਗਾ ਕਿਉਂਕਿ ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼ ਵਰਗੇ ਗਰੀਬ ਰਾਜਾਂ ਦੇ ਸਰੋਤ ਵੀ ਵਧ ਜਾਣਗੇ ਜੋ ਸਭ ਤੋਂ ਵੱਡੇ ਖਪਤਕਾਰ ਹਨ।

- ਭਾਰਤ ਦੀ ਜੀ ਐੱਸ ਟੀ ਪ੍ਰਣਾਲੀ ਇਕ ਪਾਰਦਰਸ਼ੀ ਤੇ ਸਾਫ-ਸੁਥਰੀ ਵੈਟ ਪ੍ਰਣਾਲੀ ਵੱਲ ਇਕ ਵੱਡੀ ਛਾਲ ਹੋਵੇਗੀ ਜੋ ਮੁਕੰਮਲ ਤੌਰ ਤੇ ਖੁਦਮੁਖਤਿਆਰ ਅਤੇ ਕੇਂਦਰੀਕ੍ਰਿਤ ਪ੍ਰਣਾਲੀਆਂ ਦੇ ਨੁਕਸਾਂ ਨੂੰ ਘੱਟ ਤੋਂ ਘੱਟ ਕਰ ਦੇਵੇਗੀ। ਇਕਸਮਾਨ ਅਧਾਰ ਅਤੇ ਇਕਸਮਾਨ ਦਰਾਂ (ਵਸਤੂਆਂ ਅਤੇ ਸੇਵਾਵਾਂ ਦੀਆਂ) ਅਤੇ ਬਹੁਤ ਇਕੋ ਜਿਹੀਆਂ ਦਰਾਂ (ਰਾਜਾਂ ਅਤੇ ਕੇਂਦਰ ਤੇ ਰਾਜਾਂ ਦਰਮਿਆਨ) ਪ੍ਰਬੰਧਨ ਵਿੱਚ ਸਹਾਈ ਹੋਣਗੀਆਂ ਅਤੇ ਪਾਲਣਾ ਵਿੱਚ ਸੁਧਾਰ ਕਰਨਗੀਆਂ। ਇਹ ਅੰਤਰਰਾਜੀ ਵਿਕਰੀ ਤੋਂ ਪ੍ਰਾਪਤ ਕਰਾਂ ਦੀ ਉਗਰਾਹੀ ਨੂੰ ਵੀ ਸੌਖਾ ਬਣਾਵੇਗੀ। ਇਸੇ ਸਮੇਂ, ਅਪਵਾਦ – ਜੋ ਵਿਸ਼ੇਸ਼ ਵਸਤਾਂ (ਪੈਟਰੋਲੀਅਮ ਅਤੇ ਤੰਬਾਕੂ ਕੇਂਦਰ ਵਾਸਤੇ ਅਤੇ ਪੈਟਰੋਲੀਅਮ ਤੇ ਸ਼ਰਾਬ ਰਾਜਾਂ ਵਾਸਤੇ) ਤੇ ਜਾਇਜ਼ ਵਾਧੂ ਆਬਕਾਰੀ ਕਰਾਂ ਦੇ ਰੂਪ ਵਿੱਚ ਹੋਣਗੇ – ਰਾਜਾਂ ਨੂੰ ਲੋੜੀਂਦੀ ਵਿੱਤੀ ਖੁਦਮੁਖਤਿਆਰੀ ਪ੍ਰਦਾਨ ਕਰਨਗੇ। ਅਸਲ ਵਿੱਚ, ਜੇ ਉਨ੍ਹਾਂ ਨੂੰ ਜੀ ਐੱਸ ਟੀ ਦੇ ਦਾਇਰੇ ਵਿੱਚ ਲਿਆਇਆ ਜਾਂਦਾ ਹੈ, ਤਾਂ ਵੀ ਰਾਜਾਂ ਦੀ ਖੁਦਮੁਖਤਿਆਰੀ ਬਣੀ ਰਹੇਗੀ ਕਿਉਂਕਿ ਉਹ ਇਨ੍ਹਾਂ ਵਸਤਾਂ 'ਤੇ ਅੰਸ਼ਕ ਕਰ ਲਗਾ ਸਕਣਗੇ।

- ਪੂਰੇ ਭਾਰਤ ਨੂੰ ਇਕ ਕਰ ਦੇ ਮੰਚ ਉਤੇ ਲਿਆ ਕੇ ਜੀ ਐੱਸ ਟੀ 'ਮੇਕ ਇਨ ਇੰਡੀਆ' ਮੁਹਿੰਮ ਵਿੱਚ ਵੀ ਸਹਿਯੋਗੀ ਬਣੇਗਾ। ਮੌਜੂਦਾ ਕਰ ਢਾਂਚਾ ਭਾਰਤੀ ਬਾਜ਼ਾਰਾਂ ਨੂੰ ਰਾਜਾਂ ਦੇ ਅਧਾਰ ਉਤੇ ਵੰਡਣ ਵਾਲਾ ਹੈ। ਅਜਿਹੇ ਨੁਕਸ ਮੌਜੂਦਾ ਪ੍ਰਣਾਲੀ ਦੇ ਤਿੰਨ ਪੱਖਾਂ ਕਰਕੇ ਪੈਦਾ ਹੁੰਦੇ ਹਨ : ਕੇਂਦਰੀ ਵਿਕਰੀ (ਜੀ ਐੱਸ ਟੀ) ਜੋ ਵਸਤਾਂ ਦੀ ਅੰਤਰਰਾਜੀ ਵਿਕਰੀ ਉਤੇ ਲਗਦਾ ਹੈ : ਅਨੇਕ ਅੰਤਰਰਾਜੀ ਕਰ ਅਤੇ ਭਿੰਨ ਪ੍ਰਕਾਰ ਦੀਆਂ ਵਿਆਪਕ ਆਯਾਤ ਸ਼ੁਲਕ ਛੋਟਾਂ ਜੋ ਘਰੇਲੂ ਉਤਪਾਦਨ ਦੀ ਬਜਾਇ ਆਯਾਤ ਨੂੰ ਤਰਜੀਹ ਦਿੰਦੀਆਂ ਹਨ। ਇਕੋ ਝਟਕੇ ਵਿੱਚ ਜੀ ਐੱਸ ਟੀ ਇਨ੍ਹਾਂ ਸਾਰੀਆਂ ਕਮੀਆਂ ਦਾ ਹੱਲ ਕਰ ਦੇਵੇਗਾ : ਕੇਂਦਰੀ ਵਿਕਰੀ ਕਰ (ਸੀ ਐੱਸ ਟੀ) ਖਤਮ ਹੋ ਜਾਵੇਗਾ; ਜ਼ਿਆਦਾਤਰ ਦੂਜੇ ਕਰ ਜੀ ਐੱਸ ਟੀ ਵਿੱਚ ਮਿਲਾ ਦਿੱਤੇ ਜਾਣਗੇ; ਅਤੇ ਕਿਉਂਕਿ ਆਯਾਤ ਉਤੇ ਜੀ ਐੱਸ ਟੀ ਲਾਗੂ ਹੋਵੇਗਾ, ਆਯਾਤ ਨੂੰ ਦਿੱਤੀ ਜਾਂਦੀ ਨਾਂਹਮੁਖੀ ਸੁਰੱਖਿਆ ਅਤੇ ਘਰੇਲੂ ਨਿਰਮਾਣ ਦੀ ਬੇਕਦਰੀ ਖਤਮ ਹੋ ਜਾਵੇਗੀ।

- ਇਕ ਹੋਰ ਮਹੱਤਵਪੂਰਨ ਲਾਭ ਇਹ ਹੈ ਕਿ ਜੀ ਐੱਸ ਟੀ ਦੇ ਤਰੀਕਿਆਂ ਨਾਲ ਕਰ ਸ਼ਾਸਨ ਵਿੱਚ ਸੁਧਾਰ ਹੋਵੇਗਾ। ਪਹਿਲਾ ਸਵੈ-ਜ਼ਾਬਤਾ ਪ੍ਰੋਤਸਾਹਨ ਜੋ ਮੁੱਲ ਵਾਧਾ ਕਰ ਨਾਲ ਜੁੜਿਆ ਹੋਇਆ ਹੈ। ਲਾਗਤ ਕਰ ਦੇ ਭੁਗਤਾਨ ਦੀ ਦਾਅਵੇਦਾਰੀ ਕਰਨ ਲਈ ਹਰੇਕ ਵਿਕਰੇਤਾ ਕੋਲ ਆਪਣੇ ਤੋਂ ਪਹਿਲੇ ਵਿਕਰੇਤਾ ਨੂੰ ਮੁੱਲ ਵਾਧਾ/ਕਰ ਲੜੀ ਵਿੱਚ ਦਸਤਾਵੇਜ਼ ਪ੍ਰਾਪਤ ਕਰਨ ਦਾ ਹੱਕ ਹੁੰਦਾ ਹੈ। ਬਸ਼ਰਤੇ ਇਹ ਲੜੀ ਵਿਆਪਕ ਛੋਟਾਂ ਦੇ ਚਲਦਿਆਂ ਟੁੱਟੀ ਨਾ ਹੋਵੇ ਖ਼ਾਸ ਕਰਕੇ ਮੱਧਵਰਤੀ ਵਸਤਾਂ ਉਤੇ, ਇਹ ਸਵੈ-ਜ਼ਾਬਤਾ ਪੱਖ ਜੀ ਐੱਸ ਟੀ ਵਿੱਚ ਬਹੁਤ ਸ਼ਕਤੀਸ਼ਾਲੀ ਕੰਮ ਕਰ ਸਕਦਾ ਹੈ। ਦੂਜਾ ਜੀ ਐੱਸ ਟੀ ਉਤੇ ਦੂਹਰੇ ਨਿਗਰਾਨੀ ਢਾਂਚੇ ਨਾਲ ਸੰਬੰਧਿਤ ਹੈ – ਇਕ ਰਾਜਾਂ ਦੁਆਰਾ ਤੇ ਦੂਜਾ ਕੇਂਦਰ ਦੁਆਰਾ। ਆਲੋਚਕਾਂ ਤੇ ਕਰਦਾਤਿਆਂ ਵਲੋਂ ਦੋਹਰੇ ਢਾਂਚੇ ਨੂੰ ਚਿੰਤਾ ਨਾਲ ਵੇਖਿਆ ਗਿਆ ਹੈ, ਕਿਉਂਕਿ ਕਰ ਵਿਭਾਗ ਨਾਲ ਦੋ ਪੜਾਵੀ ਸਰੋਤਾਂ ਦਾ ਡਰ ਹੈ, ਜਿਸ ਕਰਕੇ ਪਰੇਸ਼ਾਨੀ ਦੇ ਦੋ ਸੰਭਾਵਿਤ ਸਰੋਤ ਨਜ਼ਰ ਆ ਰਹੇ ਹਨ। ਪਰ ਦੋਹਰੀ ਨਿਗਰਾਨੀ ਨੂੰ ਰਾਜਾਂ ਅਤੇ ਕੇਂਦਰ ਦੇ ਅਧਿਕਾਰੀਆਂ ਦਰਮਿਆਨ ਇੱਛਤ ਕਰ ਮੁਕਾਬਲੇਬਾਜ਼ੀ ਅਤੇ ਸਹਿਯੋਗ ਬਣਾਉਣ ਵਜੋਂ ਵੀ ਵੇਖਿਆ ਜਾਣਾ ਚਾਹੀਦਾ ਹੈ। ਕਰ ਅਧਿਕਾਰੀਆਂ ਦਾ ਇਕ ਵਰਗ ਚੋਰੀ ਨੂੰ ਨਜ਼ਰ ਅੰਦਾਜ਼ ਕਰਦਾ ਹੈ ਜਾਂ ਫੜਨ ਵਿੱਚ ਅਸਫਲ ਰਹਿੰਦਾ ਹੈ ਤਾਂ ਸੰਭਾਵਨਾ ਹੈ ਕਿ ਦੂਜੇ ਵਰਗ ਦੇ ਨਿਗਰਾਨੀ ਅਧਿਕਾਰੀ ਅਜਿਹਾ ਨਹੀਂ ਕਰਨਗੇ।

- ਵਿਭਿੰਨ ਕਰਾਂ ਦੇ ਦ੍ਰਿਸ਼ ਅਤੇ ਆਮ ਆਦਮੀ ਉਤੇ ਪੈਣ ਵਾਲੇ ਵਿਆਪਕ ਪ੍ਰਭਾਵ ਦੇ ਬੋਝ ਨੂੰ ਜੀ ਐੱਸ ਟੀ ਵਿੱਚ ਹੱਲ ਕੀਤਾ ਗਿਆ ਹੈ। ਪ੍ਰਸਤਾਵ ਦੇ ਢਾਂਚੇ ਵਿੱਚ ਦੋਹਰਾ ਜੀ ਐੱਸ

ਟੀ ਜਿਸ ਦਾ ਅਰਥ ਹੈ ਕਿ ਇਸ ਦਾ ਸੰਘੀ ਢਾਂਚਾ ਹੋਵੇਗਾ। ਜੀ ਐੱਸ ਟੀ ਵਿੱਚ ਮੁੱਖ ਤੌਰ ਤੇ ਤਿੰਨ ਪ੍ਰਕਾਰ ਦੇ ਕਰ ਹੋਣਗੇ – ਕੇਂਦਰੀ, ਰਾਜ ਅਤੇ ਏਕੀਕ੍ਰਿਤ ਜੀ ਐੱਸ ਟੀ ਜੋ ਅੰਤਰ-ਰਾਜੀ ਲੈਣ ਦੇਣ ਨਾਲ ਸਿੱਝਣ 'ਚ ਮਦਦ ਕਰਨਗੇ। ਮੌਜੂਦਾ ਜੀ ਐੱਸ ਟੀ ਕਰ ਸੁਧਾਰਾਂ ਤਹਿਤ ਵਸਤਾਂ ਤੇ ਸੇਵਾਵਾਂ ਦੀਆਂ ਸਾਰੀਆਂ ਕਿਸਮਾਂ ਦੀ ਪੂਰਤੀ ਜਿਵੇਂ ਤਬਦੀਲੀ, ਵਿਕਰੀ, ਵੱਟਾ, ਵਟਾਂਦਰਾ ਅਤੇ ਕਿਰਾਏ ਆਦਿ ਉਤੇ ਸੀ ਜੀ ਐੱਸ ਟੀ ਅਤੇ ਰਾਜ ਜੀ ਐੱਸ ਟੀ ਲਾਗੂ ਹੋਣਗੇ।

- ਅਨੇਕ ਕੇਂਦਰੀ ਤੇ ਰਾਜ ਕਰਾਂ ਦਾ ਇਕ ਇਕਹਿਰੇ ਕਰ ਵਿੱਚ ਮੇਲ ਕਰਨ ਨਾਲ ਦੋਹਰੇ ਕਰ ਲੱਗਣ ਤੋਂ ਛੁਟਕਾਰਾ ਮਿਲੇਗਾ ਜਿਸ ਨਾਲ ਇਕ ਰਾਸ਼ਟਰੀ ਬਾਜ਼ਾਰ ਬਣੇਗਾ। ਖਪਤਕਾਰਾਂ ਦੇ ਪੱਖ ਤੋਂ, ਲਾਭ ਵਸਤਾਂ ਉਤੇ ਲੱਗਣ ਵਾਲੇ ਕੁੱਲ ਕਰ ਬੋਝ ਵਿੱਚ ਕਮੀ ਹੋਵੇਗੀ ਜੋ ਵਰਤਮਾਨ ਸਮੇਂ ਅੰਦਾਜ਼ਨ 25-30 ਪ੍ਰਤਿਸ਼ਤ ਦਰਮਿਆਨ ਹੈ।

- ਕੀਮਤਾਂ ਵਿੱਚ ਕਮੀ : ਨਿਰਮਾਣਕਾਰਾਂ ਜਾਂ ਵਪਾਰੀਆਂ ਨੂੰ ਕਰਾਂ ਨੂੰ ਆਪਣੀ ਉਤਪਾਦਨ ਲਾਗਤ ਦੇ ਹਿੱਸੇ ਵਜੋਂ ਸ਼ਾਮਲ ਨਹੀਂ ਕਰਨਾ ਪਵੇਗਾ, ਜਿਸ ਨਾਲ ਕੀਮਤਾਂ ਵਿੱਚ ਕਮੀ ਆਵੇਗੀ।

- ਘੱਟ ਪਾਲਣਾ ਅਤੇ ਪ੍ਰਕਿਰਿਆਤਮਕ ਲਾਗਤ : ਪਾਲਣਾ ਜ਼ਰੂਰੀ ਕਰਨ ਲਈ ਬੋਝ ਵਿੱਚ ਕਮੀ ਆਵੇਗੀ। ਇਸੇ ਤਰ੍ਹਾਂ ਕੇਂਦਰੀ ਜੀ ਐੱਸ ਟੀ, ਰਾਜ ਜੀ ਐੱਸ ਟੀ ਅਤੇ ਏਕੀਕ੍ਰਿਤ ਜੀ ਐੱਸ ਟੀ ਦਾ ਵੱਖੋ ਵੱਖਰਾ ਰਿਕਾਰਡ ਰੱਖਣਾ ਜ਼ਰੂਰੀ ਨਹੀਂ ਹੋਵੇਗਾ।

- ਜੀ ਐੱਸ ਟੀ ਤੇ ਸਫਲਤਾ ਪੂਰਵਕ ਅਮਲ ਵਿਦੇਸ਼ੀ ਨਿਵੇਸ਼ਕਾਂ ਨੂੰ ਇਹ ਮਜਬੂਤ ਸੰਕੇਤ ਦੇਵੇਗਾ ਕਿ ਭਾਰਤ ਵਪਾਰ ਕਰਨ ਦੀ ਸਹੂਲੀਅਤ ਦੇ ਸਮਰੱਥ ਹੈ।

- ਜੀ ਐੱਸ ਟੀ ਉਤਪਾਦਕਾਂ 'ਤੇ ਕਰਾਂ ਦਾ ਬੋਝ ਘੱਟ ਕਰੇਗਾ ਅਤੇ ਜ਼ਿਆਦਾ ਉਤਪਾਦਨ ਨਾਲ ਵਿਕਾਸ ਨੂੰ ਹੁਲਾਰਾ ਦੇਵੇਗਾ। ਦੋਹਰੇ ਕਰ ਨਿਰਮਾਣਕਾਰਾਂ ਨੂੰ ਵੱਧ ਤੋਂ ਵੱਧ ਸਮਰੱਥਾ ਤੱਕ ਉਤਪਾਦਨ ਕਰਨ ਤੋਂ ਰੋਕਦੇ ਹਨ ਅਤੇ ਵਿਕਾਸ ਵਿੱਚ ਖੜੋਤ ਆ ਜਾਂਦੀ ਹੈ। ਨਿਰਮਾਣਕਾਰਾਂ ਨੂੰ ਟੈਕਸ ਕ੍ਰੈਡਿਟ ਦੇ ਕੇ ਜੀ ਐੱਸ ਟੀ ਇਸ ਸਮੱਸਿਆ ਦਾ ਹੱਲ ਕਰੇਗਾ।

- ਵੱਖ-ਵੱਖ ਕਰ ਨਾਕੇ ਜਿਵੇਂ ਚੈੱਕ ਪੋਸਟ ਅਤੇ ਟੋਲ ਪਲਾਜ਼ੇ ਇਕ ਤੋਂ ਦੂਜੀ ਥਾਂ ਲਿਜਾਈਆਂ ਜਾ ਰਹੀਆਂ ਖਰਾਬ ਹੋ ਸਕਣ ਵਾਲੀਆਂ ਵਸਤਾਂ ਦੇ ਵੱਡੇ ਖਰਾਬੇ ਦਾ ਕਾਰਨ ਬਣਦੇ ਹਨ। ਇਹ ਅਜਿਹਾ ਨੁਕਸਾਨ ਹੈ ਜੋ ਵਾਧੂ ਭੰਡਾਰਾਂ ਅਤੇ ਗੁਦਾਮਾਂ ਦੇ ਖਰਚਿਆਂ ਕਾਰਨ ਵੱਡੀ ਲਾਗਤ ਕਰ ਦੇਵੇਗਾ।

- ਉਤਪਾਦਕਾਂ ਉਤੇ ਇਕਹਿਰਾ ਕਰ ਲੱਗਣ ਨਾਲ ਖਪਤਕਾਰ ਲਈ ਆਖਰੀ ਵੇਚ ਕੀਮਤ ਵੀ ਘੱਟ ਹੋਵੇਗੀ ਜਿਸ ਨਾਲ ਆਮ ਆਦਮੀ ਉਤੇ ਬੋਝ ਘਟੇਗਾ। ਪ੍ਰਣਾਲੀ ਹੋਰ ਜ਼ਿਆਦਾ ਪਾਰਦਰਸ਼ੀ ਹੋ ਜਾਵੇਗੀ ਕਿਉਂਕਿ ਖਪਤਕਾਰ ਨੂੰ ਪਤਾ ਹੋਵੇਗਾ ਉਨ੍ਹਾਂ ਤੋਂ ਕਿਸ ਅਧਾਰ ਉਤੇ ਕਿੰਨੇ ਕਰ ਵਸੂਲੇ ਜਾ ਰਹੇ ਹਨ।

- ਜੀ ਐੱਸ ਟੀ ਵਸਤਾਂ/ਸੇਵਾਵਾਂ ਦੀ ਲੜੀ ਵਿੱਚ ਉਤਪਾਦਕਾਂ ਵਲੋਂ ਪਹਿਲਾਂ ਅਦਾ ਕੀਤੇ ਕਰਾਂ ਨੂੰ ਵਾਪਸ ਕਰਨ ਦਾ ਪ੍ਰਾਵਧਾਨ ਕਰਦਾ ਹੈ। ਇਸ ਨਾਲ ਇਨ੍ਹਾਂ ਉਤਪਾਦਕਾਂ ਨੂੰ ਵੱਖ-ਵੱਖ ਪੰਜੀਕ੍ਰਿਤ ਵਿਕ੍ਰੇਤਾਵਾਂ ਤੋਂ ਕੱਚਾ ਮਾਲ ਖਰੀਦਣ ਲਈ ਉਤਸ਼ਾਹ ਮਿਲੇਗਾ ਜਿਸ ਦੇ ਸਿੱਟੇ ਵਜੋਂ ਹੋਰ ਜ਼ਿਆਦਾ ਵਿਕਰੇਤਾ ਅਤੇ ਪੂਰਤੀਕਾਰ ਕਰਾਂ ਦੇ ਦਾਇਰੇ ਵਿੱਚ ਆਉਣਗੇ। ਜੀ ਐੱਸ ਟੀ ਵਿੱਚ ਨਿਰਯਾਤ ਉਤੇ ਲੱਗਣ ਵਾਲੇ ਸੀਮਾ ਸ਼ੁਲਕ ਨੂੰ ਵੀ ਖਤਮ ਕਰ ਦਿੱਤਾ ਜਾਵੇਗਾ।

## ਆਰਥਿਕਤਾ ਦੇ ਕੁੱਝ ਵੱਡੇ ਖੇਤਰਾਂ ਉਤੇ ਜੀ ਐੱਸ ਟੀ ਦਾ ਪ੍ਰਭਾਵ

***ਅਚੱਲ ਜਾਇਦਾਦ ਖੇਤਰ :*** ਅਗਲੇ ਪਿਛਲੇ ਸੰਬੰਧ ਕਾਰਕਾਂ ਕਰਕੇ ਅਚੱਲ ਜਾਇਦਾਦ ਖੇਤਰ ਦੇ ਮਜਬੂਤ ਆਰਥਿਕ ਗੁਣਕ ਪ੍ਰਭਾਵ ਹਨ। ਖੇਤੀਬਾੜੀ ਤੋਂ ਬਾਅਦ ਉਸਾਰੀ ਦੇਸ਼ ਭਰ ਵਿੱਚ ਦੂਜਾ ਸਭ ਤੋਂ ਵੱਡਾ ਰੋਜ਼ਗਾਰ ਨਿਰਮਾਣ ਦਾ ਸਰੋਤ ਹੈ ਜਿਸ ਦਾ ਕੁੱਲ ਘਰੇਲੂ ਉਤਪਾਦ ਵਿੱਚ ਵੱਡਾ ਯੋਗਦਾਨ ਹੈ। 2015-16 ਦੇ ਆਰਥਿਕ ਸਰਵੇਖਣ ਮੁਤਾਬਕ, 2013-14 ਵਿੱਚ ਅਚੱਲ ਜਾਇਦਾਦ ਖੇਤਰ ਭਾਰਤ ਦੇ ਕੁੱਲ ਘਰੇਲੂ ਉਤਪਾਦ ਦਾ 7.4 ਪ੍ਰਤਿਸ਼ਤ ਸੀ। ਮੌਜੂਦਾ ਅਸਿੱਧੇ ਕਰ ਨਿਜ਼ਾਮ ਤਹਿਤ ਅਚੱਲ ਜਾਇਦਾਦ ਉਦਯੋਗ ਪ੍ਰਾਵਧਾਨਾਂ ਦੀ ਅਸਪੱਸ਼ਟਤਾ ਅਤੇ ਜ਼ਿਆਦਾ ਕਰ ਲੱਗਣ ਕਰਕੇ ਝਗੜਿਆਂ ਵਿੱਚ ਉਲਝਿਆ ਹੋਇਆ ਹੈ।

ਮੌਜੂਦਾ ਕਾਨੂੰਨ ਤਹਿਤ ਵੱਖ-ਵੱਖ ਕਿਸਮਾਂ ਦੇ ਕਿਹੜੇ ਕਰ ਸ਼ਾਮਲ ਹਨ ਜੋ ਜਾਇਦਾਦ ਦੀ ਉਸਾਰੀ ਤੋਂ ਲੈ ਕੇ ਗਾਹਕ ਨੂੰ ਵਿਕਰੀ ਹੋਣ ਤੱਕ ਫੈਲੇ ਹੋਏ ਹਨ :

- ਸੇਵਾ ਕਰ, ਮੁੱਲ ਵਾਧਾ ਕਰ (ਵੈਟ), ਅਸ਼ਟਾਮ ਸ਼ੁਲਕ, ਉਸਾਰੀ ਤੇ ਨਿਰਮਾਣ ਉਪਰ ਕਰ ਆਦਿ, ਹੋਰ ਕਈ ਪ੍ਰਕਾਰ ਦੇ ਕਰ ਹਨ ਜੋ ਖਰੀਦ ਲਾਗਤਾਂ ਵਿੱਚ ਸ਼ਾਮਲ ਹਨ (ਜਿਵੇਂ ਆਬਕਾਰੀ ਸ਼ੁਲਕ, ਕੇਂਦਰੀ ਵਿਕਰੀ ਕਰ ਆਦਿ)। ਇਸ ਕਰਕੇ ਉਸਾਰੀ ਅਧੀਨ ਜਾਇਦਾਦ ਉਤੇ ਵਰਤਮਾਨ ਨਿਜ਼ਾਮ ਅਧੀਨ ਕਈ ਪ੍ਰਕਾਰ ਦੇ ਕਰ/ਸ਼ੁਲਕ ਲਾਏ ਜਾਂਦੇ ਹਨ ਜਿਸ ਨਾਲ ਕਰਾਂ ਵਿੱਚ ਵੱਡਾ ਵਾਧਾ ਹੁੰਦਾ ਹੈ ਅਤੇ ਘਰ ਖਰੀਦਣ ਵਾਲੇ ਉਤੇ ਕਰਾਂ ਦਾ ਵੱਡਾ ਬੋਝ ਪੈਂਦਾ ਹੈ।

**ਪ੍ਰਸਤਾਵਿਤ ਜੀ ਐੱਸ ਟੀ ਨਿਜ਼ਾਮ ਦਾ ਟੀਚਾ ਦੇਸ਼ ਵਿੱਚ ਅਸਿੱਧੇ ਕਰਾਂ ਦੇ ਨਿਜ਼ਾਮ ਨੂੰ ਸਰਲ ਤੇ ਤਰਕਸੰਗਤ ਕਰਨਾ ਹੈ। ਜੀ ਐੱਸ ਟੀ ਵਸਤਾਂ ਤੇ ਸੇਵਾਵਾਂ, ਦੋਵਾਂ ਉਤੇ ਲਾਇਆ ਜਾਵੇਗਾ ਜੋ ਜ਼ਿਆਦਾਤਰ ਅਸਿੱਧੇ ਕਰਾਂ ਨੂੰ ਆਪਣੇ ਅੰਦਰ ਸਮਾਅ ਲਵੇਗਾ (ਕੁੱਝ ਕਰਾਂ ਨੂੰ ਛੱਡ ਕੇ ਜਿਵੇਂ ਕਿ ਅਸ਼ਟਾਮ ਸ਼ੁਲਕ)। ਇਸੇ ਲਈ ਇਸ ਨੂੰ ਵੱਡਾ ਕਰ ਸੁਧਾਰ ਗਰਦਾਨਿਆ ਜਾ ਰਿਹਾ ਹੈ। ਮੁਕੰਮਲ ਹੋਈ ਜਾਇਦਾਦ ਦੀ ਤਬਦੀਲੀ ਜੀ ਐੱਸ ਟੀ ਦੇ ਦਾਇਰੇ ਤੋਂ ਬਾਹਰ ਰਹੇਗੀ ਜਿਸ ਉਤੇ ਸਿਰਫ ਉੱਚਿਤ ਅਸ਼ਟਾਮ ਸ਼ੁਲਕ ਹੀ ਦੇਣਾ ਹੋਵੇਗਾ।**

ਜੀ ਐੱਸ ਟੀ ਲਾਗੂ ਹੋਣ ਨਾਲ ਅਚੱਲ ਜਾਇਦਾਦ ਖੇਤਰ ਵਿੱਚ ਪਾਰਦਰਸ਼ਿਤਾ ਆਉਣ ਦੀ ਆਸ ਹੈ ਜਿਸ ਦੇ ਸਿੱਟੇ ਵਜੋਂ ਜ਼ਿਆਦਾ ਢੁੱਕਵੇਂ ਲੈਣ-ਦੇਣ ਉਤੇ ਨਜ਼ਰ ਰੱਖਣ ਵਾਲੇ ਤਰੀਕਿਆਂ ਕਾਰਨ ਕਰ ਚੋਰੀ ਨੂੰ ਨੱਥ ਪਵੇਗੀ ਅਤੇ ਤਾਮੀਲ ਉਤੇ ਅਮਲ ਵਿੱਚ ਸੁਧਾਰ ਆਵੇਗਾ। ਕਿਉਂਕਿ ਜੀ ਐੱਸ ਟੀ ਇਕਹਿਰੇ ਮੁੱਲ ਉਤੇ ਲਾਇਆ ਜਾਵੇਗਾ, ਇਸ ਲਈ ਕਰ ਉਤੇ ਕਰ ਲਾਉਣ ਦਾ ਮੁੱਦਾ (ਕੇਂਦਰੀ ਆਬਕਾਰੀ

ਸ਼ੁਲਕ ਤੇ ਵੈਟ) ਖਤਮ ਹੋ ਜਾਣ ਦੀ ਆਸ ਹੈ।

ਮੌਜੂਦਾ ਸਮੇਂ ਵਿਕਾਸਕਾਰ ਪੂਰਤੀ ਉਤੇ ਵੱਖ-ਵੱਖ ਗ਼ੈਰ-ਵਸੂਲੀਯੋਗ ਕਰ ਅਦਾ ਕਰਦੇ ਹਨ। ਜੀ ਐੱਸ ਟੀ ਇਨ੍ਹਾਂ ਬਹੁਤੇ ਕਰਾਂ ਨੂੰ ਇਕ ਕਰ ਵਿੱਚ ਬਦਲ ਦੇਵੇਗਾ; ਪੂਰਤੀ ਤੇ ਕ੍ਰੈਡਿਟ ਵੀ ਉਪਲਬਧ ਹੋਵੇਗਾ ਜਿਸ ਨਾਲ ਸਾਰੀਆਂ ਧਿਰਾਂ ਵਾਸਤੇ ਲਾਗਤਾਂ ਘੱਟ ਹੋ ਜਾਣਗੀਆਂ। ਪਰ, ਜੇ ਅਚੱਲ ਜਾਇਦਾਦ ਉਤਪਾਦਨ ਨੂੰ ਛੋਟ ਦੇ ਦਿੱਤੀ ਜਾਂਦੀ ਹੈ ਤਾਂ ਲਾਗਤ ਜੀ ਐੱਸ ਟੀ ਕ੍ਰੈਡਿਟ ਇਸ ਖੇਤਰ ਲਈ ਵੱਡੀ ਕੀਮਤ ਹੋਵੇਗੀ ਜਿਸ ਨਾਲ ਪੈਸੇ ਵਿੱਚ ਖੜੋਤ ਆ ਜਾਵੇਗੀ ਅਤੇ ਖਪਤਕਾਰਾਂ ਨੂੰ ਉੱਚੀ ਕੀਮਤ ਅਦਾ ਕਰਨੀ ਪਵੇਗੀ।

***ਸਿਹਤ ਸੰਭਾਲ ਖੇਤਰ :*** ਇਸ ਉਦਯੋਗ ਦਾ ਵੱਡਾ ਤੌਖਲਾ ਵਰਤਮਾਨ ਉਲਟਾ ਸ਼ੁਲਕ ਢਾਂਚਾ ਹੈ ਜਿਸ ਨੇ ਘਰੇਲੂ ਨਿਰਮਾਣਕਾਰਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ ਕਿਉਂਕਿ ਲਾਗਤ ਖਰਚੇ ਉਤਪਾਦਨ ਤੋਂ ਵੱਧ ਹੋ ਗਏ ਹਨ। ਇਸ ਨਾਲ ਇਸ ਉਦਯੋਗ ਵਿੱਚ ਨਿਵੇਸ਼ ਨੂੰ ਧੱਕਾ ਲਗਦਾ ਹੈ। ਜੀ ਐੱਸ ਟੀ ਵਿੱਚ ਜਾਂ ਤਾਂ ਇਸ ਉਲਟ ਸ਼ੁਲਕ ਢਾਂਚੇ ਨੂੰ ਖਤਮ ਕਰ ਦਿੱਤਾ ਜਾਵੇ ਜਾਂ ਜਮ੍ਹਾਂ ਪੈਸੇ ਦੀ ਵਾਪਸੀ ਦੀ ਆਗਿਆ ਦਿੱਤੀ ਜਾਵੇ। ਇਹ ਇਸ ਉਦਯੋਗ ਲਈ ਵਰਦਾਨ ਹੋਵੇਗਾ ਜੋ ਇਸ ਦੇ ਵਿਕਾਸ ਲਈ ਉਤਪ੍ਰੇਰਕ ਦਾ ਕੰਮ ਕਰ ਸਕਦਾ ਹੈ।

ਆਯਾਤ ਸ਼ੁਲਕ ਤੇ ਮੌਜੂਦਾ ਵਾਧੇ ਵਾਲਾ ਕਰ ਢਾਂਚਾ ਉਦਯੋਗ ਲਈ ਮਸ਼ੀਨਰੀ ਦਾ ਨਿਰਯਾਤ ਹੋਰ ਮਹਿੰਗਾ ਬਣਾ ਰਿਹਾ ਹੈ। ਉਮੀਦ ਹੈ ਕਿ ਜੀ ਐੱਸ ਟੀ ਇਸ ਲਾਗਤ ਨੂੰ ਘੱਟ ਕਰੇਗਾ। ਜੀ ਐੱਸ ਟੀ ਦਾ ਦਵਾਈ ਖੇਤਰ ਉਤੇ ਹਾਂ ਪੱਖੀ ਪ੍ਰਭਾਵ ਪੈਣ ਦੀ ਆਸ ਕੀਤੀ ਜਾਂਦੀ ਹੈ। ਕਰ ਢਾਂਚੇ ਦੇ ਸਰਲੀਕਰਨ ਨਾਲ ਇਹ ਉਦਯੋਗ ਲਈ ਸਹਾਈ ਹੋਵੇਗਾ ਕਿਉਂਕਿ ਮੌਜੂਦਾ ਸਮੇਂ ਦਵਾਈ ਸੱਨਅਤ ਉਤੇ ਅੱਠ ਵੱਖ-ਵੱਖ ਕਿਸਮ ਦੇ ਕਰ ਲਾਏ ਜਾਂਦੇ ਹਨ। ਇਨ੍ਹਾਂ ਨੂੰ ਇਕ ਕਰ ਵਿੱਚ ਤਬਦੀਲ ਕਰਨ ਨਾਲ ਵਪਾਰ ਕਰਨ ਵਿੱਚ ਸੌਖ ਹੋਵੇਗੀ ਅਤੇ ਨਾਲ ਦੀ ਨਾਲ ਇਕ ਉਤਪਾਦ ਉਤੇ ਕਈ ਕਰ ਲਾਉਣ ਦੇ ਮਾੜੇ ਪ੍ਰਭਾਵ ਤੋਂ ਨਿਜਾਤ ਮਿਲ ਸਕੇਗੀ।

ਇਸ ਤੋਂ ਇਲਾਵਾ, ਪੂਰਤੀ ਲੜੀ ਵਿੱਚ ਸੁਧਾਰ ਨਾਲ ਜੀ ਐੱਸ ਟੀ ਸੰਚਾਲਨ ਕੁਸ਼ਲਤਾ ਵਿੱਚ ਵਾਧਾ ਵੀ ਕਰੇਗਾ ਜੋ ਇਕੱਲਾ ਹੀ ਭਾਰਤ ਦੇ ਦਵਾਈ ਬਾਜ਼ਾਰ ਦੇ ਅਕਾਰ ਵਿੱਚ 2 ਪ੍ਰਤਿਸ਼ਤ ਦਾ ਵਾਧਾ ਕਰਨ ਦੇ ਸਮਰੱਥ ਹੈ। ਕਿਉਂਕਿ ਜੀ ਐੱਸ ਟੀ ਦਵਾਈ ਕੰਪਨੀਆਂ ਨੂੰ ਪੂਰਤੀ ਲੜੀ ਤਰਕਸੰਗਤ ਬਣਾਉਣ ਵਿੱਚ ਮਦਦ ਕਰੇਗਾ, ਇਸ ਲਈ ਉਨ੍ਹਾਂ ਨੂੰ ਆਪਣੇ ਵੰਡ ਨੈੱਟਵਰਕ ਅਤੇ ਰਣਨੀਤੀ ਦੀ ਸਮੀਖਿਆ ਕਰਨੀ ਪਵੇਗੀ। ਇਸ ਦੇ ਨਾਲ ਹੀ, ਜੀ ਐੱਸ ਟੀ ਉਤੇ ਅਮਲ ਨਾਲ ਕਰ ਕ੍ਰੈਡਿਟ ਦਾ ਨਿਰੰਤਰ ਪ੍ਰਵਾਹ, ਕੁੱਲ ਤਾਮੀਲ ਵਿੱਚ ਸੁਧਾਰ ਹੋਵੇਗਾ। ਇਸ ਵਲੋਂ ਭਾਰਤ ਵਿੱਚ ਦਵਾਈ ਕੰਪਨੀਆਂ ਲਈ ਬਰਾਬਰੀ ਦੇ ਮੌਕੇ ਪੈਦਾ ਕਰਨ ਦੀ ਆਸ ਵੀ ਕੀਤੀ ਜਾਂਦੀ ਹੈ। ਕੰਪਨੀਆਂ ਲਈ ਇਕ ਵੱਡਾ ਲਾਭ ਲੈਣ ਦੇਣ ਲਾਗਤਾਂ ਵਿੱਚ ਕਮੀ ਹੋਵੇਗਾ ਕਿਉਂਕਿ ਕੇਂਦਰੀ ਵਿਕਰੀ ਕਰ ਨੂੰ ਖਤਮ ਕਰ ਦਿੱਤਾ ਜਾਵੇਗਾ। ਜੀ ਐੱਸ ਟੀ ਵਲੋਂ ਨਿਰਮਾਣ ਲਾਗਤਾਂ ਵਿੱਚ ਕਮੀ ਲਿਆਉਣ ਦੀ ਵੀ ਉਮੀਦ ਕੀਤੀ ਜਾਂਦੀ ਹੈ। ਉਤਪਾਦਨ ਤੇ ਵੰਡ ਲਾਗਤ ਵਿੱਚ 2 ਪ੍ਰਤਿਸ਼ਤ ਕਮੀ ਵੀ ਹੋਣ ਨਾਲ ਮੁਨਾਫੇ ਵਿੱਚ 20 ਪ੍ਰਤਿਸ਼ਤ ਤੋਂ ਵੱਧ ਇਜ਼ਾਫਾ ਹੋਵੇਗਾ। ਜੇ ਜੀ ਐੱਸ ਟੀ ਦਰ ਮੌਜੂਦਾ ਕਰਾਂ ਦੀ ਦਰ ਤੋਂ ਘੱਟ ਹੋਵੇਗੀ ਤਾਂ ਸਿਹਤ ਸੰਭਾਲ ਅਤੇ ਦਵਾਈਆਂ ਹੋਰ ਸਸਤੀਆਂ ਹੋਣ ਕਰਕੇ ਅਖੀਰ ਨੂੰ ਖਪਤਕਾਰਾਂ ਦਾ ਹੀ ਫਾਇਦਾ ਹੋਵੇਗਾ ਜੋ ਪਹਿਲਾਂ ਹੀ ਭਾਰਤ ਸਰਕਾਰ ਲਈ ਇਕ ਵੱਡਾ ਟੀਚਾ ਹੈ।

ਇਸ ਖੇਤਰ ਨੂੰ ਅਨੇਕ ਕਰ ਛੋਟਾਂ ਅਤੇ ਲਾਭ ਦਿੱਤੇ ਜਾ ਰਹੇ ਹਨ। ਇਹ ਹਾਲੇ ਵੀ ਸਪੱਸ਼ਟ ਨਹੀਂ ਕਿ ਕੀ ਇਹ ਲਾਭ ਜੀ ਐੱਸ ਟੀ ਵਿੱਚ ਜਾਰੀ ਰਹਿਣਗੇ ਜਾਂ ਨਹੀਂ। ਸਿਹਤ ਬੀਮਾ ਅਤੇ ਜਾਂਚ ਕੇਂਦਰ, ਜੋ ਮੁੱਖ ਤੌਰ ਤੇ ਸੇਵਾ ਮੁਖੀ ਹਨ, ਤੇ ਉੱਚ ਕਰ ਦਰਾਂ ਲਾਗੂ ਹੋ ਸਕਦੀਆਂ ਹਨ ਜਿਸ ਨਾਲ ਖਪਤਕਾਰਾਂ ਲਈ ਇਹ ਸੇਵਾਵਾਂ ਹੋਰ ਮਹਿੰਗੀਆਂ ਹੋ ਜਾਣਗੀਆਂ।

***ਬੈਂਕਿੰਗ ਤੇ ਵਿੱਤੀ ਸੇਵਾਵਾਂ ਖੇਤਰ :*** ਭਾਰਤ ਵਿੱਚ ਜ਼ਿਆਦਾਤਰ ਬੈਂਕਿੰਗ ਤੇ ਵਿੱਤੀ ਸੇਵਾਵਾਂ 14.5 ਪ੍ਰਤਿਸ਼ਤ ਦੀ ਦਰ ਨਾਲ ਸੇਵਾ ਕਰ ਦੇ ਦਾਇਰੇ ਹੇਠ ਆਉਂਦੀਆਂ ਹਨ ਜਦ ਕਿ ਜੀ ਐੱਸ ਟੀ ਦਰ 18 ਤੋਂ 20 ਪ੍ਰਤਿਸ਼ਤ ਹੋਣ ਦੀ ਉਮੀਦ ਹੈ। ਇਸ ਪ੍ਰਕਾਰ ਇਹ ਸੇਵਾਵਾਂ ਮਹਿੰਗੀਆਂ ਹੋ ਜਾਣਗੀਆਂ। ਜੀ ਐੱਸ ਟੀ ਮਾਮਲੇ ਨੂੰ ਪਰੇਸ਼ਾਨੀ ਵਾਲਾ ਬਣਾ ਸਕਦਾ ਹੈ ਕਿਉਂਕਿ ਵਿੱਤੀ ਸੇਵਾਵਾਂ ਦੇਣ ਵਾਲਿਆਂ ਨੂੰ ਮੌਜੂਦਾ ਇਕਹਿਰੇ, ਕੇਂਦਰੀਕ੍ਰਿਤ ਪੰਜੀਕਰਨ ਤਾਮੀਲ ਦੀ ਬਜਾਇ ਇਕ ਤੋਂ ਵੱਧ ਰਾਜਾਂ ਵਿੱਚ ਪਾਲਣ ਕਰਨ ਦੀ ਲੋੜ ਹੋਵੇਗੀ। ਜੀ ਐੱਸ ਟੀ ਮੰਜ਼ਲ ਅਧਾਰਤ ਕਰ ਹੈ, ਇਸ ਲਈ ਕੁੱਝ ਸੇਵਾਵਾਂ ਦੀ ਮੰਜ਼ਲ ਨਿਰਧਾਰਤ ਕਰਨਾ ਇਕ ਚੁਨੌਤੀ ਹੋਵੇਗੀ (ਮੌਜੂਦਾ ਸਮੇਂ ਸੇਵਾਵਾਂ ਦੇਣ ਵਾਲੇ ਸਥਾਨ ਤੇ ਕਰ ਲਾਇਆ ਜਾਂਦਾ ਹੈ)। ਇਸ ਨਾਲ ਬੀ 2 ਬੀ ਅਤੇ ਬੀ 2 ਸੀ ਲੈਣ ਦੇਣ ਦੇ ਮਾਮਲੇ ਵਿੱਚ ਜੀ ਐੱਸ ਟੀ, ਕੇਂਦਰੀ ਜੀ ਐੱਸ ਟੀ, ਜਾਂ ਅੰਤਰਰਾਜੀ ਜੀ ਐੱਸ ਟੀ ਦਾ ਨਿਰਧਾਰਣ ਕਰਨ ਵਿੱਚ ਮੁਸ਼ਕਿਲ ਪੇਸ਼ ਆਵੇਗੀ। ਕਰਜ਼ੇ ਤੇ ਵਿਆਜ, ਪ੍ਰਤਿਭੂਤੀ ਵਪਾਰ, ਵਿਦੇਸ਼ੀ ਸਿੱਕਾ ਅਤੇ ਪ੍ਰਚੂਨ ਸੇਵਾਵਾਂ ਦੇ ਵੀ ਜੀ ਐੱਸ ਟੀ ਦਾਇਰੇ ਵਿੱਚ ਆਉਣ ਦੀ ਉਮੀਦ ਹੈ। ਬੈਂਕਿੰਗ ਉਦਯੋਗ ਦੀਆਂ ਸਿਫਾਰਸ਼ਾਂ ਵਿੱਚ ਸੁਝਾਅ ਦਿੱਤਾ ਗਿਆ ਹੈ ਕਿ ਅਜਿਹੀਆਂ ਸੇਵਾਵਾਂ ਅਤੇ ਆਮਦਨ ਜੀ ਐੱਸ ਟੀ ਦੇ ਦਾਇਰੇ ਹੇਠ ਨਹੀਂ ਆਉਣੇ ਚਾਹੀਦੇ। ਹਾਲੇ ਇਹ ਵੇਖਣਾ ਹੋਵੇਗਾ ਕਿ ਕੀ ਇਨ੍ਹਾਂ ਸਿਫਾਰਸ਼ਾਂ ਨੂੰ ਪ੍ਰਵਾਨ ਕੀਤਾ ਜਾਵੇਗਾ।

**ਕੁੱਲ ਮਿਲਾ ਕੇ, ਅਜਿਹਾ ਪ੍ਰਤੀਤ ਹੁੰਦਾ ਹੈ ਕਿ ਬੈਂਕਿੰਗ ਤੇ ਵਿੱਤੀ ਸੇਵਾਵਾਂ ਉਤੇ ਜੀ ਐੱਸ ਟੀ ਥੋਪਣਾ ਇਕ ਚੁਨੌਤੀ ਬਣ ਸਕਦਾ ਹੈ ਅਤੇ ਜੇਭਾਰਤ ਇਸ ਵਿੱਚ ਸਫਲ ਹੋ ਜਾਂਦਾ ਹੈ ਤਾਂ ਇਕ ਨਵੇਂ ਅਧਿਆਏ ਦੀ ਸ਼ੁਰੂਆਤ ਹੋ ਜਾਵੇਗੀ ਜੋ ਬਾਕੀ ਦੁਨੀਆਂ ਲਈ ਇਕ ਮਿਸਾਲ ਬਣ ਸਕਦਾ ਹੈ।**

***ਯਾਤਰਾ, ਸੈਰ ਸਪਾਟਾ ਅਤੇ ਆਉ-ਭਗਤ :*** ਭਾਰਤ ਦੇ ਯਾਰਤਾ, ਸੈਰ-ਸਪਾਟਾ ਅਤੇ ਆਉ-ਭਗਤ ਉਦਯੋਗਾਂ ਉਤੇ ਕੇਂਦਰ ਤੇ ਰਾਜਾਂ, ਦੋਵਾਂ ਵਲੋਂ ਕਈ ਤਰ੍ਹਾਂ ਦੇ ਕਰ ਲਾਏ ਜਾਂਦੇ ਹਨ। ਆਸ ਕੀਤੀ ਜਾਂਦੀ ਹੈ ਕਿ ਜੀ ਐੱਸ ਟੀ ਵਿੱਚ ਹੋਟਲਾਂ ਤੇ ਰੈਸਤਰਾਂ ਦੀ ਪੂਰਤੀ ਉਤੇ ਇਕ ਕਰ ਲਾਇਆ ਜਾਵੇਗਾ। ਮੌਜੂਦਾ ਸਮੇਂ ਹੋਟਲਾਂ ਅਤੇ ਰਿਜ਼ਾਰਟ ਦੇ ਨਵੀਨੀਕਰਨ ਜਾਂ ਉਸਾਰੀ ਲਈ ਲਾਗਤ ਸੇਵਾਵਾਂ ਉਤੇ ਕੋਈ ਕ੍ਰੈਡਿਟ ਉਪਲਬਧ ਨਹੀਂ ਹੈ। ਇਸ ਦੇ ਜੀ ਐੱਸ ਟੀ ਵਿੱਚ ਬਦਲਣ ਦੀ ਆਸ ਹੈ। ਖੋਜ ਤੇ ਵਿਕਾਸ ਸੈੱਸ, ਜੋ ਸੁਵਿਧਾ ਫੀਸ ਅਤੇ ਤਕਨੀਕੀ ਜਾਣਕਾਰੀ ਤੇ ਅਦਾਇਗੀ

ਯੋਗ ਹੁੰਦਾ ਹੈ, ਨੂੰ ਜੀ ਐੱਸ ਟੀ ਵਿੱਚ ਮਿਲਾ ਦੇਣ ਦੀ ਉਮੀਦ ਹੈ ਜਿਸ ਨਾਲ ਪਾਲਣ ਪ੍ਰਕਿਰਿਆਵਾਂ ਅਸਾਨ ਹੋ ਜਾਣਗੀਆਂ ਅਤੇ ਬਹੁ-ਪ੍ਰਕਾਰੀ ਕਰ ਘੱਟ ਹੋ ਜਾਣਗੇ। ਪਰ, ਇਹ ਸਪੱਸ਼ਟ ਨਹੀਂ ਕਿ ਕੀ ਮੌਜੂਦਾ ਵਿਦੇਸ਼ੀ ਵਪਾਰ ਨੀਤੀ ਅਧੀਨ ਉਪਲਬਧ ਲਾਭ ਜੀ ਐੱਸ ਟੀ ਅਧੀਨ ਜਾਰੀ ਰਹਿਣਗੇ ਜਾਂ ਨਹੀਂ। ਜੇ ਅਜਿਹੇ ਲਾਭ ਦਿੱਤੇ ਜਾਂਦੇ ਹਨ ਤਾਂ ਹੋ ਸਕਦਾ ਹੈ ਕਿ ਲਾਗਤ ਕ੍ਰੈਡਿਟ ਨਾ ਉਪਲਬਧ ਹੋਵੇ ਜਿਸ ਨਾਲ ਕੀਮਤਾਂ ਵਧ ਸਕਦੀਆਂ ਹਨ। ਕੁੱਲ ਮਿਲਾ ਕੇ, ਲਗਦਾ ਹੈ ਕਿ ਜੀ ਐੱਸ ਟੀ ਬਹੁ ਪ੍ਰਕਾਰੀ ਕਰਾਂ ਅਤੇ ਕ੍ਰੈਡਿਟ ਦੀ ਕਮੀ ਨੂੰ ਖਤਮ ਕਰ ਦੇਵੇਗਾ। ਪਰ, ਇਸ ਨਾਲ ਕਰ ਦਰਾਂ ਵਿੱਚ ਵਾਧਾ ਵੀ ਹੋ ਸਕਦਾ ਹੈ।

***ਸਿੱਖਿਆ ਖੇਤਰ :*** ਸਕੂਲਾਂ ਤੇ ਕਾਲਜਾਂ ਵਲੋਂ ਪ੍ਰਦਾਨ ਕੀਤੀਆਂ ਸੇਵਾਵਾਂ ਉਤੇ ਜਾਂ ਤਾਂ ਕਰ ਨਹੀਂ ਲਗਦਾ ਜਾਂ ਉਹ ਨਾਂਹਵਾਚਕ ਸੂਚੀ ਵਿੱਚ ਸ਼ਾਮਲ ਹਨ।

ਇਹੀ ਸਥਿਤੀ ਜੀ ਐੱਸ ਟੀ ਦੇ ਅਮਲ ਵਿੱਚ ਆਉਣ ਤੋਂ ਬਾਅਦ ਵੀ ਜਾਰੀ ਰਹਿਣ ਦੀ ਆਸ ਹੈ। ਜੇ ਅਜਿਹਾ ਨਹੀਂ ਹੁੰਦਾ, ਤਾਂ ਇਹ ਖੇਤਰ ਲਾਗਤ ਕ੍ਰੈਡਿਟ ਜਾਂ ਲਾਗਤ ਤੇ ਸੇਵਾਵਾਂ ਉਤੇ ਅਦਾ ਕੀਤੇ ਸ਼ੁਲਕ ਬਦਲੇ ਸੀ ਈ ਐੱਨ ਵੀ ਏ ਟੀ ਕ੍ਰੈਡਿਟ ਪ੍ਰਾਪਤ ਕਰ ਸਕਦਾ ਹੈ। ਇਸ ਨਾਲ ਇਸ ਉਦਯੋਗ ਦੀ ਅੰਤਮ ਲਾਗਤ ਘੱਟ ਹੋਣ ਦੀ ਉਮੀਦ ਹੈ।

***ਆਮ ਆਦਮੀ ਉਤੇ ਜੀ ਐੱਸ ਟੀ ਦਾ ਕੀ ਪ੍ਰਭਾਵ ਪੈਣ ਵਾਲਾ ਹੈ :*** ਜਦੋਂ ਕਿ ਜੀ ਐੱਸ ਟੀ ਅੰਤਮ ਪੜਾਅ ਉਤੇ ਪਹੁੰਚ ਗਿਆ ਹੈ, ਇਹ ਇਤਿਹਾਸਕ ਕਾਨੂੰਨ ਦੇਸ਼ ਲਈ ਕਰ ਪ੍ਰਣਾਲੀ ਇਕ ਕਰਨ ਅਤੇ ਕੁੱਲ ਘਰੇਲੂ ਉਤਪਾਦ ਵਿੱਚ 2 ਪ੍ਰਤਿਸ਼ਤ ਵਾਧਾ ਕਰਨ ਦੀ ਹਾਮੀ ਭਰਦਾ ਹੈ। ਸੋ ਜਦ ਕਿ ਸੇਵਾਵਾਂ ਹੋਰ ਮਹਿੰਗੀਆਂ ਹੋ ਸਕਦੀਆਂ ਹਨ, ਵਸਤਾਂ ਦੇ ਮਾਮਲੇ ਵਿੱਚ ਇਹ ਖਪਤਕਾਰਾਂ ਲਈ ਰਲਿਆ ਮਿਲਿਆ ਪ੍ਰਭਾਵ ਛੱਡੇਗਾ। ਮੌਜੂਦਾ ਸਮੇਂ ਵਸਤਾਂ ਉਤੇ 12.5 ਪ੍ਰਤਿਸ਼ਤ ਕਰ (ਆਬਕਾਰੀ ਸ਼ੁਲਕ) ਅਤੇ 5-15 ਪ੍ਰਤਿਸ਼ਤ ਵੈਟ ਲਾਇਆ ਜਾਂਦਾ ਹੈ ਜੋ ਜ਼ਾਹਰਾ ਤੌਰ ਤੇ ਖਪਤਕਾਰ ਨੂੰ ਅਦਾ ਕਰਨਾ ਪੈਂਦਾ ਹੈ। ਜੇ ਜੀ ਐੱਸ ਟੀ ਦੀ ਮਿਆਰੀ ਦਰ 18 ਪ੍ਰਤਿਸ਼ਤ ਕਰ ਦਿੱਤੀ ਜਾਵੇ ਤਾਂ ਇਕ ਅਜਿਹਾ ਦ੍ਰਿਸ਼ ਬਣਦਾ ਹੈ ਜਿਥੇ ਵਸਤਾਂ ਦੀ ਕੀਮਤ ਖਪਤਕਾਰ ਲਈ ਕਾਫੀ ਘੱਟ ਹੋ ਸਕਦੀ ਹੈ। ਅਜਿਹਾ ਇਸ ਲਈ ਕਿਉਂਕਿ ਕਾਰੋਬਾਰੀਆਂ ਲਈ ਖਰੀਦ ਕੀਮਤਾਂ ਵੀ ਘਟ ਜਾਣਗੀਆਂ ਅਤੇ ਕੁੱਝ ਮੁਨਾਫਾ ਲੜੀ ਦੇ ਅੰਤ ਵਿੱਚ ਖਪਤਕਾਰ ਨੂੰ ਵੀ ਦਿੱਤਾ ਜਾ ਸਕਦਾ ਹੈ। ਇਸ ਦਾ ਸੰਕੇਤ ਖਪਤਕਾਰ ਸੂਚਕ ਅੰਕ ਹੈ ਜਿੱਥੇ 55 ਪ੍ਰਤਿਸ਼ਤ ਮਦਾਂ ਨੂੰ ਕਰ ਛੋਟ ਹੈ, 32 ਪ੍ਰਤਿਸ਼ਤ ਘੱਟ ਦਰ ਉਤੇ ਹਨ ਅਤੇ ਸਿਰਫ 12 ਪ੍ਰਤਿਸ਼ਤ ਆਮ ਦਰਾਂ ਉਤੇ ਹਨ। ਇਸ ਦਾ ਮਤਲਬ ਹੈ ਕਿ ਘਰ ਵਿੱਚ ਜ਼ਰੂਰੀ ਮਦਾਂ (ਕੱਪੜੇ, ਕਿਤਾਬਾਂ, ਖਾਣਾ ਪਕਾਉਣ ਵਾਲਾ ਤੇਲ ਆਦਿ) ਉਤੇ ਛੋਟਾਂ ਕਾਰਨ 5-8 ਪ੍ਰਤਿਸ਼ਤ ਕਰ ਹੀ ਲਾਇਆ ਜਾਂਦਾ ਹੈ। ਜੇ ਇਹ ਦਰ 18 ਪ੍ਰਤਿਸ਼ਤ ਤੱਕ ਪਹੁੰਚ ਗਈ ਤਾਂ ਇਨ੍ਹਾਂ ਵਸਤਾਂ ਦੀਆਂ ਕੀਮਤਾਂ ਵਿੱਚ ਵੱਡਾ ਉਛਾਲ ਆਵੇਗਾ ਜਿਸ ਨਾਲ ਪੂਰਾ ਢਾਂਚਾ ਹਿੱਲ ਜਾਵੇਗਾ। ਸੇਵਾਵਾਂ ਉਦਯੋਗ ਵਿੱਚ ਕਰ ਉਤਪਾਦਨ 15 ਤੋਂ 18 ਪ੍ਰਤਿਸ਼ਤ ਹੋ ਜਾਵੇਗਾ।

ਜੀ ਐੱਸ ਟੀ ਅਧੀਨ ਬਾਹਰ ਖਾਣਾ ਸਸਤਾ ਹੋ ਸਕਦਾ ਹੈ ਕਿਉਂਕਿ ਮੌਜੂਦਾ ਸਮੇਂ ਤੁਸੀਂ ਸੇਵਾ ਕਰ ਅਤੇ ਵੈਟ ਦੋਵੇਂ ਅਦਾ ਕਰਦੇ ਹੋ। ਜੀ ਐੱਸ ਟੀ ਨਿਜ਼ਾਮ ਅਧੀਨ ਇਹ ਇਕ ਕਰ ਹੋਵੇਗਾ। ਕਿਉਂਕਿ ਰਾਜਾਂ ਵਲੋਂ ਵੀ ਸੇਵਾ ਕਰ ਦਰਾਂ ਬਾਰੇ ਫੈਸਲਾ ਕੀਤੇ ਜਾਣ ਦੀ ਉਮੀਦ ਹੈ, ਤੁਹਾਡੇ ਫੋਨ ਦੇ ਬਿੱਲ ਵਿੱਚ ਵੀ ਕਰਾਂ ਦਾ ਵਾਧਾ ਹੋ ਸਕਦਾ ਹੈ। ਇਸੇ ਮੁਤਾਬਕ ਇਕ ਆਮ ਆਦਮੀ ਵਲੋਂ ਖਪਤ ਕੀਤੀਆਂ ਜਾਂਦੀਆਂ ਸੇਵਾਵਾਂ ਜਿਵੇਂ ਦੂਰ ਸੰਚਾਰ, ਰੇਲ ਆਵਾਜਾਈ, ਬੈਂਕਿੰਗ, ਹਵਾਈ ਸਫਰ ਆਦਿ ਵੀ ਹੋਰ ਮਹਿੰਗੇ ਹੋ ਸਕਦੇ ਹਨ। ਜਦ ਕਿ ਛੋਟੀਆਂ ਕਾਰਾਂ, ਵਿਦੇਸ਼ ਦੇ ਬਣੇ ਖਪਤਕਾਰੀ ਉਤਪਾਦ ਸਸਤੇ ਹੋ ਸਕਦੇ ਹਨ।

'ਮੇਕ ਇਨ ਇੰਡੀਆ' ਪਹਿਲਕਦਮੀ ਦੇ ਭਾਗ ਵਜੋਂ ਟੈਲੀਵੀਜ਼ਨ ਸਸਤਾ ਹੋ ਸਕਦਾ ਹੈ, ਜੀ ਐੱਸ ਟੀ ਘੱਟ ਰਹਿਣ ਦੀ ਉਮੀਦ ਹੈ। ਮੌਜੂਦਾ ਸਮੇਂ 20,000 ਰੁਪਏ ਦੇ ਐੱਲ ਈ ਡੀ ਟੀ ਵੀ ਲਈ ਤੁਸੀਂ 24.5 ਪ੍ਰਤਿਸ਼ਤ ;ਕਰ ਅਦਾ ਕਰਦੇ ਹੋ, ਜਿਸ ਕਰਕੇ ਅੰਤ ਵਿੱਚ ਤੁਹਾਨੂੰ 24,900 ਰੁਪਏ ਲਈ ਜੇਬ ਢਿੱਲੀ ਕਰਨੀ ਪੈਂਦੀ ਹੈ। ਜੀ ਐੱਸ ਟੀ ਅਧੀਨ ਮੰਨ ਲਈਏ ਜੇ ਇਹ ਦਰ 18 ਪ੍ਰਤਿਸ਼ਤ ਹੋ ਜਾਵੇ ਤਾਂ ਇਹ ਟੀ ਵੀ 23,600 ਰੁਪਏ ਦਾ ਪਵੇਗਾ, ਜਿਸ ਨਾਲ ਖਪਤਕਾਰ ਲਈ ਕੀਮਤ ਵਿੱਚ ਕਮੀ ਆ ਜਾਵੇਗੀ।

ਬੈਗ, ਜੁੱਤੇ, ਇਲੈਕਟ੍ਰਾਨਿਕ ਚੀਜ਼ਾਂ ਆਨ ਲਾਈਨ ਖਰੀਦਣੀਆਂ ਮਹਿੰਗੀਆਂ ਹੋ ਜਾਣਗੀਆਂ ਕਿਉਂਕਿ ਈ-ਵਣਜ ਉਦਯੋਗ ਕਰ ਦੇ ਘੇਰੇ ਵਿੱਚ ਆਉਂਦਾ ਹੈ। ਇਨ੍ਹਾਂ ਨੂੰ ਆਪਣੇ ਗਾਹਕਾਂ ਤੋਂ ਹਰੇਕ ਖਰੀਦ ਲਈ ਵਸੂਲਿਆ ਕਰ ਜਮ੍ਹਾਂ ਕਰਵਾਉਣਾ ਪਵੇਗਾ। ਇਸ ਲਈ ਜਦੋਂ ਈ-ਵਣਜ ਕੰਪਨੀਆਂ ਮੁਨਾਫ਼ਾ ਘਟਦਾ ਅਤੇ ਕਰ ਦਾ ਦਾਇਰਾ ਵਧਦਾ ਵੇਖਣਗੀਆਂ ਤਾਂ ਉਹ ਛੂਟ ਅਤੇ ਮੁਫਤ ਵਿੱਚ ਦਿੱਤੀਆਂ ਜਾਂਦੀਆਂ ਪੇਸ਼ਕਸ਼ਾਂ ਵਿੱਚ ਕਮੀ ਕਰ ਸਕਦੀਆਂ ਹਨ।

ਅੰਤ ਵਿੱਚ ਇਹ ਆਖਿਆ ਜਾ ਸਕਦਾ ਹੈ ਕਿ ਜੀ ਐੱਸ ਟੀ ਦੀ ਅਸਲੀ ਸਫਲਤਾ ਆਮ ਭਾਰਤੀ ਖਪਤਕਾਰ ਉਤੇ ਪੈਣ ਵਾਲੇ ਪ੍ਰਭਾਵ ਉਤੇ ਨਿਰਭਰ ਕਰਦੀ ਹੈ। ਜੀ ਐੱਸ ਟੀ ਦਾ ਤੱਤ ਇਹ ਹੈ ਕਿ ਸਾਰੀਆਂ ਵਸਤਾਂ ਤੇ ਸੇਵਾਵਾਂ ਉਤੇ ਦਰਮਿਆਨੀ ਦਰ ਨਾਲ ਕਰ ਲਾਏ ਜਾਣਗੇ।

"ਇਕ ਦੇਸ਼ ਇਕ ਕਰ" ਹਾਂ ਪੱਖੀ ਨਜ਼ਰੀਏ ਤੋਂ ਕ੍ਰਾਂਤੀਕਾਰੀ ਬਦਲਾਅ ਲਿਆਉਣ ਵਾਲਾ ਸਿੱਧ ਹੁੰਦਾ ਹੈ ਜੋ ਨਾ ਸਿਰਫ ਆਮ ਆਦਮੀ ਸਗੋਂ ਪੂਰੇ ਦੇਸ਼ ਲਈ ਲਾਭਕਾਰੀ ਸਾਬਤ ਹੋਵੇਗਾ। ਜਦੋਂ ਅਤੇ ਜਿਵੇਂ ਹੀ ਕੋਈ ਨਵਾਂ ਕਾਨੂੰਨ ਲਾਗੂ ਕੀਤਾ ਜਾਂਦਾ ਹੈ, ਇਸ ਦਾ ਆਮ ਆਦਮੀ ਉਤੇ ਯਕੀਨੀ ਤੌਰ ਤੇ ਅਸਰ ਪੈਂਦਾ ਹੈ। ਇਹ ਗੱਲ ਜੀ ਐੱਸ ਟੀ ਉਤੇ ਵੀ ਲਾਗੂ ਹੁੰਦੀ ਹੈ ਜਿਸ ਵਿੱਚ ਵਸਤਾਂ ਦਾ ਆਖਰੀ ਖਪਤਕਾਰ ਆਮ ਆਦਮੀ ਜੀ ਐੱਸ ਟੀ ਲਾਗੂ ਹੋਣ ਨਾਲ ਸਿੱਧੇ ਤੌਰ ਤੇ ਪ੍ਰਭਾਵਿਤ ਹੋਵੇਗਾ। ਅਸੀਂ ਆਸ ਕਰਦੇ ਹਾਂ ਕਿ ਜੀ ਐੱਸ ਟੀ ਹਾਂ ਮੁਖੀ ਪ੍ਰਭਾਵ ਛੱਡੇਗਾ ਅਤੇ ਭਾਰਤ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਵਿੱਚ ਸਹਾਈ ਹੋ ਕੇ, ਸਾਰੇ ਭਾਰਤ ਨੂੰ ਸਰਲ ਕਰ ਨਿਜ਼ਾਮ ਵਾਲੇ ਏਕੀਕ੍ਰਿਤ ਬਾਜ਼ਾਰ ਵਿੱਚ ਬਦਲ ਦੇਵੇਗਾ। ਉੱਭਰਦੀ ਹੋਈ ਭਾਰਤੀ ਆਰਥਿਕਤਾ ਹਮੇਸ਼ਾ ਆਮ ਆਦਮੀ ਦੇ ਵਿੱਤੀ ਵਿਕਾਸ ਵਿੱਚ ਮਦਦਗਾਰ ਹੋਵੇਗੀ।

*(ਲੇਖਕ ਪੀ ਐੱਚ ਡੀ ਚੈਂਬਰ ਆਫ ਕਾਮਰਸ ਅਤੇ ਉਦਯੋਗ, ਨਵੀਂ ਦਿੱਲੀ ਵਿਖੇ ਡਾਇਰੈਕਟਰ ਅਤੇ ਉੱਘਾ ਲੇਖਕ ਹੈ, ਹੁਣ ਤਕ 6 ਕਿਤਾਬਾਂ ਅਤੇ 45 ਤੋਂ ਵੱਧ ਖੋਜ ਪੱਤਰ ਅਤੇ ਲੇਖ ਉੱਘੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਰਸਾਲਿਆਂ ਵਿੱਚ ਛਪ ਚੁੱਕੇ ਹਨ)*

*e-mail :ranjeetmehta@gmail.com*

# ਜੀ ਐੱਸ ਟੀ ਅਤੇ ਸੰਵਿਧਾਨਕ ਰੁੰਝਲ

ਜੈਅੰਤਾ ਰਾਇ ਚੌਧਰੀ

ਬਹੁਤ ਦੇਰ ਤੋਂ ਇੰਤਜ਼ਾਰ ਕੀਤਾ ਜਾ ਰਿਹਾ ਵਸਤੂ ਅਤੇ ਸੇਵਾ ਕਰ ਜੋ ਪੂਰੇ ਭਾਰਤ ਨੂੰ ਇਕੋ-ਇਕ ਮੰਡੀ ਬਣਾਉਣ ਦੇ ਇਰਾਦੇ ਨਾਲ ਲਿਆਂਦਾ ਜਾ ਰਿਹਾ ਹੈ ਜਿਸ ਤਰ੍ਹਾਂ ਕਿ ਅਜਿਹੇ ਕਰਾਂ ਨੇ ਕੈਨੇਡਾ ਅਤੇ ਯੂਰੋਪੀਅਨ ਯੂਨੀਅਨ ਨੂੰ ਬਦਲ ਦਿੱਤਾ ਹੈ, ਇਕ ਅਣਚਾਹਿਆ ਅਸਰ ਵੀ ਦਿਖਾ ਸਕਦਾ ਹੈ – ਭਾਰਤ ਦੇ ਸੰਵਿਧਾਨ ਨੂੰ 'ਇਕਾਤਮਕਤਾ ਪ੍ਰਵਿਰਤੀ ਵਾਲਾ ਸੰਘ' ਕਹੇ ਜਾਣ ਦੇ ਬਜਾਇ 'ਸੰਘੀ ਪ੍ਰਵਿਰਤੀ ਵਾਲੇ ਏਕੇ ਲਈ ਸੰਵਿਧਾਨ' ਵਿੱਚ ਬਦਲੇ ਜਾਣ ਦਾ ਅਸਰ।

ਜੀ ਐੱਸ ਟੀ ਦੇ ਪਾਸ ਹੋਣ ਤੋਂ ਪਹਿਲਾਂ, ਵੱਖ-ਵੱਖ ਰਾਜਾਂ ਵਿੱਚ ਵੱਖ-ਵੱਖ ਪੱਧਰਾਂ ਉਤੇ ਬਹੁ-ਭਾਂਤੀ ਕਰਾਂ ਦੀ ਕਸ਼ਟਦਾਇਕ ਪ੍ਰਣਾਲੀ ਦਾ ਵਿਰੋਧ ਕਰਦੇ ਹੋਏ, ਕੁੱਝ ਨਿਸ਼ਕਪਟ ਕਾਰੋਬਾਰੀਆਂ ਨੇ 'ਇਕ ਦੇਸ਼, ਇਕ ਕਰ' ਦਾ ਮੁੱਦਾ ਉਠਾਇਆ ਸੀ। ਪੂਰੇ ਦੇਸ਼ ਦੀ ਮਾਰਕੀਟ ਨੂੰ ਇਕ ਕਰਨ ਦੀ ਪ੍ਰਕਿਰਿਆ ਇਸ ਸ਼ਤਾਬਦੀ ਦੇ ਸ਼ੁਰੂ ਵਿੱਚ ਵੈਟ ਨਾਲ ਸ਼ੁਰੂ ਹੋ ਗਈ ਸੀ। ਪਰ ਰਾਜ ਅੜ ਕੇ ਆਪਣੀਆਂ ਕਰ ਨੀਤੀਆਂ ਵਿੱਚ ਅਜ਼ਾਦ ਰਹੇ ਅਤੇ ਕੁੱਝ ਹਾਲਤਾਂ ਵਿੱਚ ਆਪਣੀਆਂ ਵਿੱਤੀ ਜ਼ਰੂਰਤਾਂ ਦੇ ਚਲਦੇ ਅਜਿਹੇ ਹਾਲਾਤ ਪੈਦਾ ਕਰ ਕੇ ਵੈਟ ਦੇ ਨਾਲ-ਨਾਲ ਕਈ ਹੋਰ ਕਿਸਮ ਦੇ ਕਰ ਲੈ ਆਂਦੇ ਜਿਸ ਕਾਰਨ ਭਾਰਤ ਨੂੰ ਇਕ ਸਭ ਤੋਂ ਵੱਧ ਕਰਾਂ ਵਾਲਾ ਦੇਸ਼ ਕਰ ਕੇ ਜਾਣਿਆ ਜਾਣ ਲੱਗਾ।

ਇਹ ਨਾਅਰਾ ਬੇਸ਼ਕ ਕਰਾਂ ਦੀ ਇਕ ਪਰਤ ਵਿਹੂਣੀ ਸਕੀਮ ਨਾ ਹੋਣ ਦੀ ਪ੍ਰਤਿਕਿਰਿਆ ਸੀ ਜੋ ਕਾਰੋਬਾਰ ਦਾ ਰਾਹ ਪੱਧਰਾ ਕਰਦੀ ਹੈ ਪਰ ਆਜ਼ਾਦੀ ਅਤੇ ਬਟਵਾਰੇ ਤੋਂ ਬਾਅਦ ਸੰਵਿਧਾਨ ਬਣਾਉਣ ਦੀ ਪ੍ਰਕਿਰਿਆ ਦੀ ਝਲਕ ਨਹੀਂ ਸੀ। ਭਾਰਤ ਦਾ ਏਕਾਤਮਕਤਾ ਪ੍ਰਵਿਰਤੀ ਵਾਲਾ ਸੰਘ ਬਣ ਜਾਣ ਦਾ ਫੈਸਲਾ ਬਟਵਾਰੇ ਵੇਲੇ ਇਸ ਦੇ ਆਪਣੇ ਤਜਰਬੇ ਤੋਂ ਆਇਆ ਸੀ ਜਦੋਂ ਤੋੜ-ਫੋੜ ਦੀਆਂ ਪ੍ਰਵਿਰਤੀਆਂ ਤਾਜ਼ਾਤਰੀਨ ਦੇਸ਼ ਨੂੰ ਜੋ ਹਾਲੇ ਆਪਣੇ ਮੁਢਲੇ ਸਾਲਾਂ ਵਿੱਚ ਹੀ ਸੀ, ਟੁਕੜੇ-ਟੁਕੜੇ ਕਰ ਦੇਣ ਦੀਆਂ ਧਮਕੀਆਂ ਦੇ ਰਹੀਆਂ ਸਨ।

ਬਹੁਤ ਸਾਰੇ ਵਿਅਕਤੀ ਜੋ ਸੰਵਿਧਾਨ ਸਭਾ ਦੀ ਕਾਰਵਾਈ ਨਾਲ ਜੁੜੇ ਸਨ ਅਤੇ ਅਜ਼ਾਦ ਖਿਆਲੀ ਨਿਰੀਖਕ ਅਕਸਰ ਸੋਚਦੇ ਹਨ ਕਿ ਸਭਾ ਬਹੁਤ ਕਰਕੇ ਦੇਸ਼ ਦੀ ਏਕਤਾ ਅਤੇ ਅਖੰਡਤਾ ਯਕੀਨੀ ਬਣਾਉਣ ਦੇ ਖ਼ਿਆਲ ਨਾਲ ਭਰੀ ਹੋਈ ਸੀ। ਦਰਅਸਲ ਇਕ ਲੰਬੀ ਬਹਿਸ ਦੌਰਾਨ, ਬਿਹਾਰ ਦੇ ਸੰਸਦ ਮੈਂਬਰ ਸ਼ਿਆਮਨੰਦਨ ਸਹਾਏ ਨੇ ਤਰਕ ਪੇਸ਼ ਕੀਤਾ ਕਿ "ਕੇਂਦਰ ਅਤੇ ਰਾਜਾਂ ਦੇ ਵਿੱਤੀ ਮਾਮਲਿਆਂ ਵਿੱਚ, ਰਾਜਾਂ ਨੂੰ ਉਹ ਵਜ਼ਨ ਨਹੀਂ ਮਿਲਿਆ ਜੋ ਉਨ੍ਹਾਂ ਨੂੰ ਮਿਲਣਾ ਚਾਹੀਦਾ ਸੀ। ਮੇਰਾ ਖ਼ਿਆਲ ਹੈ ਕਿ ਇਸ ਮਾਮਲੇ ਵਿੱਚ ਰਾਜਾਂ ਦੀ 1935 ਦੇ ਕਾਨੂੰਨ ਨਾਲੋਂ ਵੀ ਬੁਰੀ ਹਾਲਤ ਹੈ। ਆਪਣੀ ਜ਼ਿੰਮੇਵਾਰੀ ਅਤੇ ਵਚਨਬੱਧਤਾ ਅਤੇ ਉਨ੍ਹਾਂ ਵਲੋਂ ਲੋਕਾਂ ਦੀ ਹਾਲਤ ਸੁਧਾਰਨ ਦਾ ਦਾਇਰਾ ਕੇਂਦਰ ਨਾਲੋਂ ਕਿਤੇ ਵੱਡਾ ਹੈ ਅਤੇ ਇਸ ਲਈ ਉਨ੍ਹਾਂ ਨੂੰ ਕਰ ਲਗਾਉਣ ਦੀ ਕਾਫੀ ਖੁੱਲ੍ਹ ਦੇਣੀ ਚਾਹੀਦੀ ਸੀ।"

ਪਰ ਬਹੁਤੇ ਸੰਘੀਪਨ ਦਾ ਇਕ ਭਾਰਤ ਦੀ ਰੂਹ ਦੇ ਖਿਲਾਫ ਹੋਣ ਦੇ ਡਰ ਉਪਰ ਜਚਵੇਂ ਢੰਗ ਨਾਲ ਤਰਕ ਵਿਤਰਕ ਹੋਏ ਅਤੇ ਜੋ ਢਾਂਚਾ ਇਸ ਤਰ੍ਹਾਂ ਸਾਹਮਣੇ ਆਇਆ ਉਸ ਵਿੱਚ ਕਾਨੂੰਨ ਘੜਨ ਅਤੇ ਕਰ ਲਗਾਉਣ ਦੀਆਂ ਸ਼ਕਤੀਆਂ ਦਾ ਬਲ ਰਾਜਾਂ ਕੋਲ ਨਾ ਹੋ ਕੇ ਕੇਂਦਰ ਕੋਲ ਸੀ। ਬੇਸ਼ੱਕ ਏਕੀਕ੍ਰਿਤ ਪ੍ਰਦੇਸ਼ਾਂ ਦੇ ਸੰਸਦ ਮੈਂਬਰ ਪੰਡਤ ਹਰਿਦੇ ਨਾਥ ਕੁੰਜਰੂ ਨੇ ਉਸ ਬਹਿਸ ਵੇਲੇ ਏਕਾਤਮਕਤਾ ਉਪਰ ਜ਼ੋਰ ਦਿੱਤਾ ਅਤੇ ਤਰਕ ਪੇਸ਼ ਕੀਤਾ ਕਿ "ਰਾਜਾਂ ਦੀ ਪ੍ਰਸ਼ਾਸਨਿਕ ਅਤੇ ਵਿੱਤੀ ਮਜ਼ਬੂਤੀ ਕਿਸੇ ਵੀ ਤਰ੍ਹਾਂ ਕੇਂਦਰ ਦੀ ਹਾਲਤ ਉਪਰ ਨਿਰਭਰ ਕਰਦੀ ਹੈ। ਰਾਜਾਂ ਵਲੋਂ ਕੇਂਦਰ ਤੋਂ ਵਧੇਰੇ ਹਿੱਸਾ ਮੰਗਣਾ, ਇਹ ਸੋਚੇ ਬਿਨਾਂ ਕਿ ਉਨ੍ਹਾਂ ਦੀ ਮੰਗ ਦਾ ਕੇਂਦਰ ਸਰਕਾਰ ਦੀ ਹਾਲਤ ਉਪਰ ਕੀ ਅਸਰ ਪਵੇਗਾ, ਉਨ੍ਹਾਂ ਦੀ ਸੋਚ ਦਾ ਸੌੜਾਪਨ ਹੋਵੇਗਾ।"

ਮੁੱਢਲੇ ਸਾਲਾਂ ਵਿੱਚ, ਪੰਡਤ ਜਵਾਹਰ ਲਾਲ ਨਹਿਰੂ ਦੀ ਕੇਂਦਰੀ ਸਰਕਾਰ ਨਾਲ ਬਹੁਤੇ ਰਾਜਾਂ ਵਿੱਚ ਕਾਂਗਰਸ ਦੇ ਮੰਤਰੀ ਮੰਡਲ ਸਨ ਅਤੇ ਉਨ੍ਹਾਂ ਨੇ ਇਸ ਤਰਕ ਉਪਰ ਕਦੇ ਵੀ ਸਵਾਲ ਨਾ ਉਠਾਏ। 1960 ਦੇ ਦਹਾਕੇ ਤੋਂ ਜਦੋਂ ਰਾਜਾਂ ਵਿੱਚ ਬਦਲਵੀਆਂ ਸਰਕਾਰਾਂ ਸੱਤਾ ਵਿੱਚ ਆਉਣ ਲਗੀਆਂ, ਸੰਘੀ ਇਕਾਈਆਂ ਨੂੰ ਵਧੇਰੇ ਸ਼ਕਤੀਆਂ ਦੇਣ ਲਈ ਚੁਣੌਤੀਆਂ ਉਠਣੀਆਂ ਸ਼ੁਰੂ ਹੋਈਆਂ। ਸੀ ਪੀ ਐੱਮ ਅਧੀਨ ਪੱਛਮੀ ਬੰਗਾਲ ਅਤੇ ਆਂਧਰ ਪ੍ਰਦੇਸ਼ ਵਿੱਚ ਐੱਨ ਟੀ ਰਾਮਾ ਰਾਉ ਦੀਆਂ ਸਰਕਾਰਾਂ ਇਸ ਦੇ ਕੁੱਝ ਉਦਾਹਰਣ ਹਨ।

ਰਾਜਾਂ ਨੂੰ ਇਸ ਵੇਲੇ ਕਾਫੀ ਸਾਰੀਆਂ ਵਸਤੂਆਂ ਅਤੇ ਕਾਰੋਬਾਰ ਉਪਰ ਕਰ, ਮਸੂਲ ਅਤੇ ਉਗਰਾਹੀ ਦੀ ਸ਼ਕਲ ਵਿੱਚ ਕਰ ਲਗਾਉਣ ਦਾ ਅਧਿਕਾਰ ਹੈ, ਜਿਨ੍ਹਾਂ ਦਾ ਸਮੇਂ ਨਾਲ ਰਾਜਾਂ ਨੇ ਕਾਨੂੰਨਾਂ ਵਿੱਚ ਕਮੀਆਂ ਹੋਣ ਦਾ ਲਾਭ ਉਠਾ ਕੇ ਆਪਣੇ ਹੱਕ ਵਿੱਚ ਪਸਾਰ ਕਰ ਲਿਆ। ਉਦਾਹਰਣ ਦੇ ਤੌਰ ਤੇ, ਬੰਗਾਲ ਆਪਣੀ ਹੱਦ ਤੋਂ ਬਾਹਰ ਵੇਚੇ ਜਾਣ ਵਾਲੇ ਕੋਲੇ ਉਪਰ ਉਗਰਾਹੀ ਕਰਦਾ ਹੈ। ਦੂਸਰੇ ਰਾਜਾਂ ਨੇ ਆਪਣੀਆਂ ਸਰਹੱਦਾਂ ਤੋਂ ਬਾਹਰ ਤੋਂ ਆਉਣ ਵਾਲੇ ਸਮਾਨ ਉਪਰ ਦਾਖਲਾ ਕਰ ਲਗਾਏ ਹੋਏ ਹਨ। ਇਹ ਉਪਭੋਗਤਾ ਅਤੇ ਕਾਰੋਬਾਰੀ ਲਈ ਬੇਸ਼ੱਕ ਤਾਰੀਖੀ ਭੁੱਲ ਹਨ।

ਪਰ ਰਾਜਾਂ ਵਲੋਂ ਉਨ੍ਹਾਂ ਨੂੰ ਮਿਲੀ ਵਧੇਰੇ ਕਰ ਇਕੱਠੇ ਕਰਨ ਦੀ ਸਮਰੱਥਾ ਨੇ ਉਨ੍ਹਾਂ ਰਾਜਾਂ

ਨੂੰ ਆਪਣੇ ਪ੍ਰਦੇਸ਼ ਦੀਆਂ ਅਦੁੱਤੀਆਂ ਸਮੱਸਿਆਵਾਂ ਨੂੰ ਵਧੇਰੇ ਸਰੋਤ ਇਕੱਠੇ ਕਰਕੇ ਨਜਿੱਠਣ ਦੀ ਸ਼ਕਤੀ ਵੀ ਦਿੱਤੀ ਪਰ ਕੁੱਝ ਮਾਮਲਿਆਂ ਵਿੱਚ ਵੱਡੀ ਮਾਤਰਾ ਵਿੱਚ ਪੂੰਜੀ ਨੂੰ ਗੁਆਇਆ ਵੀ ਗਿਆ। ਤਾਮਿਲਨਾਡੂ ਰਾਜ ਨੇ ਜਿਸ ਨੇ ਜੀ ਐੱਸ ਟੀ ਦੀਆਂ ਕਈ ਮਦਾਂ ਦਾ ਵਿਰੋਧ ਕੀਤਾ ਸੀ, ਦਾ ਸਹੀ ਨੁਕਤਾ ਸੀ ਕਿ ਉਸ ਨੇ ਕਰ ਪ੍ਰੋਗਰਾਮਾਂ ਰਾਹੀਂ ਸਰਮਾਇਆ ਪੈਦਾ ਕਰਕੇ ਬਹੁਤ ਕਿਸਮ ਦੇ ਸਮਾਜਕ ਖੇਤਰ ਸੁਧਾਰ ਕਾਰਜ ਲਾਗੂ ਕੀਤੇ ਹਨ।

ਇਹ ਸਚਾਈ ਹੈ ਕਿ ਇਸ ਦੱਖਣੀ ਰਾਜ ਨੇ ਸਮਾਜਕ ਮਾਨਕਾਂ ਵਿੱਚ ਬਹੁਤ ਪ੍ਰਸ਼ੰਸਾਯੋਗ ਤਰੱਕੀ ਕੀਤੀ ਹੈ। ਇਸ ਦੇ ਸਿਹਤ ਅਤੇ ਸਿੱਖਿਆ ਦੇ ਮਾਨਕ ਇਸ ਨੂੰ ਇਸ ਦੇ ਮੁਕਾਬਲੇ ਦੇ ਪ੍ਰਦੇਸ਼ਾਂ ਤੋਂ ਬਹੁਤ ਅੱਗੇ ਲੈ ਗਏ ਹਨ ਅਤੇ ਆਰਥਿਕ ਸਹਿਯੋਗ ਤੇ ਵਿਕਾਸ ਸੰਸਥਾਨ, ਓ ਈ ਸੀ ਡੀ ਦੇਸ਼ਾਂ ਦੇ ਮੁਕਾਬਲੇ ਦੇ ਹਨ। ਅਰਥ ਸ਼ਾਸਤਰੀ ਜੀਨ ਡਰੇਜ਼ ਦੇ ਸ਼ਬਦਾਂ ਵਿੱਚ "ਕੇਰਲ ਅਤੇ ਤਾਮਿਲਨਾਡੂ ਸੰਖੇਪ ਵਿਕਾਸ ਇੰਡੈਕਸਾਂ ਦੇ ਸਭ ਤੋਂ ਉਪਰ ਜਾਂ ਉਸ ਦੇ ਨੇੜੇ ਆਉਂਦੇ ਹਨ। ਉਹ ਸੁਧਾਰ ਦੀ ਗਤੀ ਵਿੱਚ ਵੀ ਦੂਸਰੇ ਪ੍ਰਦੇਸ਼ਾਂ ਨਾਲੋਂ ਅੱਗੇ ਹਨ।"

ਰਾਜਾਂ ਤੋਂ ਵੀ ਅੱਗੇ, ਮਿਊਂਸੀਪਲ ਸੰਸਥਾਵਾਂ ਹਨ ਜੋ ਆਪਣੇ ਆਪ ਕਈ ਕਿਸਮ ਦੇ ਕਰ ਲਗਾ ਸਕਦੀਆਂ ਹਨ ਅਤੇ ਚੰਗੀ ਆਮਦਨ ਕਰ ਸਕਦੀਆਂ ਹਨ। ਉਦਾਹਰਣ ਦੇ ਤੌਰ ਤੇ ਮੁੰਬਈ ਕਾਰਪੋਰੇਸ਼ਨ ਦੀ ਚੁੰਗੀ ਕਰ ਤੋਂ ਵੱਡੀ ਕਮਾਈ ਜੀ ਐੱਸ ਟੀ ਆਉਣ ਨਾਲ ਖ਼ਤਰੇ ਵਿੱਚ ਪੈ ਜਾਵੇਗੀ। ਉਸ ਦੀ ਇਸ ਸ਼ਕਤੀ ਦਾ ਲਗਭਗ ਸਫਾਇਆ ਹੀ ਹੋ ਜਾਵੇਗਾ। ਇਸ ਨੂੰ ਦੇਖਦੇ ਹੋਏ, ਸ਼ਹਿਰੀ ਵਿਕਾਸ ਮੰਤਰਾਲੇ ਨੇ ਦੇਸ਼ ਭਰ ਵਿੱਚ ਵਸਤੂ ਅਤੇ ਸੇਵਾ ਕਰ ਤੋਂ ਇਕੱਠੇ ਹੋਣ ਵਾਲੇ ਕਰਾਂ ਵਿੱਚੋਂ ਸ਼ਹਿਰੀ ਸਥਾਨਕ ਪ੍ਰਬੰਧਨਾਂ ਲਈ 25 ਤੋਂ 30 ਪ੍ਰਤਿਸ਼ਤ ਹਿੱਸੇ ਦੀ ਮੰਗ ਕੀਤੀ ਹੈ।

ਜੀ ਐੱਸ ਟੀ ਕੇਂਦਰ ਅਤੇ ਰਾਜਾਂ ਵਿੱਚ ਆਪਸ ਵਿੱਚ ਸਮਝਦਾਰੀ ਨਾਲ ਬਣੇ ਫਾਰਮੂਲੇ ਅਨੁਸਾਰ ਵੰਡਿਆ ਜਾਣਾ ਹੈ, ਮੰਤਰਾਲੇ ਨੇ ਤਰਕ ਦਿੱਤਾ ਹੈ ਕਿ ਸ਼ਹਿਰੀ ਸਥਾਨਕ ਪ੍ਰਬੰਧਨਾਂ ਨੂੰ ਆਪਣੇ ਵਿੱਤ ਵਿੱਚ, ਸਥਾਨਕ ਸੰਸਥਾਨ ਦੇ ਕਰ, ਚੁੰਗੀ ਕਰ ਅਤੇ ਹੋਰ ਮਾਲ ਅੰਦਰ ਆਉਣ ਉਪਰ ਲੱਗਣ ਵਾਲੇ ਕਰ ਖਤਮ ਹੋ ਜਾਣ ਨਾਲ ਵੱਡੇ ਪਾੜੇ ਦਾ ਸਾਹਮਣਾ ਕਰਨਾ ਪਵੇਗਾ ਜੋ ਨਵੀਂ ਕਰ ਪ੍ਰਣਾਲੀ ਦੇ ਸ਼ੁਰੂ ਹੋ ਜਾਣ ਨਾਲ ਖਤਮ ਹੋ ਜਾਣਗੇ।

ਇਸ ਤੋਂ ਇਲਾਵਾ, ਕਾਨੂੰਨੀ ਤੌਰ ਤੇ ਸੋਚਿਆ ਜਾਵੇ ਤਾਂ ਜੀ ਐੱਸ ਟੀ ਤਰਮੀਮੀ ਕਾਨੂੰਨੀ, ਸੰਭਾਵਤ ਵੱਡੇ ਪੈਮਾਨੇ ਉਤੇ ਕਰ ਲਗਾਉਣ ਦੀ ਸ਼ਕਤੀ ਇਕ ਗ਼ੈਰ ਲੋਕਾਂ ਵਲੋਂ ਚੁਣੀ ਸੰਸਥਾ ਨੂੰ ਦਿੰਦਾ ਹੈ। ਜੀ ਐੱਸ ਟੀ ਕੌਂਸਲ, ਜੋ ਇਸ ਕਾਨੂੰਨ ਦੇ ਦਾਇਰੇ ਅੰਦਰ ਸਥਾਪਤ ਕੀਤੀ ਜਾਣੀ ਹੈ। ਕੇਂਦਰੀ ਸੰਸਦ ਅਤੇ ਰਾਜਾਂ ਦੇ ਵਿਧਾਨ ਮੰਡਲਾਂ ਤੋਂ ਕਰਾਂ ਦੀਆਂ ਦਰਾਂ ਨੀਯਤ ਕਰਨ ਦੀ ਸ਼ਕਤੀ ਲੈ ਕੇ ਆਪਣੇ ਅਧੀਨ ਕਰ ਲਵੇਗੀ ਅਤੇ ਇਹ ਕਰ ਸਮੁੱਚੇ ਦੇਸ਼ ਵਿੱਚ ਲਾਗੂ ਹੋਣਗੇ। ਜੀ ਐੱਸ ਟੀ ਕੌਂਸਲ ਅੰਦਰ ਵੋਟ ਦੀ ਸ਼ਕਤੀ ਦੇ ਮੁੱਦੇ ਨੂੰ ਬਿਨਾਂ ਕੋਈ ਤੂਲ ਦਿੱਤੇ, ਇਹ ਸਚਾਈ ਬਣੀ ਰਹਿੰਦੀ ਹੈ ਕਿ ਇਹ ਕੌਂਸਲ ਦੇਸ਼ ਭਰ ਵਿੱਚ ਵਸਤੂਆਂ ਅਤੇ ਸੇਵਾਵਾਂ ਉਪਰ ਕਰ ਦਰਾਂ ਨਿਸ਼ਚਿਤ ਕਰਨ ਲਈ ਇਕ ਸਰਬ-ਉੱਚ ਵਿਧਾਨਕਾਰੀ ਸੰਸਥਾਨ ਦੇ ਤੌਰ ਤੇ ਕੰਮ ਕਰੇਗੀ ਅਤੇ ਇਹ ਕੰਮ ਸਿੱਧਿਆਂ ਜਾਂ ਅਸਿੱਧਿਆਂ ਲੋਕਾਂ ਦੇ ਚੁਣੇ ਹੋਏ ਸੰਸਦ ਅਤੇ ਵਿਧਾਨ ਮੰਡਲਾਂ ਦੇ ਨੁਮਾਇੰਦਿਆਂ ਵਲੋਂ ਨਹੀਂ ਕੀਤਾ ਜਾਵੇਗਾ।

ਇਹੋ ਹੀ ਨਹੀਂ, ਰਾਜਾਂ ਵਲੋਂ ਲਗਾਏ ਜਾਣ ਵਾਲੇ ਕਈ ਕਿਸਮ ਦੇ ਕਰ ਖਤਮ ਹੋ ਕੇ ਜੀ ਐੱਸ ਟੀ ਵਿੱਚ ਸ਼ਾਮਲ ਹੋ ਜਾਣਗੇ ਅਤੇ ਇਸ ਦਾ ਇਹ ਵੀ ਅਰਥ ਹੈ ਕਿ ਮੁਢਲੀ ਪ੍ਰਵਿਰਤੀ ਜੋ ਸੰਵਿਧਾਨ ਵਿੱਚ ਕੇਂਦਰ ਨੂੰ ਆਮਦਨ ਅਤੇ ਬਾਕੀ ਬਚੀਆਂ ਮਦਾਂ ਉਪਰ ਕਰ ਲਗਾਉਣ ਲਈ ਦਰਜ ਹਨ, ਉਨ੍ਹਾਂ ਉਪਰ ਰਾਜ ਦੇ ਪ੍ਰਬੰਧਕਾਂ ਅਤੇ ਵਿਧਾਨ ਮੰਡਲਾਂ ਦਾ ਇਹ ਅਧਿਕਾਰ ਨਹੀਂ ਰਹਿ ਜਾਵੇਗਾ ਕਿ ਉਨ੍ਹਾਂ ਦੇ ਆਪਣੇ ਰਾਜਾਂ ਵਿੱਚ ਕੀ ਕਰ ਲਗਣੇ ਚਾਹੀਦੇ ਹਨ।

ਵਿੱਤੀ ਜ਼ਿੰਮੇਵਾਰੀਆਂ ਅਤੇ ਬਜਟ ਪ੍ਰਬੰਧਨ ਕਾਨੂੰਨ ਅਧੀਨ ਰਾਜਾਂ ਵਲੋਂ ਬੌਂਡ ਜਾਰੀ ਕਰਕੇ ਅਤੇ ਮਾਰਕੀਟ ਵਿੱਚੋਂ ਕਰਜ਼ਾ ਉਠਾ ਕੇ ਰਕਮ ਇਕੱਠੀ ਕਰਨ ਲਈ ਵੀ, ਇਕ ਉਪਰੀ ਬੰਦਸ਼ ਹੈ। ਜਿਥੇ ਇਹ ਕਦਮ ਰਾਜਾਂ ਦੇ ਕਰਜ਼ੇ ਵਿੱਚ ਡੁੱਬਣ ਦੇ ਰੁਝਾਨ ਨੂੰ ਦੇਖਦੇ ਹੋਏ, ਜਿਸ ਤੋਂ ਯੂਨਾਨ ਨੂੰ ਵੀ ਸ਼ਰਮ ਆ ਜਾਵੇ। ਜ਼ਰੂਰੀ ਸੀ, ਉਥੇ ਇਹ ਡਾ. ਬੀ.ਸੀ. ਰਾਏ ਜਾਂ ਸਰ ਵਿਸ਼ਵੇਸ਼ਵਰੀਆਂ ਜਾਂ ਪ੍ਰਤਾਪ ਸਿੰਘ ਕੈਰੋਂ ਜਿਹੇ ਨੇਤਾਵਾਂ ਨੂੰ ਆਪਣੇ ਰਾਜਾਂ ਦੀਆਂ ਵਿਕਾਸ ਫੰਡਾਂ ਦੀਆਂ ਵਿਸ਼ੇਸ਼ ਲੋੜਾਂ ਦੀ ਕਰਜ਼ਾ ਲੈ ਕੇ ਪੂਰਤੀ ਕਰਨ ਤੋਂ ਵੀ ਰੋਕਦਾ ਹੈ।

ਇਨ੍ਹਾਂ ਦੋਹਾਂ ਕਾਨੂੰਨਾਂ ਦਾ ਜੋੜਮੇਲ – ਜੀ ਐੱਸ ਟੀ ਸੰਵਿਧਾਨਕ ਤਰਮੀਮੀ ਅਤੇ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਕਾਨੂੰਨ (ਐੱਫ ਆਰ ਬੀ ਐੱਮ) ਮਿਲ ਕੇ ਰਾਜ ਦੇ ਮੁੱਖ ਮੰਤਰੀ ਅਤੇ ਮੰਤਰੀ ਮੰਡਲ ਨੂੰ ਸਿਰਫ ਰਾਜਨੀਤਕ ਪ੍ਰਬੰਧਕ ਬਣਾ ਦੇਣਗੇ ਜਿਨ੍ਹਾਂ ਦੀ ਆਪਣੇ ਰਾਜ ਅੰਦਰ ਪ੍ਰੋਗਰਾਮਾਂ ਦੇ ਲਾਗੂ ਕਰਨ ਦੀ ਜ਼ਿੰਮੇਵਾਰੀ ਤਾਂ ਹੋਵੇਗੀ ਪਰ ਉਨ੍ਹਾਂ ਨੂੰ ਇਹ ਅਧਿਕਾਰ ਨਹੀਂ ਹੋਵੇਗਾ ਕਿ ਇਨ੍ਹਾਂ ਪ੍ਰੋਗਰਾਮਾਂ ਲਈ ਫੰਡ ਕਿਸ ਤਰ੍ਹਾਂ ਇਕੱਠੇ ਕਰਨੇ ਹਨ ਜਾਂ ਕੇਂਦਰੀ ਸਰਕਾਰ ਦੀ ਰਜ਼ਾਮੰਦੀ ਤੋਂ ਬਿਨਾਂ ਆਪਣੇ ਪ੍ਰੋਗਰਾਮਾਂ ਨੂੰ ਕਿਸ ਤਰ੍ਹਾਂ ਵਧਾਉਣਾ ਹੈ।

ਕਰ ਲਗਾਉਣ ਦੀ ਸ਼ਕਤੀ ਪ੍ਰਭੁਸੱਤਾ ਦੇ ਤਰਕ ਦਾ ਮੁੱਖ ਮੁੱਦਾ ਹੈ ਜੋ ਠੋਸ ਰੂਪ ਵਿੱਚ ਅਮਰੀਕਾ ਦੀ ਆਜ਼ਾਦੀ ਦੀ ਲੜਾਈ, ਜੋ ਯੂਰਪੀਨ ਮਹਾਂਦੀਪੀ ਦੇਸ਼ ਨੇ ਲੜੀ ਸੀ, ਵੇਲੇ ਸਾਹਮਣੇ ਆਇਆ ਸੀ। ਵਿੱਤ ਮੰਤਰੀ ਅਰੁਨ ਜੇਟਲੀ ਜੋ ਖੁਦ ਇਕ ਅੱਛੇ ਸੰਵਿਧਾਨਕ ਵਕੀਲ ਹਨ, ਇਸ ਉਪਰ ਉਠਾਏ ਇਤਰਾਜ਼ਾਂ ਨੂੰ ਬਹੁਤ ਕੁਸ਼ਲਤਾ ਅਤੇ ਉਚਿਤ ਢੰਗ ਨਾਲ ਜਵਾਬ ਦਿੰਦੇ ਹੋਏ ਕਿਹਾ ਕਿ "ਕੁੱਝ ਅਜਿਹੇ ਵਿਅਕਤੀ ਜੋ ਇਹ ਮਹਿਸੂਸ ਕਰਦੇ ਹਨ ਕਿ ਇਹ ਉਨ੍ਹਾਂ ਦੀ ਪ੍ਰਭੁਸੱਤਾ ਉਪਰ ਸੱਟ ਹੈ। ਇਹ ਅਸਲ ਵਿੱਚ ਰਾਜਾਂ ਦੀ ਪ੍ਰਭੁਸੱਤਾ ਨੂੰ ਕੇਂਦਰ ਉਪਰ ਇਕੱਠਾ ਕਰਨਾ ਹੈ।"

ਪਰ ਇਹ ਯਾਦ ਰਖਣਾ ਵੀ ਠੀਕ ਹੋਵੇਗਾ ਕਿ ਵਿਸ਼ਵ ਨੇ ਹਾਲੇ ਜੀ ਐੱਸ ਟੀ ਨੂੰ ਆਪਣੀਆਂ ਸਾਰੀਆਂ ਵਿੱਤੀ ਬੀਮਾਰੀਆਂ ਦੇ ਇਲਾਜ ਦੇ ਤੌਰ ਤੇ ਅਪਣਾਇਆ ਨਹੀਂ ਹੈ। ਅਮਰੀਕਾ ਵੀ ਅਸਲ ਵਿੱਚ ਹਾਲੇ ਜੀ ਐੱਸ ਟੀ ਨੂੰ ਕਿਸੇ ਕਿਸਮ ਵਿੱਚ ਅਪਣਾਉਣ ਲਈ ਨਹੀਂ ਮੰਨਿਆ ਹੈ। ਸ਼ਾਇਦ ਇਹ ਉਸ ਦੇ ਸੰਵਿਧਾਨ ਦੇ ਸੰਘੀ ਢਾਂਚੇ ਕਰ ਕੇ ਹੈ। ਅਸਲੀਅਤ ਇਹ ਹੈ ਕਿ ਅਮਰੀਕੀ ਸੰਘੀ ਪ੍ਰਬੰਧਕਾਂ, ਰਾਜਾਂ ਅਤੇ ਮਿਊਂਸੀਪਲ ਸਰਕਾਰਾਂ ਵਲੋਂ ਲਗਾਏ ਜਾ ਰਹੇ ਵੱਡੀ ਗਿਣਤੀ ਕਰ ਕਿਸੇ ਵੀ ਨਵੇਂ ਆਉਣ ਵਾਲੇ ਨੂੰ ਅਚੰਭੇ ਵਿੱਚ ਪਾ ਦੇਣ ਵਾਲੇ ਹਨ। ਖ਼ਾਸ ਤੌਰ ਤੇ ਕਿਉਂਕਿ ਸਿੱਧੇ ਕਰ ਉਸ ਦੇਸ਼ ਵਿੱਚ ਰਾਜਾਂ ਦੇ ਅਧੀਨ ਆਉਂਦੇ

*ਬਾਕੀ ਸਫ਼ਾ 43 ਉੱਤੇ*

# ਜੀ ਐੱਸ ਟੀ : ਅੰਤਰਰਾਸ਼ਟਰੀ ਤਜਰਬਾ

ਪਰਾਵਾਕਰ ਸਾਹੂ, ਅਸ਼ਵਨੀ ਬਿਸ਼ਨੋਈ

ਸਰਲ ਅਤੇ ਇਕਸਮਾਨ ਕਰ ਦਰਾਂ ਲਈ, ਭਾਰਤ ਵਿੱਚ ਚਿਰਾਂ ਤੋਂ ਉਡੀਕੇ ਜਾ ਰਹੇ ਆਰਥਿਕ ਸੁਧਾਰਾਂ ਨੂੰ ਸੰਸਦ ਵਲੋਂ 3 ਅਗਸਤ 2016 ਨੂੰ ਪਾਸ ਕਰ ਦਿੱਤਾ ਗਿਆ। ਅਜ਼ਾਦ ਭਾਰਤ ਦਾ ਸਭ ਤੋਂ ਵੱਡਾ ਕਰ ਸੁਧਾਰ, ਅਤੇ 1991 ਦੇ ਢਾਂਚਾਗਤ ਸੁਧਾਰਾਂ ਤੋਂ ਲੈ ਕੇ ਸਭ ਤੋਂ ਵੱਡਾ ਆਰਥਿਕ ਸੁਧਾਰ ਨੂੰ, 11 ਸਾਲਾਂ ਦੀ ਰਾਜਸੀ ਰੱਸ਼ਾਕਸ਼ੀ, ਬਹਿਸ ਅਤੇ ਚਰਚਾ ਤੋਂ ਬਾਅਦ ਆਖਰ ਸੰਸਦ ਦੇ ਦੋਵਾਂ ਸਦਨਾਂ ਵਲੋਂ ਪਾਸ ਕਰ ਦਿੱਤਾ ਗਿਆ। ਵਸਤੂ ਅਤੇ ਸੇਵਾ ਕਰ (ਜੀ ਐੱਸ ਟੀ) ਜੋ ਵਸਤੂਆਂ ਤੇ ਸੇਵਾਵਾਂ ਉਤੇ ਲੱਗਣ ਵਾਲੇ 15 ਕੇਂਦਰੀ ਅਤੇ ਸੂਬਾਈ ਕਰਾਂ ਨੂੰ ਆਪਣੇ ਵਿੱਚ ਜਜ਼ਬ ਕਰ ਲਵੇਗਾ, ਨਾਲ ਸਾਰੇ ਰਾਜਾਂ ਵਿੱਚ ਇਕ ਅਸਿੱਧੀ ਕਰ ਦਰ ਦਾ ਨਿਰਮਾਣ ਹੋ ਜਾਵੇਗਾ ਅਤੇ ਭਾਰਤ ਸਹੀ ਅਰਥਾਂ ਵਿੱਚ ਏਕੀਕ੍ਰਿਤ ਬਾਜ਼ਾਰ ਬਣ ਜਾਵੇਗਾ। ਅਪ੍ਰੈਲ 2017 ਤੋਂ ਬਾਅਦ ਕਰਾਂ ਦੇ ਮਾਮਲੇ ਵਿੱਚ ਕੋਈ ਸੂਬਾਈ ਹੱਦਾਂ ਨਹੀਂ ਹੋਣਗੀਆਂ। ਇਹ ਬੇਮਿਸਾਲ ਪ੍ਰਾਪਤੀ, ਜੋ ਆਉਣ ਵਾਲੇ ਸਾਲਾਂ ਵਿੱਚ ਵੱਡੇ ਬਦਲਾਅ ਦਾ ਕਾਰਨ ਬਣੇਗੀ, ਹੁਣ ਤੱਕ ਆਰਥਿਕ ਸੁਧਾਰਾਂ ਦੇ ਮਾਮਲੇ ਵਿੱਚ ਮੋਦੀ ਸਰਕਾਰ ਦਾ ਸਭ ਤੋਂ ਵੱਡਾ ਮੀਲ ਦਾ ਪੱਥਰ ਹੈ, ਪਰ ਹਾਲੇ ਵੀ ਜੀ ਐੱਸ ਟੀ ਦੀਆਂ ਦਰਾਂ ਠੀਕ ਕੀਤੇ ਜਾਣ ਅਤੇ ਸੰਚਾਲਨ ਸੰਬੰਧੀ ਮੁੱਦਿਆਂ ਦਾ ਹੱਲ ਕਰਨ ਦੀ ਲੋੜ ਹੈ।

ਕੇਂਦਰੀ ਮੁੱਲ ਵਾਧਾ ਕਰ (ਸੀ ਈ ਐੱਨ ਵੀ ਏ ਟੀ) ਦੀ ਮੌਜੂਦਾ ਪ੍ਰਣਾਲੀ ਅਤੇ ਰਾਜਾਂ ਦੀ ਵੈਟ ਪ੍ਰਣਾਲੀ ਕਰਾਂ ਦੇ ਵਾਧੇ ਦੇ ਪ੍ਰਭਾਵ ਦੀ ਸ਼ਿਕਾਰ ਹੈ। ਕਿਉਂਕਿ ਇਹ ਦੋਵੇਂ ਆਪਸ ਵਿੱਚ ਸੰਬੰਧਿਤ ਨਹੀਂ ਹਨ ਸੋ ਇਸ ਪ੍ਰਣਾਲੀ ਤਹਿਤ ਖਪਤਕਾਰਾਂ ਨੂੰ ਜ਼ਿਆਦਾ ਕਰ ਦੇਣਾ ਪੈਂਦਾ ਹੈ। ਰਾਜਾਂ ਤੇ ਕੇਂਦਰ ਦਾ ਇਨਪੁਟ ਟੈਕਸ ਕ੍ਰੈਡਿਟ ਵੱਖੋ-ਵੱਖਰਾ ਹੈ ਅਤੇ ਰਾਜਾਂ ਦੀਆਂ ਵੈਟ ਦਰਾਂ ਵੀ ਵੱਖ-ਵੱਖ ਹਨ। ਭਾਰਤ ਵਿੱਚ ਨਿਵੇਸ਼ਕਾਂ ਅਤੇ ਉਦਯੋਗਾਂ ਲਈ ਸਭ ਤੋਂ ਮੁਸ਼ਕਿਲ ਚੁਨੌਤੀਆਂ ਵਿਚੋਂ ਇਕ ਇਸ ਦੀ ਜਟਿਲ ਕਰ ਪ੍ਰਣਾਲੀ ਹੈ ਜਿਸ ਵਿੱਚ ਕੇਂਦਰ ਅਤੇ ਰਾਜਾਂ ਦੇ ਪੱਧਰ ਉਤੇ ਵੱਖ-ਵੱਖ ਦਰਾਂ ਲਾਗੂ ਕੀਤੀਆਂ ਜਾਂਦੀਆਂ ਹਨ। ਕਰ ਕਾਨੂੰਨਾਂ ਦੀ ਤਾਮੀਲ ਲਈ ਬਹੁਤ ਸਾਰਾ ਸਮਾਂ ਅਤੇ ਧਨ ਚਾਹੀਦਾ ਹੈ ਅਤੇ ਪਿਛਲੇ ਦਹਾਕਿਆਂ ਤੋਂ ਉਦਯੋਗਾਂ ਅਤੇ ਨਿਵੇਸ਼ਕਾਂ ਵਲੋਂ ਸਰਲੀਕਰਨ ਦੀ ਮੰਗ ਸਭ ਤੋਂ ਜ਼ਿਆਦਾ ਕੀਤੀ ਗਈ ਹੈ। ਵਸਤੂਆਂ ਤੇ ਸੇਵਾਵਾਂ ਉਤੇ ਕਰਾਂ ਦੇ ਏਕੀਕਰਨ ਨਾਲ ਤਾਮੀਲ ਦੀ ਲਾਗਤ ਘਟੇਗੀ ਅਤੇ ਇਨਪੁਟ ਲਈ ਪੂਰਾ ਟੈਕਸ ਕ੍ਰੈਡਿਟ ਇਕੋ ਵਾਰੀ ਦੇਣਾ ਸੰਭਵ ਹੋ ਜਾਵੇਗਾ।

ਕੇਂਦਰ ਤੇ ਰਾਜਾਂ ਦੀ ਮੌਜੂਦਾ ਵੈਟ ਪ੍ਰਣਾਲੀ ਵਿੱਚ ਕੁਝ ਖਾਮੀਆਂ ਹਨ। ਕੇਂਦਰੀ ਪੱਧਰ ਉਤੇ ਸਿਰਫ ਕੱਚੇ ਮਾਲ ਉਤੇ ਅਦਾ ਕੀਤੇ ਗਏ ਕਰਾਂ ਲਈ ਹੀ ਇਨਪੁਟ ਕ੍ਰੈਡਿਟ ਦਿੱਤਾ ਜਾਂਦਾ ਹੈ ਪਰ ਨਿਰਮਾਣ ਤੋਂ ਬਾਅਦ ਹੋਣ ਵਾਲੇ ਖਰਚੇ ਉਤੇ ਦਿੱਤੇ ਕਰਾਂ 'ਤੇ ਇਨਪੁਟ ਟੈਕਸ ਕ੍ਰੈਡਿਟ ਨਹੀਂ ਦਿੱਤਾ ਜਾਂਦਾ। ਸੇਵਾ ਕਰ ਸੀਮਤ ਉਤਪਾਦਾਂ ਉਤੇ ਲਾਇਆ ਜਾਂਦਾ ਹੈ; ਇਸ ਲਈ ਇਨ੍ਹਾਂ ਉਤਪਾਦਾਂ ਦੀ ਨਿਰਮਾਣ ਪ੍ਰਕਿਰਿਆ ਦੌਰਾਨ ਸੇਵਾਵਾਂ ਉਤੇ ਖਪਤ ਕੀਤੇ ਕਰਾਂ ਲਈ ਕ੍ਰੈਡਿਟ ਦੇਣਾ ਮੁਸ਼ਕਿਲ ਹੈ। ਵਿਆਪਕ ਜੀ ਐੱਸ ਟੀ ਵਸਤਾਂ ਤੇ ਸੇਵਾਵਾਂ, ਦੋਵਾਂ ਉਤੇ ਕਰ ਲਾਵੇਗਾ, ਇਸ ਲਈ ਲਗਾਤਾਰ ਵਾਧੇ ਦੇ ਪ੍ਰਭਾਵ ਨੂੰ ਘੱਟ ਕਰਨਾ ਜ਼ਰੂਰੀ ਹੈ।

ਰਾਜਾਂ ਦੀ ਮੌਜੂਦਾ ਵੈਟ ਪ੍ਰਣਾਲੀ ਕਈ ਕਮੀਆਂ ਦੀ ਸ਼ਿਕਾਰ ਹੈ ਜਿਵੇਂ ਕੇਂਦਰ ਨੂੰ ਪਹਿਲਾਂ ਹੀ ਅਦਾ ਕੀਤੇ ਆਬਕਾਰੀ ਸ਼ੁਲਕ ਤੇ ਵੈਟ ਵਸੂਲ ਕਰਨਾ, ਵੱਖ-ਵੱਖ ਤਰ੍ਹਾਂ ਦੇ ਦੂਜੇ ਅਸਿੱਧੇ ਕਰ ਜਿਵੇਂ ਵਿਲਾਸਤਾ ਕਰ, ਮਨੋਰੰਜਨ ਕਰ ਆਦਿ ਲਾਉਣਾ ਅਤੇ ਕੇਂਦਰੀ ਵਿਕਰੀ ਕਰ (ਸੀ ਐੱਸ ਟੀ) ਤੇ ਇਨਪੁਟ ਕ੍ਰੈਡਿਟ ਦਾ ਪ੍ਰਾਵਧਾਨ ਨਾ ਹੋਣਾ। ਇਸ ਲਈ, ਕੇਂਦਰੀ ਜੀ ਐੱਸ ਟੀ ਅਤੇ ਸੂਬਾਈ ਜੀ ਐੱਸ ਟੀ ਦਾ ਕ੍ਰੈਡਿਟ ਇਸਤੇਮਾਲ ਲਈ ਇਕਸਮਾਨ ਕਰ ਨਿਯਮ ਬਣਾਉਣ ਵਾਸਤੇ ਵਿਆਪਕ ਜੀ ਐੱਸ ਟੀ ਜ਼ਰੂਰੀ ਹੈ। ਕੁੱਲ ਮਿਲਾ ਕੇ ਕਰਦਾਤੇ ਅਤੇ ਸਰਕਾਰੀ ਖ਼ਜ਼ਾਨੇ, ਦੋਵਾਂ ਨੂੰ ਸਰਲ ਕਰ ਪ੍ਰਣਾਲੀ ਤੋਂ ਫਾਇਦਾ ਮਿਲੇਗਾ, ਕਰਾਂ ਵਿੱਚ ਵਾਧੇ ਦਾ ਪ੍ਰਭਾਵ ਖਤਮ ਹੋਵੇਗਾ, ਸਾਂਝੇ ਬਾਜ਼ਾਰ ਵਿਕਸਤ ਹੋਣਗੇ, ਕਰਾਂ ਦਾ ਦਾਇਰਾ ਵਧੇਗਾ ਅਤੇ ਤਾਮੀਲ ਦੀ ਲਾਗਤ ਵਿੱਚ ਕਮੀ ਆਵੇਗੀ। ਪ੍ਰਸਤਾਵਿਤ ਦੋਹਰਾ ਜੀ ਐੱਸ ਟੀ, ਜਿਸ ਵਿੱਚ ਕੇਂਦਰ ਅਤੇ ਰਾਜਾਂ ਦਾ ਜੀ ਐੱਸ ਟੀ ਸ਼ਾਮਲ ਹੈ, ਇਸ ਦੀ ਜਗ੍ਹਾ ਲਵੇਗਾ। ਏਕੀਕ੍ਰਿਤ ਵਸਤੂ ਅਤੇ ਸੇਵਾ ਕਰ ਕੇਂਦਰੀ ਵਿਕਰੀ ਕਰ ਦੀ ਜਗ੍ਹਾ ਲੈ ਲਵੇਗਾ ਜੋ ਭਾਰਤ ਵਿੱਚ ਵਸਤਾਂ ਦੀ ਅੰਤਰਰਾਜੀ ਪੂਰਤੀ ਉਤੇ ਲਾਇਆ ਜਾਵੇਗਾ। ਇਸ ਨੂੰ ਕੇਂਦਰ ਵਲੋਂ ਇਕੱਠਾ ਕੀਤਾ ਜਾਵੇਗਾ। ਏਕੀਕ੍ਰਿਤ ਵਸਤੂ ਅਤੇ ਸੇਵਾ ਕਰ (ਆਈ ਜੀ ਐੱਸ ਟੀ) ਵਸਤੂਆਂ ਤੇ ਸੇਵਾਵਾਂ ਦੇ ਆਯਾਤ ਅਤੇ ਇਨ੍ਹਾਂ ਦੀ ਅੰਤਰਰਾਜੀ ਤਬਦੀਲੀ ਉਤੇ ਲਾਗੂ ਕੀਤਾ ਜਾਵੇਗਾ। ਕਿਉਂਕਿ ਪ੍ਰਸਤਾਵਿਤ ਜੀ ਐੱਸ ਟੀ ਮੰਜ਼ਲ ਅਧਾਰਤ ਕਰ ਹੈ, ਇਸ ਲਈ ਕਰ ਦਾ ਬੋਝ ਸ਼ੁਰੂਆਤੀ ਰਾਜ ਤੋਂ ਹਟ ਕੇ ਖਪਤ ਕਰਨ ਵਾਲੇ ਰਾਜ ਵੱਲ ਤਬਦੀਲ ਹੋ ਜਾਵੇਗਾ, ਇਸ ਦਾ ਨਤੀਜਾ ਨਿਰਮਾਣਕਾਰਾਂ ਅਤੇ ਵਿਕਸਤ ਰਾਜਾਂ ਲਈ ਘੱਟ ਮਾਲੀਏ ਦੇ ਰੂਪ ਵਿੱਚ ਨਿਕਲੇਗਾ। ਭਾਵੇਂ ਕਿ ਪੰਜ ਸਾਲਾਂ ਤੱਕ ਰਾਜਾਂ ਨੂੰ ਹੋਣ ਵਾਲੇ ਕਿਸੇ ਵੀ ਨੁਕਸਾਨ ਦੀ ਜੀ ਐੱਸ ਟੀ

ਤਹਿਤ ਭਰਪਾਈ ਕੀਤੀ ਜਾਵੇਗੀ, ਇਹ ਵਿਕਸਤ ਰਾਜਾਂ ਵਾਸਤੇ ਚੰਗੀ ਖ਼ਬਰ ਨਹੀਂ ਜਿਨ੍ਹਾਂ ਨੇ ਨਿਵੇਸ਼ ਉਦਯੋਗਿਕ ਵਿਕਾਸ ਨੂੰ ਆਕਰਸ਼ਿਤ ਕਰਨ ਲਈ ਬੁਨਿਆਦੀ ਢਾਂਚੇ ਅਤੇ ਦੂਜੀਆਂ ਸਹੂਲਤਾਂ ਵਿੱਚ ਵੱਡਾ ਨਿਵੇਸ਼ ਕੀਤਾ ਹੈ। ਇਸ ਲਈ, ਖਪਤ ਜਾਂ ਮੰਜ਼ਲ ਵਾਲੇ ਰਾਜ (ਜਿਵੇਂ ਓਡੀਸ਼ਾ, ਉੱਤਰ ਪ੍ਰਦੇਸ਼, ਬਿਹਾਰ ਅਤੇ ਕੇਰਲ) ਨੂੰ ਫਾਇਦਾ ਪੁੱਜੇਗਾ ਜਦ ਕਿ ਮੂਲ ਰਾਜਾਂ (ਜਿਵੇਂ ਤਾਮਿਲਨਾਡੂ, ਗੁਜਰਾਤ ਅਤੇ ਮਹਾਰਾਸ਼ਟਰ) ਨੂੰ ਨੁਕਸਾਨ ਹੋਵੇਗਾ। ਕੁੱਲ ਮਿਲਾ ਕੇ, ਭਾਰਤ ਭਰ ਵਿੱਚ ਇਕ ਅਸਿੱਧੇ ਕਰ ਦੀ ਦਰ ਇਕ ਬਾਜ਼ਾਰ ਦਾ ਨਿਰਮਾਣ ਕਰੇਗੀ ਜਿਸ ਨਾਲ ਆਖਰੀ ਖਪਤਕਾਰਾਂ ਉਤੇ ਕਰ ਦਾ ਘੱਟ ਪ੍ਰਭਾਵ ਪਵੇਗਾ।

ਜੀ ਐੱਸ ਟੀ ਕੁੱਝ ਮੁਨਾਫੇ ਵਾਲੇ ਖੇਤਰਾਂ 'ਤੇ ਲਾਗੂ ਨਹੀਂ ਹੋਵੇਗੀ (ਜਿਵੇਂ ਕਿ ਮਨੁੱਖੀ ਖਪਤ ਲਈ ਅਲਕੋਹਲ, ਬਿਜਲੀ, ਅਚੱਲ ਜਾਇਦਾਦ ਅਤੇ ਪੈਟਰੋਲੀਅਮ ਉਤਪਾਦ); ਰਾਜ ਇਨ੍ਹਾਂ ਖੇਤਰਾਂ ਉਤੇ ਅੰਤਰ ਕਰ ਦਰਾਂ ਲਾਗੂ ਕਰਨਗੇ। ਪਰ, ਪੈਟਰੋਲੀਅਮ ਉਤਪਾਦ, ਜਿਨ੍ਹਾਂ ਦੀ ਕੀਮਤ ਦਾ ਦੂਜੇ ਉਤਪਾਦਾਂ ਦੀ ਆਮ ਕੀਮਤ ਉਤੇ ਵੱਡਾ ਅਸਰ ਪੈਂਦਾ ਹੈ, ਇਨ੍ਹਾਂ ਨੂੰ ਜੀ ਐੱਸ ਟੀ ਸਭਾ ਵਲੋਂ ਤਾਰੀਖ ਮਿੱਥਣ ਤੋਂ ਬਾਅਦ ਜੀ ਐੱਸ ਟੀ ਅਧੀਨ ਲਿਆਂਦਾ ਜਾਵੇਗਾ।

**ਭਾਰਤ ਭਰ ਵਿੱਚ ਇਕਸਮਾਨ ਜੀ ਐੱਸ ਟੀ ਲਾਗੂ ਹੋਣ ਨਾਲ ਸਹਿਜ ਤਰੀਕੇ ਨਾਲ ਇਨਪੁਟ ਟੈਕਸ ਕ੍ਰੈਡਿਟ ਦਿੱਤਾ ਜਾ ਸਕੇਗਾ, ਕਰਾਂ ਦੇ ਵਾਧੇ ਦੇ ਪ੍ਰਭਾਵ ਨੂੰ ਖਤਮ ਕੀਤਾ ਜਾ ਸਕੇਗਾ ਅਤੇ ਰਾਜਾਂ ਅੰਦਰ ਵਸਤਾਂ ਤੇ ਸੇਵਾਵਾਂ ਦੀ ਬੇਰੋਕ ਟੋਕ ਆਵਾਜਾਈ ਸੰਭਵ ਹੋ ਸਕੇਗੀ। ਇਸ ਨਾਲ ਨਿਰਮਾਣ ਇਕਾਈਆਂ ਨੂੰ ਪੂਰਤੀ ਕੜੀ ਅਤੇ ਸਰੋਤ ਕੱਚੇ ਮਾਲ ਦੇ ਮਾਮਲੇ ਵਿੱਚ ਵਾਧੇ ਵਾਲੀ ਆਰਥਿਕਤਾ ਹਾਸਲ ਕਰਨ ਵਿੱਚ ਮਦਦ ਮਿਲੇਗੀ ਅਤੇ ਢੁਕਵੇਂ ਇਨਪੁਟ ਟੈਕਸ ਕ੍ਰੈਡਿਟ ਨਾਲ ਬਿਨਾਂ ਕਿਸੇ ਵਾਧੂ ਕਰ ਬੋਝ ਤੋਂ ਆਪਣੇ ਉਤਪਾਦ ਵੇਚਣ ਵਿੱਚ ਮਦਦ ਮਿਲੇਗੀ। ਇਸ ਨਾਲ ਉਤਪਾਦਨ ਆਰਥਿਕਤਾ ਵਿੱਚ ਵਾਧਾ ਹੋਵੇਗਾ। ਆਖਰ ਨੂੰ, ਲੈਣ ਦੇਣ ਦੀ ਲਾਗਤ ਘੱਟ ਹੋਵੇਗੀ ਅਤੇ ਖਪਤਕਾਰਾਂ ਨੂੰ ਲਾਭ ਹੋਵੇਗਾ।**

ਸਾਰੇ ਰਾਜਾਂ ਵਿੱਚ ਮੌਜੂਦਾ ਅੰਤਰ ਕਰ ਢਾਂਚਾ ਵੱਖ-ਵੱਖ ਧਿਰਾਂ ਲਈ ਖੰਡਿਤ ਪ੍ਰੋਤਸਾਹਨ ਪੈਦਾ ਕਰਦਾ ਹੈ। ਉਤਪਾਦਨ ਅਤੇ ਸਾਜ਼ੋ-ਸਾਮਾਨ ਲਈ ਨਿਵੇਸ਼ਕ ਉਨ੍ਹਾਂ ਥਾਵਾਂ ਨੂੰ ਤਰਜੀਹ ਦਿੰਦੇ ਹਨ ਜਿਥੇ ਕਰਾਂ ਦੀ ਦਰ ਅਤੇ ਪ੍ਰਸ਼ਾਸਨ ਨਾਲ ਵਾਹ ਵਾਸਤਾ ਸਭ ਤੋਂ ਘੱਟ ਹੋਵੇ। ਹੁਣ, ਇਸ ਕਰ ਪ੍ਰੋਤਸਾਹਨ ਤੋਂ ਪ੍ਰਭਾਵਤ ਖਿੰਡਿਆ ਹੋਇਆ ਢਾਂਚਾ ਖਤਮ ਹੋ ਜਾਵੇਗਾ, ਜੋ 'ਮੇਕ ਇਨ ਇੰਡੀਆ' ਦੇ ਹਿਤ ਵਿੱਚ ਹੈ। ਇਸ ਲਈ, ਜੀ ਐੱਸ ਟੀ ਰਾਹੀਂ ਕਰ ਪ੍ਰਣਾਲੀ ਦਾ ਸਰਲੀਕਰਨ ਵੱਡਾ ਬਦਲਾਅਕਾਰੀ ਹੋਵੇਗਾ, ਭਾਵੇਂ ਕਿ ਦੂਜੇ ਅਹਿਮ ਸੁਧਾਰ ਜਿਵੇਂ ਕਿ ਭੂਮੀ ਪ੍ਰਾਪਤੀ ਅਤੇ ਲਚਕੀਲੇ ਕਿਰਤ ਕਾਨੂੰਨਾਂ ਉਤੇ ਕੰਮ ਕਰਨਾ ਹਾਲੇ ਰਹਿੰਦਾ ਹੈ।

## ਅੰਤਰਰਾਸ਼ਟਰੀ ਅਨੁਭਵ

ਵਿਸ਼ਵੀ ਅਨੁਭਵ ਦਰਸਾਉਂਦਾ ਹੈ ਕਿ ਜੀ ਐੱਸ ਟੀ ਦੀ ਸਫਲਤਾ ਜ਼ਿਆਦਾਤਰ ਮਾਡਲ ਅਤੇ ਪ੍ਰਭਾਵੀ ਅਮਲ ਉਤੇ ਨਿਰਭਰ ਹੈ। ਸਮੇਂ ਦੇ ਨਾਲ ਬਹੁਤ ਸਾਰੇ ਦੇਸ਼ਾਂ ਨੇ ਵਿਕਾਸ, ਮਾਲੀਏ ਅਤੇ ਕੀਮਤਾਂ ਦੇ ਸਥਿਰ ਹੋਣ ਦੇ ਮਾਮਲੇ ਵਿੱਚ ਜੀ ਐੱਸ ਟੀ ਦੇ ਫਾਇਦਿਆਂ ਤੋਂ ਲਾਹਾ ਹੈਣ ਲਈ ਆਪਣੇ ਢਾਂਚੇ ਵਿੱਚ ਲੋੜੀਂਦੇ ਸੁਧਾਰ ਕੀਤੇ ਹਨ। ਹੁਣ ਤੱਕ ਆਸਟ੍ਰੇਲੀਆ, ਕੈਨੇਡਾ ਅਤੇ ਨਿਊਜ਼ੀਲੈਂਡ ਵਰਗੇ ਦੇਸ਼ਾਂ ਦਾ ਅਨੁਭਵ, ਛੋਟੀ ਤੇ ਮੱਧਮ ਮਿਆਦ ਵਿੱਚ ਬਿਹਤਰ ਵਿੱਤੀ ਸਾਲ ਦਾ ਵਿੱਤ ਅਤੇ ਕੀਮਤ ਸਥਿਰਤਾ ਦਾ ਰਿਹਾ ਹੈ। ਬੇਸ਼ੱਕ, ਜੇ ਜੀ ਐੱਸ ਟੀ ਦੀ ਦਰ ਜ਼ਿਆਦਾ ਹੈ ਤਾਂ ਜੀ ਐੱਸ ਟੀ ਦੇ ਲਾਗੂ ਹੋਣ ਤੋਂ ਬਾਅਦ ਥੋੜ੍ਹੇ ਸਮੇਂ ਲਈ ਇਕਦਮ ਕੀਮਤਾਂ ਵਿੱਚ ਵਾਧੇ ਦਾ ਡਰ ਬਣਿਆ ਰਹੇਗਾ। ਬਹੁਤ ਸਾਰੀਆਂ ਸੇਵਾਵਾਂ (ਜਿਵੇਂ ਕਿ ਸਿੱਖਿਆ, ਸਿਹਤ, ਵਪਾਰਕ ਤੇ ਕਾਰੋਬਾਰੀ ਸੇਵਾਵਾਂ) ਉਤੇ ਹਾਲੇ ਕੋਈ ਕਰ ਲਾਗੂ ਨਹੀਂ ਜਾਂ ਬਹੁਤ ਘੱਟ ਦਰ ਉਤੇ ਕਰ ਲਾਇਆ ਗਿਆ ਹੈ। ਕਿਉਂਕਿ ਪ੍ਰਸਤਾਵਿਤ ਜੀ ਐੱਸ ਟੀ ਦਰ 18-22 ਪ੍ਰਤਿਸ਼ਤ ਹੈ, ਜੀ ਐੱਸ ਟੀ ਲਾਗੂ ਹੋਣ ਨਾਲ ਥੋੜ੍ਹੇ ਸਮੇਂ ਲਈ ਮਹਿੰਗਾਈ ਵਿੱਚ ਵਾਧਾ ਹੋ ਸਕਦਾ ਹੈ। ਵਿਸ਼ਵੀ ਅਨੁਭਵ ਇਹ ਦਰਸਾਉਂਦਾ ਹੈ ਕਿ ਥੋੜ੍ਹੇ ਸਮੇਂ ਲਈ ਮਹਿੰਗਾਈ ਦਰ ਵਿੱਚ ਵਾਧਾ ਹੋਇਆ ਕਿਉਂਕਿ ਜੀ ਐੱਸ ਟੀ ਅਧੀਨ ਬਹੁਤ ਸਾਰੀਆਂ ਅਜਿਹੀਆਂ ਵਸਤਾਂ ਤੇ ਸੇਵਾਵਾਂ ਉਤੇ ਕਰ ਲਾਇਆ ਗਿਆ ਜੋ ਪਹਿਲਾਂ ਕਰ-ਦਾਇਰੇ ਤੋਂ ਬਾਹਰ ਸਨ। ਜੀ ਐੱਸ ਟੀ ਢਾਂਚਾ ਗ਼ੈਰ ਜੀ ਐੱਸ ਟੀ ਦੇਣ ਵਾਲਿਆਂ ਜਾਂ ਕਰ ਨਾ ਦੇਣ ਵਾਲੇ ਕਾਰੋਬਾਰਾਂ ਦਾ ਰਸਤਾ ਬਹੁਤ ਔਖਾ ਕਰ ਦੇਵੇਗਾ। ਕਿਉਂਕਿ ਨਿਰਮਾਣ ਤੋਂ ਲੈ ਕੇ ਪ੍ਰਚੂਨ ਤੱਕ ਦੀ ਸਾਰੀ ਮੁੱਲ ਕੜੀ ਏਕੀਕ੍ਰਿਤ ਸੂਚਨਾ ਤਕਨੀਕ ਬੁਨਿਆਦੀ ਢਾਂਚੇ ਦੀ ਪਾਰਦਰਸ਼ਤੀ ਨਜ਼ਰ ਵਿੱਚ ਰਹੇਗੀ। ਇਸ ਲਈ ਇਕ ਪਾਸੇ ਜਿਥੇ ਕਰਾਂ ਵਿੱਚ ਵਾਧੇ ਦੇ ਪ੍ਰਭਾਵ ਦੇ ਖਾਤਮੇ ਅਤੇ ਕਰ ਦਾਇਰੇ ਵਿੱਚ ਵਾਧਾ ਹੋਣ ਨਾਲ ਸਰਕਾਰ ਦੀ ਆਮਦਨ ਵਿੱਚ ਵਾਧਾ ਹੋਣ ਨਾਲ ਕਰ ਬੋਝ ਵਿੱਚ ਕਮੀ ਆਉਣ ਦੀ ਸੰਭਾਵਨਾ ਹੈ, ਜਦ ਕਿ ਦੂਜੇ ਪਾਸੇ ਕੀਮਤਾਂ ਵਿੱਚ ਉਛਾਲ ਆਉਣ ਦੀ ਵੀ ਪੂਰੀ ਸੰਭਾਵਨਾ ਹੈ।

ਦੁਨੀਆਂ ਵਿੱਚ ਅਜਿਹੇ 160 ਦੇਸ਼ ਹਨ ਜਿਥੇ ਜੀ ਐੱਸ ਟੀ/ਵੈਟ ਲਾਗੂ ਕੀਤਾ ਜਾ ਚੁੱਕਾ ਹੈ। ਆਸੀਆਨ ਵਿੱਚ ਸੱਤ ਦੇਸ਼ ਹਨ, ਏਸ਼ੀਆ ਵਿੱਚ 19, ਯੂਰਪ ਵਿੱਚ 53, ਉਸਿਆਨੀਆ ਵਿੱਚ 7, ਅਫਰੀਕਾ ਵਿੱਚ 44, ਦੱਖਣੀ ਅਮਰੀਕਾ ਵਿੱਚ ਗਿਆਰਾਂ ਅਤੇ ਕੈਰੇਬੀਅਨ, ਕੇਂਦਰੀ ਅਤੇ ਉੱਤਰੀ ਅਮਰੀਕਾ ਦੇ 19 ਦੇਸ਼ਾਂ ਵਿੱਚ ਵੈਟ ਜਾਂ ਜੀ ਐੱਸ ਟੀ ਲਾਗੂ ਹੋ ਚੁੱਕਾ ਹੈ। ਫਰਾਂਸ 1954 ਵਿੱਚ ਜੀ ਐੱਸ ਟੀ ਲਾਗੂ ਕਰਨ ਵਾਲਾ ਪਹਿਲਾ ਦੇਸ਼ ਸੀ। ਇਸ ਤੋਂ ਬਾਅਦ ਜਰਮਨੀ ਨੇ 1968 ਅਤੇ ਯੂ. ਕੇ. ਨੇ 1973 ਵਿੱਚ ਇਸ ਨੂੰ ਲਾਗੂ ਕੀਤਾ। ਜ਼ਿਆਦਾਤਰ ਦੇਸ਼ਾਂ ਵਿੱਚ ਜੀ ਐੱਸ ਟੀ ਏਕੀਕ੍ਰਿਤ ਕਰ ਪ੍ਰਣਾਲੀ ਹੈ ਪਰ ਕੈਨੇਡਾ ਅਤੇ ਬ੍ਰਾਜ਼ੀਲ ਵਿੱਚ, ਭਾਰਤ ਦੇ ਪ੍ਰਸਤਾਵਿਤ ਜੀ ਐੱਸ ਟੀ ਵਾਂਗ ਦੋਹਰਾ ਜੀ ਐੱਸ ਟੀ ਹੈ। ਜ਼ਿਆਦਾਤਰ ਦੇਸ਼ਾਂ ਵਿੱਚ ਵੈਟ/ਜੀ ਐੱਸ ਟੀ ਦੀਆਂ ਆਮ ਦਰਾਂ 16-22 ਪ੍ਰਤਿਸ਼ਤ ਦਰਮਿਆਨ ਹਨ। ਭਾਰਤ ਨੇ ਵੀ ਇਸੇ ਅਨੁਸਾਰ 18-20 ਪ੍ਰਤਿਸ਼ਤ ਦੀਆਂ ਦਰਾਂ ਲਾਗੂ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਹੈ।

ਜੇ ਅਸੀ ਆਸਟ੍ਰੇਲੀਆ, ਕੈਨੇਡਾ, ਨਿਊਜ਼ੀਲੈਂਡ, ਸਿੰਗਾਪੁਰ, ਜਾਪਾਨ, ਕੋਰੀਆ, ਯੂ.ਕੇ. ਆਦਿ (ਤਾਲਿਕਾ-1) ਉਤੇ ਨਜ਼ਰ ਮਾਰੀਏ ਤਾਂ ਸਾਨੂੰ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਜ਼ਿਆਦਾਤਰ ਵਿਆਪਕ ਆਰਥਿਕ ਸੂਚਕਾਂ ਦੇ ਮੋਰਚੇ ਉਤੇ ਕਾਫੀ ਵਧੀਆ ਕਾਰਗੁਜ਼ਾਰੀ ਦਿਖਾਈ ਹੈ। ਜੀ ਐੱਸ ਟੀ ਢਾਂਚੇ ਦੀ ਕਿਸਮ ਦੇਸ਼ ਦਰ ਦੇਸ਼ ਵੱਖੋ-ਵੱਖ ਹੈ। ਮਿਸਾਲ ਦੇ ਤੌਰ ਤੇ, ਆਸਟ੍ਰੇਲੀਆ ਵਲੋਂ ਸਭ ਤੋਂ ਘੱਟ ਨਿਰਪੱਖ ਅਤੇ ਨਿਊਜ਼ੀਲੈਂਡ ਵਲੋਂ ਸਭ ਤੋਂ ਵੱਧ ਨਿਰਪੱਖ

| ਤਾਲਿਕਾ-1 : ਜੀ ਐੱਸ ਟੀ ਲਾਗੂ ਕਰਨ ਵਾਲੇ ਦੇਸ਼ਾਂ ਦੀ ਆਰਥਿਕ ਕਾਰਗੁਜ਼ਾਰੀ | | | | | | | | | | | | | |
|---|---|---|---|---|---|---|---|---|---|---|---|---|---|
| ਦੇਸ਼ | ਲਾਗੂ ਕਰਨ ਦਾ ਸਾਲ | ਕੁੱਲ ਘਰੇਲੂ ਉਤਪਾਦ (ਪ੍ਰਤਿਸ਼ਤ) | | | | | | ਵਿੱਤੀ ਸੰਤੁਲਨ (ਕੁੱਲ ਘਰੇਲੂ ਉਤਪਾਦ ਦਾ ਪ੍ਰਤਿਸ਼ਤ) | | | | | |
| | | 1961-70 | 1971-80 | 1981-90 | 1991-2000 | 2001-10 | 2011-15 | 1961-70 | 1971-80 | 1981-90 | 1991-2000 | 2001-10 | 2011-14 |
| ਆਸਟ੍ਰੇਲੀਆ | 2000 | 5.09 | 3.02 | 3.42 | 3.32 | 3.05 | 2.64 | – | 0.11 | 0.04 | –1.36 | –0.14 | –2.50 |
| ਬ੍ਰਾਜ਼ੀਲ | 1964 | 6.19 | 8.51 | 1.77 | 2.60 | 3.73 | 1.02 | – | – | –3.39 | –2.26 | –2.37 | –2.13 |
| ਕੈਨੇਡਾ | 1991 | 5.21 | 4.06 | 2.67 | 2.87 | 1.87 | 2.13 | – | – | – | –2.17 | 0.77 | –0.16 |
| ਫਰਾਂਸ | 1954 | 5.57 | 3.64 | 2.49 | 2.10 | 1.22 | 0.85 | – | 1.16 | –1.05 | –4.50 | –4.94 | –4.21 |
| ਜਾਪਾਨ | 1989 | 9.30 | 4.50 | 4.64 | 1.14 | 0.80 | 0.62 | – | –3.32 | –3.31 | – | –4.01 | –7.72 |
| ਕੋਰੀਆ ਰਿਪ. | 1977 | 8.71 | 9.05 | 9.74 | 6.63 | 4.44 | 2.96 | – | – | 1.53 | 1.90 | 1.49 | 1.69 |
| ਮੈਕਸੀਕੋ | 1980 | 6.81 | 6.71 | 1.88 | 3.64 | 1.82 | 2.84 | – | – | –2.55 | –0.45 | – | – |
| ਨਿਊਜ਼ੀਲੈਂਡ | 1986 | – | 1.26 | 1.91 | 3.06 | 2.55 | 2.71 | – | 0.49 | –2.47 | – | 1.41 | –2.16 |
| ਸਿੰਗਾਪੁਰ | 1994 | 9.35 | 9.09 | 7.79 | 7.19 | 5.91 | 3.96 | – | – | 10.51 | 14.95 | 5.75 | 8.92 |
| ਯੂ.ਕੇ. | 1973 | 3.06 | 2.14 | 2.95 | 2.44 | 1.62 | 2.10 | – | –1.24 | –0.70 | –3.62 | –4.90 | –6.44 |
| | | ਚਾਲੂ ਖਾਤਾ ਬਕਾਇਆ (ਕੁੱਲ ਘਰੇਲੂ ਉਤਪਾਦ ਦਾ ਪ੍ਰਤਿਸ਼ਤ) | | | | | | ਕੁੱਲ ਘਰੇਲੂ ਉਤਪਾਦ ਉਤੇ ਕਰ (ਪ੍ਰਤਿਸ਼ਤ) | | | | | |
| | | 1961-70 | 1971-80 | 1981-90 | 1991-2000 | 2001-10 | 2011-15 | 1961-70 | 1971-80 | 1981-90 | 1991-2000 | 2001-10 | 2011-14 |
| ਆਸਟ੍ਰੇਲੀਆ | 2000 | – | – | –5.56 | –3.95 | –5.32 | –3.64 | – | 19.40 | 22.27 | 21.43 | 23.75 | 21.53 |
| ਬ੍ਰਾਜ਼ੀਲ | 1964 | – | –4.40 | –1.55 | –1.93 | –0.68 | –3.32 | – | – | 12.01 | 11.31 | 15.39 | 14.50 |
| ਕੈਨੇਡਾ | 1991 | –1.91 | –2.87 | –2.28 | –1.43 | 0.49 | –3.00 | – | – | – | 14.16 | 13.07 | 11.75 |
| ਫਰਾਂਸ | 1954 | – | 0.23 | –0.58 | 1.26 | 0.11 | –0.84 | – | 18.45 | 19.32 | 20.45 | 22.12 | 22.74 |
| ਜਾਪਾਨ | 1989 | – | – | – | 2.39 | 3.44 | 1.64 | – | 10.27 | 11.84 | 12.27 | 9.84 | 10.24 |
| ਕੋਰੀਆ ਰਿਪ. | 1977 | – | –3.80 | –0.74 | 0.60 | 1.64 | 5.12 | – | – | 13.35 | 13.08 | 14.23 | 14.44 |
| ਮੈਕਸੀਕੋ | 1980 | – | –4.69 | –0.79 | –3.28 | –1.30 | –1.93 | – | – | 11.78 | 9.53 | – | – |
| ਨਿਊਜ਼ੀਲੈਂਡ | 1986 | – | – | – | –3.30 | –4.32 | –3.17 | – | 27.86 | 30.42 | – | 29.74 | 27.34 |
| ਸਿੰਗਾਪੁਰ | 1994 | – | –11.41 | 0.34 | 13.99 | 19.71 | 19.21 | – | – | 14.54 | 15.45 | 12.80 | 13.58 |
| ਯੂ.ਕੇ. | 1973 | 1.51 | –0.30 | –0.77 | –1.33 | –2.32 | –3.99 | – | 23.02 | 24.26 | 25.33 | 26.33 | 25.52 |
| | | ਵਸਤਾਂ ਤੇ ਸੇਵਾਵਾਂ ਉਤੇ ਕਰ (ਆਮਦਨ ਦਾ ਪ੍ਰਤਿਸ਼ਤ) | | | | | | ਮਹਿੰਗਾਈ ਦਰ (ਸੀ ਪੀ ਆਈ ਵਿੱਚ ਵਾਧਾ) | | | | | |
| | | 1961-70 | 1971-80 | 1981-90 | 1991-2000 | 2001-10 | 2011-15 | 1961-70 | 1971-80 | 1981-90 | 1991-2000 | 2001-10 | 2011-14 |
| ਆਸਟ੍ਰੇਲੀਆ | 2000 | – | 21.10 | 23.12 | 20.04 | 24.03 | 23.37 | 2.47 | 10.45 | 8.13 | 2.22 | 3.01 | 2.30 |
| ਬ੍ਰਾਜ਼ੀਲ | 1964 | – | – | 24.17 | 25.09 | 31.02 | 25.99 | – | – | – | – | 6.69 | 6.72 |
| ਕੈਨੇਡਾ | 1991 | – | – | – | 17.38 | 15.97 | 14.21 | 2.94 | 8.06 | 5.97 | 2.00 | 2.02 | 1.68 |
| ਫਰਾਂਸ | 1954 | – | 34.47 | 29.67 | 26.37 | 23.59 | 21.57 | 4.22 | 9.67 | 6.37 | 1.72 | 1.71 | 1.10 |
| ਜਾਪਾਨ | 1989 | – | 22.22 | 19.38 | 13.87 | 31.78 | 37.04 | 5.80 | 9.10 | 2.06 | 0.84 | –0.26 | 0.72 |
| ਕੋਰੀਆ ਰਿਪ. | 1977 | – | – | 34.72 | 32.33 | 28.01 | 24.88 | – | 16.48 | 6.39 | 5.10 | 3.19 | 1.90 |
| ਮੈਕਸੀਕੋ | 1980 | – | – | 56.05 | 55.03 | – | – | 2.87 | 16.80 | 69.08 | 18.69 | 4.68 | 3.61 |
| ਨਿਊਜ਼ੀਲੈਂਡ | 1986 | – | 18.94 | 21.06 | – | 26.27 | 26.29 | 4.02 | 12.52 | 10.76 | 1.83 | 2.57 | 1.57 |
| ਸਿੰਗਾਪੁਰ | 1994 | – | – | 16.00 | 17.07 | 22.83 | 24.49 | 1.19 | 6.72 | 2.28 | 1.73 | 1.62 | 2.53 |
| ਯੂ.ਕੇ. | 1973 | – | 26.23 | 29.99 | 32.80 | 31.32 | 32.98 | – | – | – | 2.69 | 2.10 | 2.27 |

*ਸਰੋਤ : ਵਿਸ਼ਵ ਵਿਕਾਸ ਸੂਚਕ, ਵਿਸ਼ਵ ਬੈਂਕ*

ਢਾਂਚਾ ਅਪਣਾਇਆ ਗਿਆ ਜਦਕਿ ਕੈਨੇਡਾ ਦਾ ਜੀ ਐੱਸ ਟੀ ਢਾਂਚਾ ਮੱਧਵਰਤੀ ਹੈ। ਤਾਲਿਕਾ-1 ਵਿਚਲੇ ਜ਼ਿਆਦਾਤਰ ਦੇਸ਼ਾਂ ਵਿੱਚ ਜੀ ਐੱਸ ਟੀ ਲਾਗੂ ਕਰਨ ਦੇ ਇਕਦਮ ਬਾਅਦ ਕੀਮਤਾਂ ਦੇ ਪੱਧਰ ਵਿੱਚ ਵਕਤੀ ਉਛਾਲ ਆਇਆ। ਪਰ ਫਿਰ ਕੀਮਤਾਂ ਦਾ ਪੱਧਰ ਸਥਿਰ ਹੋਇਆ ਅਤੇ ਕੁੱਝ ਸਾਲਾਂ ਬਾਅਦ ਇਸ ਵਿੱਚ ਗਿਰਾਵਟ ਆਈ। ਜਿਵੇਂ ਕਿ ਤਾਲਿਕ-1 ਵਿੱਚ ਦੱਸਿਆ ਗਿਆ ਹੈ, ਜ਼ਿਆਦਾਤਰ ਦੇਸ਼ਾਂ ਵਿੱਚ ਵੈਟ/ਜੀ ਐੱਸ ਟੀ ਲਾਗੂ ਹੋਣ ਤੋਂ ਬਾਅਦ ਮਹਿੰਗਾਈ ਦਰ ਹੇਠਲੀ ਦਰ ਉਤੇ ਸਥਿਰ ਹੋ ਗਈ। ਦੂਜੇ ਵਿਆਪਕ ਸੂਚਕ ਜਿਵੇਂ ਕੁੱਲ ਘਰੇਲੂ ਉਤਪਾਦ ਵਿਕਾਸ ਦਰ, ਵਿੱਤੀ ਸੰਤੁਲਨ, ਚਾਲੂ ਖਾਤਾ ਬਕਾਇਆ, ਕਰ-ਕੁੱਲ ਘਰੇਲੂ ਉਤਪਾਦਨ ਅਨੁਪਾਤ ਵਿੱਚ ਜ਼ਿਆਦਾਤਰ ਦੇਸ਼ਾਂ ਵਿੱਚ ਸੁਧਾਰ ਆਇਆ ਹੈ, ਖ਼ਾਸ ਕਰਕੇ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਕੋਰੀਆ, ਸਿੰਗਾਪੁਰ ਅਤੇ ਯੂ.ਕੇ. ਵਿੱਚ। ਇਸ ਲਈ ਜੀ ਐੱਸ ਟੀ ਵਰਗੀ ਸਾਦਾ ਤੇ ਏਕੀਕ੍ਰਿਤ ਕਰ ਪ੍ਰਣਾਲੀ ਨੇ ਇਨ੍ਹਾਂ ਅਰਥਚਾਰਿਆਂ ਨੂੰ ਹੋਰ ਮੁਕਾਬਲੇ ਵਾਲੇ ਬਣਾ ਦਿੱਤਾ ਹੈ, ਨਿਰਯਾਤ ਵਿੱਚ ਸੁਧਾਰ ਕਰਨ ਲਈ ਮਦਦ ਕੀਤੀ ਹੈ, ਖ਼ਜ਼ਾਨੇ ਲਈ ਵੱਧ

ਮਾਲੀਆ ਪੈਦਾ ਕੀਤਾ ਹੈ ਅਤੇ ਕੀਮਤਾਂ ਸਥਿਰ ਕੀਤੀਆਂ ਹਨ। ਪਰ, ਆਮ ਤੌਰ ਤੇ ਆਰਥਿਕਤਾ ਦੀ ਕਾਰਗੁਜ਼ਾਰੀ ਅਤੇ ਤਾਲਿਕਾ-1 ਵਿੱਚ ਵਰਨਣ ਕੀਤੇ ਅਨੁਸਾਰ ਪ੍ਰਮੁੱਖ ਵਿਆਪਕ ਸੂਚਕਾਂ ਵਿੱਚ, ਦੇਸ਼ ਦਰ ਦੇਸ਼ ਵੱਡਾ ਅੰਤਰ ਹੈ; ਜਿਸ ਦਾ ਕਾਰਨ ਇਨ੍ਹਾਂ ਦੇਸ਼ਾਂ ਦੇ ਵਿਕਾਸ ਦਾ ਪੱਧਰ ਅਤੇ ਜੀ ਐੱਸ ਟੀ ਮਾਡਲ ਦਾ ਪ੍ਰਭਾਵੀ ਅਮਲ ਵੀ ਹੈ। ਹੋਰ, ਇਨ੍ਹਾਂ ਵਿਆਪਕ ਕਾਰਕਾਂ ਜਿਵੇਂ ਵਿਕਾਸ, ਵਿੱਤੀ ਸੰਤੁਲਨ, ਚਾਲੂ ਖਾਤਾ ਬਕਾਇਆ ਆਦਿ ਦੀ ਕਾਰਗੁਜ਼ਾਰੀ ਨਾ ਕੇਵਲ ਕਰ ਢਾਂਚੇ ਉਤੇ ਨਿਰਭਰ ਹੈ ਸਗੋਂ ਬਹੁਤ ਸਾਰੇ ਦੂਜੇ ਢਾਂਚਿਆਂ, ਨੀਤੀਆਂ ਅਤੇ ਬੰਦੋਬਸਤਾਂ ਉਤੇ ਵੀ ਨਿਰਭਰ ਹੈ।


ਬਹੁਤ ਸਾਰੇ ਦੇਸ਼ਾਂ ਵਲੋਂ ਸਫਲਤਾ ਪੂਰਵਕ ਜੀ ਐੱਸ ਟੀ ਢਾਂਚੇ ਨੂੰ ਅਪਨਾਉਣ ਤੋਂ ਬਾਅਦ, ਮਲੇਸ਼ੀਆ ਹਾਲ ਹੀ ਵਿੱਚ ਜੀ ਐੱਸ ਟੀ ਲਾਗੂ ਕਰਨ ਵਾਲੇ ਦੇਸ਼ਾਂ ਵਿੱਚ ਸ਼ਾਮਲ ਹੈ। ਚੀਨ ਕਰਾਂ ਦੀ ਇਕਸਾਰ ਪ੍ਰਣਾਲੀ ਲਾਗੂ ਕਰਨ ਲਈ ਕੰਮ ਕਰ ਰਿਹਾ ਹੈ। ਮਲੇਸ਼ੀਆ ਵਲੋਂ 1 ਅਪ੍ਰੈਲ 2015 ਤੋਂ 6 ਪ੍ਰਤਿਸ਼ਤ ਜੀ ਐੱਸ ਟੀ ਲਾਗੂ ਕੀਤਾ ਹੈ। ਦੱਖਣ ਏਸ਼ੀਆਈ ਖੇਤਰ ਦੇ ਜ਼ਿਆਦਾਤਰ ਦੇਸ਼ਾਂ ਜਿਸ ਵਿੱਚ ਬੰਗਲਾਦੇਸ਼, ਸ੍ਰੀਲੰਕਾ, ਪਾਕਿਸਤਾਨ ਅਤੇ ਨੇਪਾਲ ਸ਼ਾਮਲ ਹਨ, ਵਿੱਚ 1990ਵਿਆਂ ਦੇ ਅਖੀਰ ਅਤੇ 2000ਵਿਆਂ ਦੀ ਸ਼ੁਰੂਆਤ ਤੋਂ ਹੀ ਵੈਟ ਦੀ ਸ਼ੁਰੂਆਤ ਹੋ ਚੁੱਕੀ ਹੈ। ਭਾਰਤ ਤੋਂ ਪਹਿਲਾਂ ਜ਼ਿਆਦਾਤਰ ਅਫਰੀਕੀ ਦੇਸ਼ਾਂ ਵਿੱਚ ਵੀ ਵੈਟ ਦੀ ਸ਼ੁਰੂਆਤ ਹੋ ਗਈ ਸੀ, ਸਿਰਫ ਬਰੂੰਡੀ, ਕਾਂਗੋ, ਜਾਂਬੀਆ, ਮੋਜ਼ੰਬੀਕ ਅਤੇ ਸੈਸ਼ਲਜ਼ ਨੂੰ ਛੱਡ ਕੇ, ਜਿਥੇ ਇਹ ਪਿਛਲੇ 7-8 ਸਾਲਾਂ ਤੋਂ ਲਾਗੂ ਕੀਤਾ ਗਿਆ।

ਭਾਰਤ ਵਾਂਗ ਸਿਰਫ ਕੈਨੇਡਾ ਵਿੱਚ ਹੀ ਦੋਹਰੇ ਜੀ ਐੱਸ ਟੀ ਦਾ ਸਿਧਾਂਤ ਲਾਗੂ ਕੀਤਾ ਗਿਆ ਹੈ। ਭਾਵੇਂ ਕਿ ਵੱਖ-ਵੱਖ ਰਾਜਸੀ ਧਿਰਾਂ ਵਲੋਂ ਕੈਨੇਡਾ ਵਿੱਚ ਜੀ ਐੱਸ ਟੀ ਲਾਗੂ ਕਰਨ ਦੀ ਜ਼ੋਰਦਾਰ ਮੁਖਾਲਫਤ ਕੀਤੀ ਗਈ ਸੀ, ਪਰ ਕੈਨੇਡਾ ਸਰਕਾਰ ਵਲੋਂ ਵਿਰੋਧ ਦੇ ਬਾਵਜੂਦ ਇਸ ਨੂੰ ਲਾਗੂ ਕਰਨ ਦਾ ਫੈਸਲਾ ਲਿਆ ਗਿਆ। ਅਸਲ ਵਿੱਚ, ਕੈਨੇਡਾ ਸਰਕਾਰ ਵਲੋਂ ਵਿਹਾਰਕ ਰੁਖ ਅਖਤਿਆਰ ਕੀਤਾ ਗਿਆ ਅਤੇ ਜੀ ਐੱਸ ਟੀ ਅਮਲ ਵਿੱਚ ਆਉਣ ਤੋਂ ਬਾਅਦ ਜੀ ਐੱਸ ਟੀ ਦੀਆਂ ਘੱਟ ਦਰਾਂ ਲਈ ਨਿਰੰਤਰ ਕੰਮ ਕੀਤਾ ਗਿਆ। ਕੈਨੇਡਾ ਵਿੱਚ ਨਿਰਮਾਣਕਾਰਾਂ ਦੇ ਵਿਕਰੀ ਕਰਾਂ ਦੀ ਥਾਂ ਉਤੇ ਇਹ 1991 ਵਿੱਚ ਲਾਗੂ ਕੀਤਾ ਗਿਆ। ਇਹ ਕਰ ਕਰਿਆਨੇ ਦੇ ਸਮਾਨ, ਰਿਹਾਇਸ਼ੀ ਕਿਰਾਏ, ਮੈਡੀਕਲ ਸੇਵਾਵਾਂ ਅਤੇ ਵਿੱਤੀ ਸੇਵਾਵਾਂ ਵਰਗੀਆਂ ਸੇਵਾਵਾਂ ਉਤੇ ਲਾਗੂ ਨਹੀਂ ਸੀ। ਵਿਕਾਸ, ਸਰਕਾਰੀ ਵਿੱਤ, ਕਰ ਆਮਦਨ ਅਤੇ ਕੀਮਤ ਸਥਿਰਤਾ ਦੇ ਮਾਮਲੇ ਵਿੱਚ ਵਿਆਪਕ ਆਰਥਿਕ ਕਾਰਗੁਜ਼ਾਰੀ ਵਿੱਚ ਕੈਨੇਡਾ ਵਿੱਚ ਜੀ ਐੱਸ ਟੀ ਲਾਗੂ ਹੋਣ ਉਪਰੰਤ ਸੁਧਾਰ ਆਇਆ ਹੈ (ਚਿੱਤਰ-1) ਇਸੇ ਤਰ੍ਹਾਂ ਹੀ ਆਸਟ੍ਰੇਲੀਆ ਜਿਸ ਨੇ ਸੰਨ 2000 ਵਿੱਚ ਜੀ ਐੱਸ ਟੀ ਲਾਗੂ ਕੀਤਾ, ਅੰਦਰ ਵੀ ਹਾਂ-ਪੱਖੀ ਨਤੀਜੇ ਪ੍ਰਾਪਤ ਹੋਏ ਹਨ, ਖ਼ਾਸ ਕਰਕੇ ਆਮਦਨ ਅਤੇ ਚਾਲੂ ਖਾਤਾ ਬਕਾਏ ਦੇ ਮਾਮਲੇ ਵਿੱਚ (ਚਿੱਤਰ-2)। ਇਕ ਹੋਰ ਦੇਸ਼ ਜੋ ਜੀ ਐੱਸ ਟੀ ਲਾਗੂ ਕਰਨ ਵਿੱਚ ਸਫਲ ਰਿਹਾ ਹੈ, ਉਹ ਹੈ ਨਿਊਜ਼ੀਲੈਂਡ ਜਿਸ ਨੇ 1986 ਵਿੱਚ ਜੀ ਐੱਸ ਟੀ ਲਾਗੂ ਕੀਤਾ। ਜ਼ਿਆਦਾਤਰ ਦੇਸ਼ਾਂ ਤੋਂ ਉਲਟ, ਛੋਟਾਂ ਘੱਟ ਹਨ : ਮਿਸਾਲ ਦੇ ਲਈ, ਹਰ ਪ੍ਰਕਾਰ ਦੇ ਖਾਣੇ ਉਤੇ ਉਸੇ ਦਰ ਨਾਲ ਕਰ ਲਾਇਆ ਜਾਂਦਾ ਹੈ। ਯੂਰਪੀ ਸੰਘ ਵਿਚੋਂ ਜੀ ਐੱਸ ਟੀ, ਜਿਸ ਨੂੰ ਜ਼ਿਆਦਾਤਰ ਮੁੱਲ ਵਾਧਾ ਕਰ (ਵੈਟ) ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਨੂੰ ਆਊਟ ਪੁੱਟ ਵੈਟ (ਆਊਟ ਪੁੱਟ ਪੂਰਤੀ ਤੇ ਵੈਟ) ਅਤੇ ਇਨਪੁਟ ਵੈਟ (ਉਹ ਵੈਟ ਜੋ ਇਕ ਕਾਰੋਬਾਰੀ ਵਲੋਂ ਦੂਜੇ ਕਾਰੋਬਾਰੀ ਨੂੰ ਪੂਰਤੀ ਮਿਲਣ ਉਤੇ ਅਦਾ ਕੀਤਾ ਜਾਂਦਾ ਹੈ) ਆਖਿਆ ਜਾਂਦਾ ਹੈ। ਇਕ ਕਾਰੋਬਾਰੀ ਆਮ ਤੌਰ ਤੇ ਇਸ ਵਲੋਂ ਅਦਾ ਕੀਤੇ ਕਰ ਨੂੰ ਆਊਟ ਪੁੱਟ ਵੈਟ ਜ਼ਿਆਦਾ ਦਿਖਾ ਕੇ ਮੁੜ ਹਾਸਲ ਕਰ ਲੈਂਦਾ ਹੈ ਜਿਸ ਦੀ ਸਰਕਾਰ ਵਲੋਂ ਮੁੜ ਅਦਾਇਗੀ ਕੀਤੀ ਜਾਂਦੀ ਹੈ। ਪਰ ਬਹੁਤ ਸਾਰੇ ਦੇਸ਼ਾਂ ਨੂੰ ਜੀ ਐੱਸ ਟੀ ਲਾਗੂ ਕਰਨ ਤੋਂ ਛੇਤੀ ਮਗਰੋਂ ਹੀ ਦਰ ਵਿੱਚ ਵਾਧਾ ਕਰਨਾ ਪਿਆ। ਇਹ ਭਾਰਤ ਦੇ ਸੰਦਰਭ ਵਿੱਚ ਜ਼ਿਆਦਾ ਪ੍ਰਸੰਗਿਕ ਹੈ ਜਿਥੇ ਕਿਸੇ ਸਮੇਂ ਆਮਦਨ ਨਿਰਪੱਖ ਦਰ ਦੀ ਚਰਚਾ 27 ਪ੍ਰਤਿਸ਼ਤ ਉਤੇ ਕੀਤੀ ਗਈ ਸੀ ਅਤੇ ਹੁਣ ਜਿਸ ਨੂੰ ਹਕੀਕੀ ਪੱਧਰ ਉਤੇ 16-18 ਪ੍ਰਤਿਸ਼ਤ ਦਰਮਿਆਨ ਰੱਖਣ ਬਾਰੇ ਗੱਲਾਂ ਕੀਤੀਆਂ ਜਾ ਰਹੀਆਂ ਹਨ। ਇਹ ਜ਼ਰੂਰੀ ਹੈ ਕਿ ਜੀ ਐੱਸ ਟੀ ਦੀ ਸਫਲਤਾ ਲਈ ਵਾਜਬ ਦਰ ਦਾ ਢਾਂਚਾ ਅਪਣਾਇਆ ਜਾਵੇ।

## ਅੰਤਰਰਾਸ਼ਟਰੀ ਅਨੁਭਵਾਂ ਤੋਂ ਸਿੱਖੇ ਜਾਣ ਵਾਲੇ ਸਬਕ

ਜੀ ਐੱਸ ਟੀ ਨੂੰ ਲਾਗੂ ਕਰਨ ਵਾਲੇ ਜ਼ਿਆਦਾਤਰ ਦੇਸ਼ਾਂ ਸਾਹਮਣੇ ਇਕ ਮੁੱਖ ਚੁਣੌਤੀ ਇਹ ਆਈ ਕਿ ਜੀ ਐੱਸ ਟੀ ਮਹਿੰਗਾਈ ਦਰ ਵਿੱਚ ਵਾਧਾ ਕਰਨ ਵਾਲੀ ਕਿਸਮ ਵਾਲਾ ਸੀ, ਖ਼ਾਸ ਕਰਕੇ ਉਦੋਂ ਜਦੋਂ ਪਹਿਲਾਂ ਨਾਲੋਂ ਪ੍ਰਭਾਵੀ ਕਰਾਂ ਦੀ ਦਰ ਜ਼ਿਆਦਾ ਹੋਵੇ। ਮਿਸਾਲ ਦੇ ਲਈ, ਸਿੰਗਾਪੁਰ ਨੇ 1996 ਵਿੱਚ ਜਦੋਂ ਜੀ ਐੱਸ ਟੀ ਲਾਗੂ ਕੀਤਾ ਤਾਂ ਮਹਿੰਗਾਈ ਦਰ ਵਿੱਚ

**ਚਿੱਤਰ-1 : ਜੀ ਐੱਸ ਟੀ ਅਤੇ ਕੈਨੇਡਾ ਦੀ ਵਿਆਪਕ-ਆਰਥਿਕ ਕਾਰਗੁਜ਼ਾਰੀ**





ਸਰੋਤ : ਵਿਸ਼ਵ ਵਿਕਾਸ ਸੂਚਕ, ਵਿਸ਼ਵ ਬੈਂਕ

ਉਛਾਲ ਆ ਗਿਆ। ਇਹ ਪ੍ਰਬੰਧਕਾਂ ਲਈ ਹੋਰ ਵੀ ਜ਼ਰੂਰੀ ਬਣਾ ਦਿੰਦਾ ਹੈ ਕਿ ਉਹ ਇਸ ਗੱਲ ਉਤੇ ਨਜ਼ਰ ਰੱਖਣ ਕਿ ਜੀ ਐੱਸ ਟੀ ਲਾਗੂ ਹੋਣ ਉਪਰੰਤ ਕੀਮਤਾਂ ਵਿੱਚ ਕਿਵੇਂ ਬਦਲਾਅ ਆਉਂਦਾ ਹੈ। ਮਲੇਸ਼ੀਆ ਕਿਸੇ ਹੱਦ ਤੱਕ ਇਸ ਜੋਖਮ ਨੂੰ ਖਤਮ ਕਰਨ ਵਿੱਚ ਕਾਮਯਾਬ ਰਿਹਾ ਕਿਉਂਕਿ ਜੀ ਐੱਸ ਟੀ ਕਰਕੇ ਕੀਮਤ ਉਤੇ ਨਿਯੰਤ੍ਰਣ ਘਰੇਲੂ ਵਪਾਰ ਤੇ ਖਪਤਕਾਰ ਮਾਮਲਿਆਂ ਬਾਰੇ ਮੰਤਰਾਲੇ ਵਲੋਂ ਕੀਤਾ ਗਿਆ।

ਮਲੇਸ਼ੀਆ ਤੋਂ ਲਿਆ ਗਿਆ ਇਕ ਹੋਰ ਪ੍ਰਮੁੱਖ ਸਬਕ ਸੀ ਕਿ ਕਾਰੋਬਾਰਾਂ ਨੂੰ ਜੀ ਐੱਸ ਟੀ ਲਈ ਤਿਆਰ ਹੋਣ ਵਾਸਤੇ ਅਮਲ ਦੀ ਪ੍ਰਕਿਰਿਆ ਜਲਦੀ ਸ਼ੁਰੂ ਕਰਨੀ ਚਾਹੀਦੀ ਹੈ। ਮਲੇਸ਼ੀਆ ਸਰਕਾਰ ਵਲੋਂ ਜੀ ਐੱਸ ਟੀ ਤਿਆਰੀ ਲਈ 1.5 ਸਾਲਾਂ ਦਾ ਸਮਾਂ ਦੇਣ ਦੇ ਬਾਵਜੂਦ ਵੀ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਭਾਰਤ ਵਿੱਚ ਪ੍ਰਸਤਾਵਿਤ ਜੀ ਐੱਸ ਟੀ ਦੇ ਜਟਿਲ ਮਾਡਲ ਅਤੇ ਕਾਰੋਬਾਰਾਂ ਵਲੋਂ ਜੀ ਐੱਸ ਟੀ ਨਿਜ਼ਾਮ ਅਪਣਾਉਣ ਲਈ ਮੁਕੰਮਲ ਬਦਲਾਅ ਦੀ ਲੋੜ ਨੂੰ ਵੇਖਦਿਆਂ, ਭਾਰਤ ਸਰਕਾਰ ਲਈ ਕਾਰੋਬਾਰੀਆਂ ਨੂੰ 1 ਅਪ੍ਰੈਲ 2017 ਦੀ ਸੰਭਾਵੀ ਤਾਰੀਖ ਤੋਂ, 9 ਮਹੀਨਿਆਂ ਦੇ ਘੱਟ ਸਮੇਂ ਵਿੱਚ ਜੀ ਐੱਸ ਟੀ ਅਮਲ ਲਈ ਤਿਆਰ ਕਰਨਾ ਇਕ ਵੱਡੀ ਚੁਨੌਤੀ ਹੋਵੇਗੀ।

ਹੋਰ, ਵਿਸ਼ਵੀ ਅਨੁਭਵ ਇਹ ਹਨ ਕਿ ਲੰਮੇ ਸਮੇਂ ਤੱਕ ਜੀ ਐੱਸ ਟੀ ਜ਼ਰੂਰੀ ਤੌਰ ਤੇ ਇਕ ਕੇਂਦਰੀ ਕਰ ਰਿਹਾ ਅਤੇ ਸਰਕਾਰ ਦੇ ਦੋ ਪੱਧਰਾਂ ਵਲੋਂ ਇਸ ਨੂੰ ਲਾਗੂ ਕਰਨਾ ਗ਼ੈਰ-ਵਿਹਾਰਕ ਅਤੇ ਅਣਇੱਛਤ ਮੰਨਿਆ ਗਿਆ। ਇਸ ਦਾ ਕਾਰਨ ਕਰ ਇਕੱਤਰ ਕਰਨ ਦੀ ਵੱਡੀ ਲਾਗਤ, ਤਾਮੀਲ ਦੀ ਲਾਗਤ, ਕਰ-ਅਸੰਤੁਲਨ ਤੋਂ ਪੈਦਾ ਹੋਣ ਵਾਲੇ ਸੰਭਾਵੀ ਵਿਗਾੜ ਅਤੇ ਕੇਂਦਰ ਸਰਕਾਰ ਦੀਆਂ ਪ੍ਰਭਾਵੀ ਵਿਆਪਕ – ਆਰਥਿਕ ਅਤੇ ਪੁਨਰਵੰਡ ਨੀਤੀਆਂ ਸੰਬੰਧੀ ਅਮਲਕਾਰੀ ਸ਼ਕਤੀਆਂ ਸੰਭਾਵੀ ਤੌਰ ਤੇ ਸੀਮਤ ਹੋਣਾ (ਬਰਡ ਐਂਡ ਗੈਂਡਰਾਨ 2007)। ਅੰਤਰ-ਸਰਹੱਦ ਵਪਾਰ ਕਰਨ ਉਪ-ਰਾਸ਼ਟਰੀ ਜੀ ਐੱਸ ਟੀ ਲਾਉਣ ਉਤੇ ਤਕਨੀਕੀ ਇਤਰਾਜ਼ ਵੀ ਉਠਾਏ ਗਏ। ਇਸ ਕਰਕੇ ਜ਼ਿਆਦਾਤਰ ਸੰਘੀ ਢਾਂਚੇ ਵਾਲੇ ਦੇਸ਼ਾਂ ਵਿੱਚ ਸੰਘੀ ਪੱਧਰ ਉਤੇ ਵੈਟ ਵਿਵਸਥਾ ਲਾਗੂ ਹੈ ਭਾਵੇਂ ਕਿ ਉਨ੍ਹਾਂ ਵਿੱਚੋਂ ਕੁੱਝ ਉਪ-ਰਾਸ਼ਟਰੀ ਸਰਕਾਰਾਂ ਨਾਲ ਆਮਦਨ ਸਾਂਝੀ ਵੀ ਕਰਦੇ ਹਨ। ਪਹਿਲਾਂ-ਪਹਿਲ ਉਪ-ਰਾਸ਼ਟਰੀ ਵੈਟ ਬ੍ਰਾਜ਼ੀਲ ਵਿੱਚ ਉਤਪਤੀ ਦੇ ਅਧਾਰ ਉਤੇ ਲਾਇਆ ਗਿਆ ਸੀ। ਯੂਰਪੀ ਸੰਘ ਨੇ ਮੰਜ਼ਲ ਦੇ ਸਿਧਾਂਤ ਦੇ ਅਧਾਰ ਉਤੇ ਵੈਟ ਨੂੰ ਅਮਲ ਵਿੱਚ ਲਿਆਂਦਾ, ਪਰ ਸਰਹੱਦ ਦੇ ਆਰ-ਪਾਰ ਵਪਾਰ ਦਾ ਮੁੱਦਾ ਹਾਲੇ ਵੀ ਚਰਚਾ ਦਾ ਮੁੱਦਾ ਬਣਿਆ ਹੋਇਆ ਹੈ (ਕੀਨ 2009, ਕਨੋਸੈਨ 2010)। ਕੈਨੇਡਾ ਦਾ ਕਰ ਅਧਾਰਾਂ ਅਤੇ ਕਿਸੇ ਹੱਦ ਤੱਕ ਦਰਾਂ ਵਿੱਚ ਇਕਸਾਰਤਾ ਲਿਆ ਕੇ ਦੋਹਰੇ ਵੈਟ ਦਾ ਅਨੁਭਵ ਦਰਸਾਉਂਦਾ ਹੈ ਕਿ ਪ੍ਰਣਾਲੀ ਕੰਮ ਕਰ ਰਹੀ ਹੈ।

**ਚਿੱਤਰ-2 : ਜੀ ਐੱਸ ਟੀ ਅਤੇ ਆਸਟ੍ਰੇਲੀਆ ਦੀ ਵਿਆਪਕ-ਆਰਥਿਕ ਕਾਰਗੁਜ਼ਾਰੀ**




ਸਰੋਤ : ਵਿਸ਼ਵ ਵਿਕਾਸ ਸੂਚਕ, ਵਿਸ਼ਵ ਬੈਂਕ

ਜੀ ਐੱਸ ਟੀ ਬਾਰੇ ਵਿਸ਼ਵੀ ਅਨੁਭਵ ਸੁਝਾਉਂਦਾ ਹੈ ਕਿ ਛੋਟਾਂ ਨੂੰ ਘੱਟ ਤੋਂ ਘੱਟ ਰੱਖਣਾ ਜ਼ਰੂਰੀ ਹੈ, ਪਰ ਵੱਖ-ਵੱਖ ਰਾਜਨੀਤਕ ਸਮੂਹਾਂ ਵਲੋਂ ਇਕ ਜਾਂ ਦੂਜੇ ਕਾਰਨ ਛੋਟਾਂ ਦੇਣ ਲਈ ਪੈਣ ਵਾਲੇ ਦਬਾਅ ਦਾ ਸਾਹਮਣਾ ਕਰਨਾ ਏਨਾ ਸੌਖਾ ਨਹੀਂ। ਪਰ ਜੀ ਐੱਸ ਟੀ ਵਰਗੇ ਸੁਧਾਰਵਾਦੀ ਕਦਮ ਰਾਹੀਂ ਸਾਰੇ ਸੰਬੰਧਿਤ ਰਾਜਾਂ ਵਲੋਂ ਸਮੂਹਿਕ ਤੌਰ ਤੇ ਇਸ ਸੂਚੀ ਨੂੰ ਛਾਂਟਣਾ ਸੰਭਵ ਹੈ। ਛੋਟਾਂ ਵਾਲੀ ਸੂਚੀ ਲੰਮੀ ਰੱਖਣ ਨਾਲ ਰਾਜਾਂ ਦੀ ਵਿੱਤੀ ਖੁਦਮੁਖਤਿਆਰੀ ਵਿੱਚ ਵਾਧਾ ਨਹੀਂ ਹੋਵੇਗਾ, ਕਰ-ਦਾਇਰਾ ਘਟੇਗਾ ਅਤੇ ਕਿਸੇ ਵੀ ਹਾਲਤ ਵਿੱਚ ਇਨਪੁਟ ਟੈਕਸ ਦਾ ਵਿਆਪਕ ਪੱਧਰ ਉਤੇ ਕ੍ਰੈਡਿਟ ਯਕੀਨੀ ਨਹੀਂ ਹੋਵੇਗਾ। ਵੱਖ-ਵੱਖ ਦੇਸ਼ਾਂ ਵਿੱਚੋਂ ਨਿਊਜ਼ੀਲੈਂਡ ਵਿੱਚ ਛੋਟਾਂ ਸਭ ਤੋਂ ਘੱਟ ਹਨ ਅਤੇ ਜੀ ਐੱਸ ਟੀ ਦਾ ਦਾਇਰਾ ਸਭ ਤੋਂ ਜ਼ਿਆਦਾ ਹੈ, ਪਰ ਭਾਰਤ ਵਰਗੇ ਦੇਸ਼ ਵਿੱਚ ਇਸ ਉਤੇ ਅਮਲ ਕਰਨਾ ਸੰਭਵ ਨਹੀਂ ਹੋਵੇਗਾ। ਇਸੇ ਹੀ ਸਮੇਂ, ਛੋਟਾਂ ਦੇਣ ਲਈ ਰਾਜਨੀਤਕ ਦਬਾਅ ਦਾ ਵਿਰੋਧ ਕਰਨਾ ਅਹਿਮ ਹੋਵੇਗਾ ਤਾਂ ਕਿ ਬਰਾਬਰੀ, ਪ੍ਰਬੰਧਕੀ ਸੌਖ, ਖੇਤਰੀ ਵਿਕਾਸ, ਛੋਟੇ ਪੱਧਰ ਦੇ ਉਦਯੋਗਾਂ ਦੇ ਵਿਕਾਸ ਅਤੇ ਹੋਰ ਕਈ ਕਦਮਾਂ ਦੁਆਰਾ ਰੋਜ਼ਗਾਰ ਨਿਰਮਾਣ ਜਿਹੇ ਪ੍ਰਤੱਖ ਉਦੇਸ਼ਾਂ ਨੂੰ ਪੂਰਾ ਕੀਤਾ ਜਾ ਸਕੇ।

ਲਏ ਗਏ ਸਬਕਾਂ ਤੋਂ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਮ ਜਨਤਾ, ਕਾਰੋਬਾਰਾਂ ਅਤੇ ਇਕਾਈਆਂ ਵਲੋਂ ਜੀ ਐੱਸ ਟੀ ਨੂੰ ਪ੍ਰਵਾਨ ਕਰਨਾ ਏਨਾ ਸੌਖਾ ਕੰਮ ਨਹੀਂ ਹੋਵੇਗਾ। ਬਹੁਤ ਸਾਰੇ ਦੇਸ਼ਾਂ ਵਿੱਚ ਅਗਾਊਂ ਯੋਜਨਾਬੰਦੀ, ਉਦਯੋਗਾਂ ਨੂੰ ਢੁਕਵਾਂ ਵਕਤ ਦੇ ਕੇ, ਕਾਰੋਬਾਰੀਆਂ ਅਤੇ ਪ੍ਰਬੰਧਕਾਂ ਦਰਮਿਆਨ, ਕਰਾਂ ਦੀ ਵਾਜਬ ਦਰ, ਸਮੇਂ ਸਿਰ ਵਿਧਾਨਕ ਦਸਤਾਵੇਜ਼ ਜਾਰੀ ਕਰਨੇ ਆਦਿ ਜੀ ਐੱਸ ਟੀ ਦੇ ਬੇਰੋਕ ਅਮਲ ਲਈ ਸਹਾਈ ਸਾਬਤ ਹੋਏ ਹਨ। ਬੇਸ਼ੱਕ, ਸ਼ੁਰੂਆਤੀ ਅਮਲ ਦੇ ਸਮੇਂ ਦੀਆਂ ਸਮੱਸਿਆਵਾਂ ਦੇ ਬਾਵਜੂਦ ਜੀ ਐੱਸ ਟੀ ਕਰ ਇਕੱਤਰ ਕਰਨ ਦੀ ਇਕ ਨਿਪੁੰਨ ਪ੍ਰਣਾਲੀ ਸਾਬਤ ਹੋਇਆ ਹੈ।

## ਸੰਚਾਲਨ ਦੇ ਮੁੱਦੇ

ਕਿਉਂਕਿ ਸੰਵਿਧਾਨਕ ਸੋਧ ਦਾ ਮੁੱਖ ਅੜਿੱਕਾ ਖਤਮ ਹੋ ਚੁੱਕਾ ਹੈ, ਪ੍ਰਭਾਵੀ ਅਮਲ ਦੇ ਸੰਚਾਲਨ

ਸੰਬੰਧੀ ਮੁੱਦਿਆਂ ਦਾ ਵੀ ਛੇਤੀ ਹੱਲ ਕਰ ਲਿਆ ਜਾਵੇਗਾ ਕਿਉਂਕਿ ਵਿੱਤ ਮੰਤਰੀ ਨੇ 1 ਅਪ੍ਰੈਲ 2017 ਤੋਂ ਜੀ ਐੱਸ ਟੀ ਲਾਗੂ ਕਰਨ ਦਾ ਵਾਅਦਾ ਕੀਤਾ ਹੈ। ਹਾਲੇ ਵੀ ਬਹੁਤ ਸਾਰੇ ਮਸਲੇ ਹੱਲ ਕਰਨ ਨੂੰ ਬਾਕੀ ਹਨ। ਜੀ ਐੱਸ ਟੀ, ਸੁਧਾਰਾਂ ਬਾਰੇ ਇਕ ਇਤਿਹਾਸਕ ਬਿੱਲ ਹੈ। ਪਰ, ਇਹ ਵੇਖਦਿਆਂ ਕਿ ਭਾਰਤ ਦੀ ਕਰ ਪ੍ਰਣਾਲੀ ਜਟਿਲ ਹੈ, ਜੀ ਐੱਸ ਟੀ ਲਾਗੂ ਕਰਨਾ ਚੁਣੌਤੀਆਂ ਨਾਲ ਭਰਿਆ ਪਿਆ ਹੈ। ਸਰਕਾਰ ਦੇ ਸਾਹਮਣੇ ਦੋ ਮੁੱਖ ਚੁਣੌਤੀਆਂ, ਜੀ ਐੱਸ ਟੀ ਵਿੱਚ ਆਮਦਨ ਨਿਰਪੱਖ ਦਰ (ਆਰ ਐੱਨ ਆਰ) ਅਤੇ ਸ਼ੁਰੂਆਤੀ ਸੀਮਾ ਨਿਰਧਾਰਤ ਕਰਨ ਦੀਆਂ ਹੋਣਗੀਆਂ। ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਟੈਕਸ ਕ੍ਰੈਡਿਟ ਦੇਣ ਦੇ ਬਾਵਜੂਦ, ਆਰ ਐੱਨ ਆਰ ਰਾਹੀਂ ਸਰਕਾਰ ਦੀ ਆਮਦਨ ਪਹਿਲਾਂ ਜਿਹੀ ਬਣੀ ਰਹੇ। ਇਸੇ ਤਰ੍ਹਾਂ ਹੀ, ਢੁੱਕਵੀਂ ਸ਼ੁਰੂਆਤੀ ਸੀਮਾ ਨਿਰਧਾਰਤ ਕਰਨਾ ਵੀ ਇਕ ਚੁਣੌਤੀ ਹੋਵੇਗੀ, ਖ਼ਾਸ ਕਰਕੇ ਇਹ ਯਕੀਨੀ ਬਣਾਉਣ ਲਈ ਕਿ ਦੇਸ਼ ਦੇ ਛੋਟੇ ਕਾਰੋਬਾਰੀਆਂ ਉਤੇ ਸਖਤ ਬੋਝ ਨਾ ਪਾਇਆ ਜਾਵੇ।

ਕੁੱਝ ਹੋਰ ਵੰਗਾਰਾਂ ਵੀ ਹਨ ਜੋ 1 ਅਪ੍ਰੈਲ 2017 ਤੋਂ ਜੀ ਐੱਸ ਟੀ ਲਾਗੂ ਕਰਨ ਦੇ ਰਾਹ ਨੂੰ ਮੁਸ਼ਕਿਲ ਬਣਾ ਰਹੀਆਂ ਹਨ। ਇਨ੍ਹਾਂ ਵਿੱਚ ਜੀ ਐੱਸ ਟੀ ਲਾਗੂ ਕਰਨ ਲਈ ਲੋੜੀਂਦਾ ਸੂਚਨਾ ਤਕਨੀਕ ਮੰਚ ਸਥਾਪਤ ਕਰਨਾ, ਬਹੁਤ ਜਟਿਲ ਜੀ ਐੱਸ ਟੀ ਪ੍ਰਣਾਲੀ ਲਈ ਪ੍ਰਸ਼ਾਸਨਿਕ ਪ੍ਰਬੰਧਾਂ ਨੂੰ ਸੁਲਝਾਉਣਾ, ਜਿਸ ਵਿੱਚ ਰਾਜਾਂ ਦਾ ਜੀ ਐੱਸ ਟੀ, ਕੇਂਦਰੀ ਜੀ ਐੱਸ ਟੀ ਅਤੇ ਵਸਤਾਂ ਤੇ ਸੇਵਾਵਾਂ ਦੇ ਅੰਤਰਰਾਜੀ ਤਬਾਦਲੇ ਲਈ ਏਕੀਕ੍ਰਿਤ ਜੀ ਐੱਸ ਟੀ ਸ਼ਾਮਲ ਹਨ। ਮੁਕੱਦਮੇਬਾਜ਼ੀ ਸੰਬੰਧੀ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਇਕ ਕਰਨਾ ਪਵੇਗਾ ਅਤੇ ਰਾਸ਼ਟਰੀ ਪੱਧਰ ਉਤੇ ਜੀ ਐੱਸ ਟੀ ਲਾਗੂ ਕਰਨ ਤੋਂ ਪਹਿਲਾਂ ਇਕ ਪ੍ਰਭਾਵੀ ਮੁਕੱਦਮੇਬਾਜ਼ੀ ਦੀ ਪ੍ਰਣਾਲੀ ਵਿਕਸਤ ਕਰਨੀ ਹੋਵੇਗੀ। ਜੀ ਐੱਸ ਟੀ ਲਾਗੂ ਕਰਨ ਲਈ ਵਿਸ਼ਾਲ ਸੂਚਨਾ ਤਕਨੀਕੀ ਨੈੱਟਵਰਕ ਦਾ ਹੋਣਾ ਇਕ ਹੋਰ ਵੱਡੀ ਵੰਗਾਰ ਹੈ। ਸਰਕਾਰ ਵਲੋਂ ਵਸਤੂ ਤੇ ਸੇਵਾ ਕਰ ਨੈੱਟਵਰਕ (ਜੀ ਐੱਸ ਟੀ ਐੱਨ) ਪਹਿਲਾਂ ਹੀ ਸਥਾਪਤ ਕਰ ਲਿਆ ਗਿਆ ਹੈ। ਜੀ ਐੱਸ ਟੀ ਐੱਨ ਨੂੰ ਜੀ ਐੱਸ ਟੀ ਪੋਰਟਲ ਵਿਕਸਤ ਕਰਨਾ ਹੋਵੇਗਾ ਜੋ ਪੰਜੀਕਰਨ, ਰਿਟਰਨ ਦਾਖਲ ਕਰਨ, ਕਰ ਅਦਾਇਗੀ, ਆਈ ਜੀ ਐੱਸ ਟੀ ਬੰਦੋਬਸਤ ਆਦਿ ਲਈ ਤਕਨੀਕੀ ਸਹਾਇਤਾ ਯਕੀਨੀ ਬਣਾਏਗਾ। ਵਿਸ਼ਾਲ ਸੂਚਨਾ ਤਕਨੀਕ ਰੂਪੀ ਸਹਾਇਤਾ ਬਹੁਤ ਜ਼ਰੂਰੀ ਹੋਵੇਗੀ। ਬੈਂਕਿੰਗ ਪ੍ਰਣਾਲੀ ਵਿੱਚ ਸੁਧਾਰ, ਕਰ ਪ੍ਰਬੰਧਨ ਅਮਲੇ ਨੂੰ ਵਿਆਪਕ ਸਿਖਲਾਈ ਦੇਣਾ, ਜੀ ਐੱਸ ਟੀ ਦਰ ਨੂੰ ਅੰਤਮ ਰੂਪ ਦੇਣਾ, ਘੱਟ ਆਮਦਨ ਦੀ ਸੰਭਾਵਨਾ ਵਾਲੇ ਘੱਟ ਵਿਕਸਤ ਰਾਜਾਂ ਦੇ ਹਿਤ ਸੁਰੱਖਿਅਤ ਕਰਨੇ, ਕੇਂਦਰ ਅਤੇ ਰਾਜਾਂ ਦੀ ਭਵਿੱਖੀ ਆਮਦਨ ਵਿੱਚ ਸੰਤੁਲਨ ਸਥਾਪਤ ਕਰਨਾ ਆਦਿ ਹੋਰ ਪ੍ਰਮੁੱਖ ਵੰਗਾਰਾਂ ਵਿੱਚੋਂ ਕੁੱਝ ਇਕ ਹਨ।

ਜੀ ਐੱਸ ਟੀ ਨੂੰ ਸਫਲਤਾ ਪੂਰਵਕ ਲਾਗੂ ਕਰਨ ਲਈ ਢੁੱਕਵੀਂ ਜੀ ਐੱਸ ਟੀ ਦਰ ਦਾ ਨਿਰਧਾਰਨ ਕਰਨਾ ਲੋੜੀਂਦਾ ਹੈ ਜੋ ਆਰ ਐੱਨ ਆਰ ਹੈ, ਇਸ ਦੇ ਲਈ ਨਿਪੁੰਨ ਸੂਚਨਾ ਤਕਨੀਕ ਬੁਨਿਆਦੀ ਢਾਂਚੇ ਅਤੇ ਪੂਰੇ ਕਰ ਪ੍ਰਬੰਧਨ ਦੇ ਸਮਰੱਥ ਵਿਕਾਸ ਦੀ ਲੋੜ ਹੈ। ਜੀ ਐੱਸ ਟੀ ਦਰ 11 ਤੋਂ 12 ਪ੍ਰਤਿਸ਼ਤ ਦਰਮਿਆਨ ਨੀਯਤ ਕਰਨ ਦੀਆਂ ਬਹੁਤ ਸਿਫਾਰਸ਼ਾਂ ਆਈਆਂ ਹਨ। ਪਰ ਆਰ ਐੱਨ ਆਰ ਅਤੇ ਆਮ ਵਿਕਰੀ ਕਰ ਦਰਾਂ ਦੇ ਢਾਂਚੇ ਬਾਰੇ ਡਾ. ਅਰਵਿੰਦ ਸੁਬਰਾਮਨੀਅਨ (ਭਾਰਤ ਸਰਕਾਰ ਦੇ ਮੁੱਖ ਆਰਥਿਕ ਸਲਾਹਕਾਰ) ਦੀ 2015 ਦੀ ਰਿਪੋਰਟ ਵਿੱਚ ਇਹ ਸਿਫਾਰਸ਼ ਕੀਤੀ ਗਈ ਹੈ ਕਿ ਆਰ ਐੱਨ ਆਰ ਦਰ 15 ਤੋਂ 15.5 ਪ੍ਰਤਿਸ਼ਤ ਦੇ ਦਰਮਿਆਨ ਅਤੇ ਆਮ ਜੀ ਐੱਸ ਟੀ ਦਰ 17-18 ਪ੍ਰਤਿਸ਼ਤ ਦਰਮਿਆਨ ਰੱਖੀ ਜਾਵੇ।

ਦੂਜਾ, ਸਰਕਾਰ ਨੂੰ 'ਡਿਜੀਟਲ ਇੰਡੀਆ' ਪ੍ਰੋਗਰਾਮ ਦੀ ਸਫਲਤਾ ਲਈ ਪੂਰਾ ਟਿੱਲ ਲਾ ਦੇਣਾ ਚਾਹੀਦਾ ਹੈ ਕਿਉਂਕਿ ਜੀ ਐੱਸ ਟੀ ਦੇ ਮੁਕੰਮਲ ਭਾਰਤ ਵਿੱਚ ਪ੍ਰਭਾਵੀ ਅਮਲ ਲਈ ਅਤਿ-ਆਧੁਨਿਕ ਸੂਚਨਾ ਤਕਨੀਕ ਬੁਨਿਆਦੀ ਢਾਂਚੇ ਦੀ ਜ਼ਰੂਰਤ ਪਵੇਗੀ। ਵੱਡੀ ਭੂਗੋਲਿਕ ਨਾ-ਬਰਾਬਰੀ ਵਾਲੇ ਰਾਜਾਂ ਵਿੱਚ, ਇੰਨੇ ਘੱਟ ਸਮੇਂ ਅੰਦਰ ਤੇਜ਼ ਰਫ਼ਤਾਰ ਸੂਚਨਾ ਤਕਨੀਕ ਸੰਚਾਰ ਮੁਹੱਈਆ ਕਰਵਾਉਣਾ ਚੁਣੌਤੀਪੂਰਨ ਹੋਵੇਗਾ। ਹੋਰ, ਸਾਰੇ ਕਰ ਪ੍ਰਬੰਧਨ ਨੂੰ ਜੀ ਐੱਸ ਟੀ ਨਾਲ ਸਿੱਝਣ ਲਈ ਸਮਰੱਥਾ ਵਿੱਚ ਵਿਕਾਸ ਕਰਨ ਦੀ ਲੋੜ ਪਵੇਗੀ। ਇਕ ਬੰਧਨ ਤਹਿਤ ਰਾਜਾਂ ਨੂੰ ਰਾਜ ਜੀ ਐੱਸ ਟੀ ਲਾਗੂ ਕਰਨ ਦੀ ਅਜ਼ਾਦੀ ਦੇਣ ਦਾ ਪ੍ਰਸਤਾਵ ਏਕੀਕ੍ਰਿਤ ਜੀ ਐੱਸ ਟੀ ਦੇ ਉਦੇਸ਼ ਨੂੰ ਹੀ ਪੇਤਲਾ ਕਰ ਦੇਵੇਗਾ। ਇਸ ਕਰਕੇ ਫੈਸਲੇ ਲੈਣ ਵਾਲੀ ਸਰਬ-ਉੱਚ ਸਭਾ, ਜੀ ਐੱਸ ਟੀ ਦੀ ਕੌਂਸਲ, ਜੋ ਰਾਜਾਂ ਅਤੇ ਕੇਂਦਰ ਦੇ ਵੋਟ ਕਰਨ ਵਾਲੇ ਪ੍ਰਤਿਨਿਧਾਂ ਨਾਲ ਬਣੀ ਹੈ, ਨੂੰ ਹਰੇਕ ਰਾਜ ਲਈ ਇਕ ਜੀ ਐੱਸ ਟੀ ਦਰ ਉਤੇ ਦ੍ਰਿੜ੍ਹ ਰਹਿਣਾ ਚਾਹੀਦਾ ਹੈ। ਸਭ ਤੋਂ ਸ਼ਕਤੀਸ਼ਾਲੀ ਜੀ ਐੱਸ ਟੀ ਕੌਂਸਲ ਵਿੱਚ ਤਾਕਤ ਦਾ ਤਵਾਜ਼ਨ ਕੇਂਦਰ ਵੱਲ ਹੋਣ ਦੇ ਮੁੱਦੇ ਵੀ ਹਨ ਕਿਉਂਕਿ ਇਕ ਤਿਹਾਈ ਵੋਟਿੰਗ ਹੱਕ ਕੇਂਦਰ ਕੋਲ ਹਨ।

**ਪਹਿਲੀ ਵਾਰ ਸਾਰੇ ਰਾਜਨੀਤਕ ਦਲਾਂ ਨੇ ਇਕੱਠੇ ਹੋ ਕੇ ਜੀ ਐੱਸ ਟੀ ਬਿੱਲ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਹੈ। ਇਹ ਨਾ ਕੇਵਲ ਪਰਿਪੱਕਤਾ ਦੀ ਨਿਸ਼ਾਨੀ ਹੈ, ਸਗੋਂ ਸਹੀ ਅਰਥਾਂ ਵਿੱਚ ਸਰਕਾਰ ਦੀ ਪ੍ਰਾਪਤੀ ਵੀ ਹੈ। ਜੀ ਐੱਸ ਟੀ ਨੂੰ ਦੁਨੀਆਂ ਦਾ ਸਭ ਤੋਂ ਗੁੰਝਲਦਾਰ ਕਰ ਸੁਧਾਰ ਆਖਿਆ ਜਾਂਦਾ ਹੈ ਜਿਸ ਵਿੱਚ 7.5 ਮਿਲੀਅਨ ਕਾਰੋਬਾਰ ਪੰਜੀਕ੍ਰਿਤ ਹੋ ਸਕਦੇ ਹਨ, ਅਦਾਇਗੀਆਂ ਕਰ ਸਕਦੇ ਹਨ ਅਤੇ ਜੀ ਐੱਸ ਟੀ ਪੋਰਟਲ ਤੇ ਰਿਟਰਨ ਦਾਖਲ ਕਰ ਸਕਦੇ ਹਨ। ਸਹੀ ਅਰਥਾਂ ਵਿੱਚ ਇਹ ਕਾਰੋਬਾਰੀਆਂ ਲਈ ਵੱਡੀ ਰਾਹਤ ਵਾਲੀ ਗੱਲ ਹੋਵੇਗੀ ਕਿਉਂਕਿ ਅੱਜ ਵੀ ਕਰਾਂ ਅਤੇ ਛੋਟਾ ਦੀਆਂ ਤਹਿਆਂ ਕਾਰਨ ਭਾਰਤ ਵਿੱਚ ਕਰ ਤਾਮੀਲ ਦੀ ਲਾਗਤ ਬਹੁਤ ਜ਼ਿਆਦਾ ਹੈ। ਕੁੱਲ ਮਿਲਾ ਕੇ, ਇਹ ਬਹੁਤ ਜ਼ਰੂਰੀ ਤੇ ਮਿਸਾਲੀ ਸੁਧਾਰ ਹੈ।**

ਭਾਵੇਂ ਕਿ ਜੀ ਐੱਸ ਟੀ ਦੀ ਯੋਗਤਾ ਪ੍ਰਤੱਖ ਅਤੇ ਗ਼ੈਰ-ਵਿਵਾਦਿਤ ਹੈ, ਅਸਲੀ ਪੁਆੜਾ ਵੇਰਵਿਆਂ ਵਿੱਚ ਹੈ। ਸਮਾਂ ਹੀ ਦੱਸੇਗਾ ਕਿ ਇਹ ਸਫਲ ਹੁੰਦਾ ਹੈ ਜਾਂ ਨਹੀਂ।

*(ਲੇਖਕ ਕ੍ਰਮਵਾਰ ਆਰਥਿਕ ਵਿਕਾਸ ਸੰਸਥਾਨ, ਦਿੱਲੀ ਵਿੱਚ ਐਸੋਸ਼ੀਏਟ ਪ੍ਰੋਫ਼ੈਸਰ, ਤਕਨਾਲੋਜੀ ਦੇ ਰਾਸ਼ਟਰੀ ਸੰਸਥਾਨ (ਐੱਨ ਆਈ ਟੀ) ਕੁਰਕਸ਼ੇਤਰ ਵਿੱਚ ਮਾਨਵਿਕੀ ਸ਼ਾਸ਼ਤਰ ਅਤੇ ਸਮਾਜਕ ਵਿਗਿਆਨ ਵਿਭਾਗ ਵਿੱਚ ਅਸਿਸਟੈਂਟ ਪ੍ਰੋਫ਼ੈਸਰ ਹੈ)*

*e-mail :pravakarfirst@gmail.com*

# ਜੀ ਐੱਸ ਟੀ : ਇਕ ਰਾਸ਼ਟਰ, ਇਕ ਕਰ

ਸ਼ਿਸ਼ਿਰ ਸਿਨਹਾ

"ਜਿੱਥੋਂ ਤੱਕ ਇਕ ਸੰਘੀ ਰੂਪ ਵਿੱਚ ਇਸ ਦੇਸ਼ ਦੇ ਆਰਥਿਕ ਪ੍ਰਬੰਧਨ ਦਾ ਸਵਾਲ ਹੈ, ਮੈਨੂੰ ਪੂਰਾ ਯਕੀਨ ਹੈ ਕਿ ਵਸਤੂ ਅਤੇ ਸੇਵਾਵਾਂ ਕਰ (ਜੀ ਐੱਸ ਟੀ) ਦਾ ਲਾਗੂ ਹੋਣਾ ਇਸ ਦਿਸ਼ਾ ਵੱਲ ਸਰਵੋਤਮ ਕਦਮ ਸਾਬਤ ਹੋਵੇ ਗਾ। ਇਹ ਰਾਜਾਂ ਅਤੇ ਕੇਂਦਰ ਸਰਕਾਰ ਦੇ ਮਾਲੀਏ ਵਿੱਚ ਇਜ਼ਾਫਾ ਕਰੇਗਾ। ਇਸ ਨਾਲ ਟੈਕਸ ਦੀ ਚੋਰੀ ਤੋਂ ਪ੍ਰਹੇਜ਼ ਕਰਨ ਅਤੇ ਚੋਰੀ ਦੇ ਪੱਧਰ ਨੂੰ ਘੱਟ ਕਰਨ ਵਿੱਚ ਸਹਾਈ ਹੋਵੇਗਾ। ਇਹ ਯਕੀਨੀ ਬਣਾਵੇਗਾ ਕਿ ਕਰ ਉਤੇ ਕਰ ਨਾ ਲੱਗੇ। ਇਸ ਪ੍ਰਕਾਰ, ਵਸਤਾਂ ਦੀ ਕੀਮਤ ਦੇ ਮਾਮਲੇ ਵਿੱਚ ਕਰਾਂ ਦੇ ਵਾਧੇ ਦਾ ਪ੍ਰਭਾਵ ਖਤਮ ਹੋ ਜਾਵੇਗਾ ਜਿਸ ਨਾਲ ਕੁੱਝ ਉਤਪਾਦਾਂ ਦੀ ਲਾਗਤ ਵੀ ਕਿਸੇ ਹੱਦ ਤੱਕ ਘੱਟ ਹੋ ਜਾਵੇਗੀ। ਯਕੀਨੀ ਤੌਰ ਤੇ ਇਸ ਨਾਲ ਆਰਥਿਕਤਾ ਨੂੰ ਹੁਲਾਰਾ ਮਿਲੇਗਾ ਜਿਸ ਦੀ ਇਸ ਅਹਿਮ ਪੜਾਅ ਉਤੇ ਬਹੁਤ ਹੀ ਜ਼ਰੂਰਤ ਹੈ।"

ਕੇਂਦਰੀ ਵਿੱਤ ਮੰਤਰੀ ਸ੍ਰੀ ਅਰੁਣ ਜੇਟਲੀ ਦੇ ਭਾਸ਼ਣ ਦੇ ਕੁੱਝ ਅੰਸ਼ ਜਦੋਂ ਉਨ੍ਹਾਂ ਵਲੋਂ 3 ਅਗਸਤ, 2016 ਨੂੰ ਸੰਵਿਧਾਨਕ ਸੋਧ ਬਿੱਲ (ਵਸਤੂ ਅਤੇ ਸੇਵਾ ਕਰ ਨਾਲ ਸੰਬੰਧਿਤ) ਰਾਜ ਸਭਾ ਵਿੱਚ ਵਿਚਾਰ ਅਤੇ ਪ੍ਰਵਾਨਗੀ ਲਈ ਪੇਸ਼ ਕੀਤਾ ਗਿਆ।

ਇਸ ਭਾਸ਼ਣ ਨਾਲ ਖ਼ਜ਼ਾਨਾ ਮੰਤਰੀ ਆਜ਼ਾਦ ਭਾਰਤ ਦੇ ਸਭ ਤੋਂ ਮਹੱਤਵਕਾਂਕਸ਼ੀ ਟੈਕਸ ਸੁਧਾਰਾਂ ਬਾਰੇ ਲੰਮੀ ਉਡੀਕ ਨੂੰ ਖਤਮ ਕਰਨ ਵਿੱਚ ਸਫਲ ਹੋਏ ਜਿਸ ਨੂੰ ਵਸਤੂ ਅਤੇ ਸੇਵਾ ਕਰ ਜਾਂ ਜੀ ਐੱਸ ਟੀ ਆਖਿਆ ਜਾਂਦਾ ਹੈ। ਹੁਣ ਜਦੋਂ ਕਿ 122ਵੇਂ ਸੰਵਿਧਾਨਕ ਸੋਧ ਬਿੱਲ ਨੇ ਇਕ ਕਾਨੂੰਨ ਦੀ ਸ਼ਕਲ ਅਖਤਿਆਰ ਕਰ ਲਈ ਹੈ (101ਵੀਂ ਸੋਧ), ਜਿਸ ਨਾਲ ਕੇਂਦਰ ਅਤੇ ਰਾਜ ਇਕੋ ਸਮੇਂ ਜੀ ਐੱਸ ਟੀ ਨੂੰ ਲਾਗੂ ਕਰਨ ਦੇ ਸਮਰੱਥ ਹੋ ਗਏ ਹਨ, ਤਾਂ ਭਾਰਤ 2017-18 ਦੇ ਵਿੱਤੀ ਸਾਲ ਵਿੱਚ ਨਵੇਂ ਕਰ ਨਿਜ਼ਾਮ ਨਾਲ ਦਾਖਲ ਹੋਣ ਲਈ ਪੂਰੀ ਤਰ੍ਹਾਂ ਤਿਆਰ ਖੜ੍ਹਾ ਹੈ। ਇਸ ਮੁਤਾਬਕ ਭਾਰਤ ਕੈਨੇਡਾ, ਆਸਟ੍ਰੇਲੀਆ, ਸਿੰਗਾਪੁਰ ਅਤੇ ਮਲੇਸ਼ੀਆ ਵਰਗੇ ਉਨ੍ਹਾਂ ਚੋਣਵੇਂ ਦੇਸ਼ਾਂ ਵਿੱਚ ਸ਼ਾਮਲ ਹੋ ਜਾਵੇਗਾ ਜਿੱਥੇ ਜੀ ਐੱਸ ਟੀ ਅਸਿੱਧੀ ਕਰ ਪ੍ਰਣਾਲੀ ਦੇ ਤੌਰ ਤੇ ਲਾਗੂ ਹੈ।

ਹੁਣ, ਅਗਲੇ ਸਾਲ 1 ਅਪ੍ਰੈਲ ਤੋਂ ਜੀ ਐੱਸ ਟੀ ਨੂੰ ਲਾਗੂ ਕਰਨ ਲਈ ਸਰਕਾਰ ਨੇ ਪ੍ਰਕਿਰਿਆ ਤੇਜ਼ੀ ਨਾਲ ਸ਼ੁਰੂ ਕਰ ਦਿੱਤੀ ਹੈ। ਇਸ ਦਿਸ਼ਾ ਵੱਲ ਸਭ ਤੋਂ ਪਹਿਲਾਂ ਵਸਤੂ ਤੇ ਸੇਵਾ ਦੀ ਸਭਾ, ਜੋ ਕੇਂਦਰ ਅਤੇ ਰਾਜਾਂ ਦੀ ਸਰਬ-ਉੱਚ ਸੰਸਥਾ ਹੈ, ਦੀ ਨਾ ਕੇਵਲ ਸਥਾਪਨਾ ਹੀ ਕੀਤੀ ਗਈ ਹੈ, ਪਰ ਇਸ ਦੀਆਂ ਪਹਿਲੀਆਂ ਬੈਠਕਾਂ ਵਿੱਚ ਕਈ ਮਹੱਤਵਪੂਰਨ ਫੈਸਲੇ ਵੀ ਲਏ ਗਏ ਹਨ। ਦੂਸਰਾ, ਜੀ ਐੱਸ ਟੀ ਲਈ ਹਰ ਪ੍ਰਕਾਰ ਦੀ ਤਕਨੀਕੀ ਜਾਣਕਾਰੀ ਦੀ ਇਮਦਾਦ ਮੁਹੱਈਆ ਕਰਵਾਉਣ ਲਈ ਜੀ ਐੱਸ ਟੀ ਨੈੱਟਵਰਕ ਨੇ ਪੂਰੀ ਤਰ੍ਹਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਤੀਜਾ, ਨਮੂਨੇ ਦਾ ਜੀ ਐੱਸ ਆਰ ਕਾਨੂੰਨ ਜਨਤਾ ਦੇ ਸਾਹਮਣੇ ਰੱਖਿਆ ਗਿਆ ਹੈ ਜਿਸ ਨੂੰ ਆਖਰ ਵਿੱਚ ਸਹਾਇਕ ਕਾਨੂੰਨਾਂ ਵਿੱਚ ਬਦਲ ਦਿੱਤਾ ਜਾਵੇਗਾ। ਚੌਥਾ, ਸਰਕਾਰ ਦਾ ਨਿਸ਼ਾਨਾ 22 ਨਵੰਬਰ, 2016 ਤੱਕ ਜੀ ਐੱਸ ਟੀ ਲਈ, ਦਰਾਂ, ਛੋਟ, ਮੁਢਲੀ ਸੀਮਾ ਅਤੇ ਪ੍ਰਮੁੱਖ ਨਿਯਮਾਂ ਨੂੰ ਅੰਤਮ ਰੂਪ ਦੇਣਾ ਹੈ।

## ਜੀ ਐੱਸ ਟੀ ਕੀ ਹੈ?

ਜੀ ਐੱਸ ਟੀ ਇਕ ਸਰਲ ਕੀਤਾ ਕਰ ਢਾਂਚਾ ਹੈ ਜੋ ਵਸਤਾਂ ਅਤੇ ਸੇਵਾਵਾਂ, ਦੋਵਾਂ ਉਤੇ ਲਾਗੂ ਹੋਵੇਗਾ। ਇਹ ਇਕ ਮੁੱਲ ਵਾਧੇ ਵਾਲਾ ਕਰ ਹੈ ਜੋ ਪੂਰਤੀ ਲੜੀ ਦੇ ਸਾਰੇ ਪੜਾਵਾਂ ਉਤੇ ਲਾਇਆ ਜਾਂਦਾ ਹੈ। ਇਸ ਅਧੀਨ ਪੂਰਤੀ ਕਰਨ ਲਈ ਹਾਸਲ ਕੀਤੀ ਲਾਗਤ ਅਦਾ ਕੀਤੇ ਕਿਸੇ ਵੀ ਕਰ ਉਤੇ ਛੋਟ ਦਿੱਤੀ ਜਾਂਦੀ ਹੈ। ਇਹ ਵਸਤਾਂ ਦੇ ਨਿਰਮਾਣ, ਵਸਤਾਂ ਦੀ ਵਿਕਰੀ ਜਾਂ ਸੇਵਾਵਾਂ ਦੇਣ ਦੀ ਵਰਤਮਾਨ ਕਰ ਪ੍ਰਣਾਲੀ ਦੀ ਥਾਂ ਤੇ ਵਸਤਾਂ ਜਾਂ ਸੇਵਾਵਾਂ ਦੀ ਪੂਰਤੀ ਉਤੇ ਲਾਗੂ ਹੋਵੇਗਾ। ਇਹ ਮੌਜੂਦਾ ਸ਼ੁਰੂਆਤ ਅਧਾਰਤ ਪ੍ਰਣਾਲੀ ਦੀ ਬਜਾਇ ਮੰਜ਼ਲ ਅਧਾਰਤ ਕਰ ਹੋਵੇਗਾ।

ਸੰਘੀ ਢਾਂਚੇ ਨੂੰ ਬਣਾਈ ਰੱਖਣ ਲਈ ਦੇਸ਼ ਵਿੱਚ ਦੋਹਰਾ ਜੀ ਐੱਸ ਟੀ, ਕੇਂਦਰੀ ਜੀ ਐੱਸ ਟੀ ਅਤੇ ਰਾਜ ਜੀ ਐੱਸ ਟੀ ਲਾਗੂ ਹੋਵੇਗਾ। ਇਸ ਦਾ ਮਤਲਬ ਕੇਂਦਰ ਅਤੇ ਰਾਜਾਂ ਲਈ ਸਾਂਝਾ ਕਰ ਅਧਾਰ ਹੋਵੇਗਾ। ਇਸ ਤੋਂ ਇਲਾਵਾ ਏਕੀਕ੍ਰਿਤ ਜੀ ਐੱਸ ਟੀ ਹੋਵੇਗਾ। ਇਹ ਰਾਜਾਂ ਦਰਮਿਆਨ ਵਸਤਾਂ ਅਤੇ ਸੇਵਾ ਦੀ ਪੂਰਤੀ ਉਤੇ ਲਾਇਆ ਜਾਵੇਗਾ। ਇਸ ਨੂੰ ਕੇਂਦਰ ਵਲੋਂ ਉਗਰਾਹਿਆ ਜਾਵੇਗਾ ਤਾਂ ਕਿ ਵਸੂਲੀ ਲੜੀ ਵਿੱਚ ਕੋਈ ਅੜਿੱਕਾ ਨਾ ਪਵੇ। ਵਸਤਾਂ ਅਤੇ ਸੇਵਾ ਦੇ ਆਯਾਤ ਨੂੰ ਅੰਤਰਰਾਜੀ ਪੂਰਤੀ ਸਮਝਿਆ ਜਾਵੇਗਾ ਜਿਸ ਉਤੇ ਪ੍ਰਚਲਤ ਸੀਮਾ ਸ਼ੁਲਕ ਦਰਾਂ ਤੋਂ ਇਲਾਵਾ ਏਕੀਕ੍ਰਿਤ ਜੀ ਐੱਸ ਟੀ ਵੀ ਲਾਗੂ ਹੋਵੇਗਾ। ਇਨ੍ਹਾਂ ਤਿੰਨਾਂ ਦੀਆਂ ਦਰਾਂ ਬਾਰੇ ਜੀ ਐੱਸ ਟੀ ਕੌਂਸਲ ਵਲੋਂ ਫੈਸਲਾ ਲਿਆ ਜਾਵੇਗਾ।

## ਜੀ ਐੱਸ ਟੀ ਕਿਉਂ?

ਭਾਰਤ ਵਿੱਚ ਕਈ ਪ੍ਰਕਾਰ ਦੇ ਕਰ ਲਾਏ ਜਾਂਦੇ ਹਨ ਕਿਉਂਕਿ ਵੱਖ-ਵੱਖ ਪੱਧਰਾਂ ਉਤੇ ਵਸਤੂਆਂ ਅਤੇ ਸੇਵਾਵਾਂ ਉਤੇ ਕਰ ਲਾਉਣ ਲਈ ਸੰਵਿਧਾਨ ਕੇਂਦਰ ਅਤੇ ਰਾਜਾਂ ਨੂੰ ਕਾਨੂੰਨ ਬਣਾਉਣ ਲਈ ਵੱਖ-ਵੱਖ ਸ਼ਕਤੀਆਂ ਪ੍ਰਦਾਨ ਕਰਦਾ ਹੈ। ਮਿਸਾਲ ਦੇ ਤੌਰ ਤੇ, ਕੇਂਦਰ ਸਰਕਾਰ ਨੂੰ ਵਸਤਾਂ ਦੇ ਨਿਰਮਾਣ ਉਤੇ ਕਰ ਲਾਉਣ ਅਤੇ ਕਾਨੂੰਨ ਬਣਾਉਣ ਲਈ ਅਧਿਕਾਰ ਪ੍ਰਾਪਤ ਹੈ (ਮਨੁੱਖੀ ਖਪਤ ਲਈ

ਸ਼ਰਾਬ ਬਣਾਉਣ, ਅਫੀਮ, ਨਸ਼ੀਲੇ ਪਦਾਰਥਾਂ ਆਦਿ ਨੂੰ ਛੱਡ ਕੇ) ਜਦ ਕਿ ਰਾਜਾਂ ਕੋਲ ਵਸਤਾਂ ਦੇ ਵਪਾਰ ਉਤੇ ਕਰ ਲਾਉਣ ਦਾ ਅਧਿਕਾਰ ਹੈ। ਕੇਂਦਰ ਕੋਲ ਦੋ ਵਿਸ਼ੇਸ਼ ਤਾਕਤਾਂ ਹਨ : ਪਹਿਲੀ, ਇਸ ਕੋਲ ਵਸਤਾਂ ਦੇ ਅੰਤਰਰਾਜੀ ਵਪਾਰ ਉਤੇ ਕਰ ਲਾਉਣ ਦਾ ਅਧਿਕਾਰ ਹੈ (ਭਾਵੇਂ ਕਿ ਇਹ ਕਰ ਰਾਜਾਂ ਵਲੋਂ ਉਗਰਾਹ ਕੇ ਆਪਣੇ ਕੋਲ ਹੀ ਰੱਖਿਆ ਜਾਂਦਾ ਹੈ), ਅਤੇ ਦੂਜੀ, ਸਿਰਫ ਕੇਂਦਰ ਹੀ ਸੇਵਾਵਾਂ ਉਤੇ ਕਰ ਲਾਗੂ ਕਰ ਸਕਦਾ ਹੈ, ਮਤਲਬ ਸੇਵਾ ਕਰ।

ਅਜਿਹੀ ਪ੍ਰਣਾਲੀ ਅਸਿੱਧੇ ਕਰਾਂ ਦੀ ਸਮੁੱਚੀ ਪ੍ਰਣਾਲੀ ਨੂੰ ਜਟਿਲ ਬਣਾ ਦਿੰਦੀ ਹੈ। ਸਿਰਫ ਏਨਾ ਹੀ ਨਹੀਂ, ਇਸ ਦੇ ਬਹੁਤ ਸਾਰੇ ਨੁਕਸਾਨ ਹਨ। ਉਦਾਹਰਣ ਦੇ ਲਈ, ਇਕ ਵਪਾਰੀ ਨੂੰ ਕਰਾਂ ਦੀ ਅਦਾਇਗੀ ਲਈ ਬਹੁਤ ਸਾਰੇ ਰਿਕਾਰਡ ਰੱਖਣੇ ਪੈਂਦੇ ਹਨ। ਇਸ ਨਾਲ ਵਪਾਰ ਚਲਾਉਣ ਦੀ ਲਾਗਤ ਵਧ ਜਾਂਦੀ ਹੈ ਅਤੇ ਇਹ ਸਰਲ ਤਰੀਕੇ ਨਾਲ ਵਪਾਰ ਕਰਨ ਦੇ ਬੁਨਿਆਦੀ ਅਸੂਲ ਦੀ ਵੀ ਖਿਲਾਫਵਰਜ਼ੀ ਹੈ। ਇਸੇ ਤਰ੍ਹਾਂ, ਕਈ ਪ੍ਰਕਾਰ ਦੇ ਕਰ ਹੋਣ ਨਾਲ ਕਰ ਦੇ ਉਪਰ ਕਰ ਲਗਦਾ ਜਾਂਦਾ ਹੈ ਜਿਸ ਨਾਲ ਖਪਤਕਾਰ ਲਈ ਵਸਤਾਂ ਮਹਿੰਗੀਆਂ ਹੋ ਜਾਂਦੀਆਂ ਹਨ। ਕਿਉਂਕਿ ਜੀ ਐੱਸ ਟੀ ਵਿੱਚ ਸਿਰਫ ਇਕ ਕਰ ਹੋਵੇਗਾ, ਜਿਸ ਦਾ ਮਤਲਬ ਪਾਲਣਾ ਅਸਾਨ ਅਤੇ ਸਸਤੀ ਹੋਵੇਗੀ ਜੋ ਸਰਲਤਾ ਨਾਲ ਵਪਾਰ ਕਰਨ ਵਿੱਚ ਸਹਾਈ ਹੋਵੇਗੀ। ਇਸੇ ਪ੍ਰਕਾਰ, ਕਿਉਂਕਿ ਨਿਰਮਾਣ ਤੋਂ ਲੈ ਕੇ ਆਖਰੀ ਖਪਤ ਤੱਕ ਸਾਰੇ ਪੜਾਵਾਂ ਉਤੇ ਜੀ ਐੱਸ ਟੀ ਲਾਇਆ ਜਾਵੇਗਾ, ਜਿਸ ਅਧੀਨ ਪਿਛਲੇ ਪੜਾਵਾਂ ਉਤੇ ਲਿਆ ਕਰ ਵਾਪਸ ਹੋ ਜਾਵੇਗਾ, ਇਸ ਨਾਲ ਕਰ ਉਪਰ ਕਰ ਲੱਗਣ ਵਾਲਾ ਨੁਕਸ ਦੂਰ ਹੋ ਜਾਵੇਗਾ। ਮੰਨਿਆ ਜਾ ਰਿਹਾ ਹੈ ਕਿ ਨਵੇਂ ਕਰ ਨਿਜ਼ਾਮ ਦੇ ਲਾਗੂ ਹੋਣ ਨਾਲ ਕੁੱਲ ਕਰ ਬੋਝ ਵਿੱਚ ਕਾਫੀ ਕਮੀ ਆਵੇਗੀ (ਜੋ ਵਰਤਮਾਨ ਸਮੇਂ ਵਸਤਾਂ ਉਤੇ 25-30 ਪ੍ਰਤਿਸ਼ਤ ਦੇ ਵਿਚਕਾਰ ਹੈ), ਇਸ ਨਾਲ ਖਪਤਕਾਰਾਂ ਲਈ ਵਸਤੂਆਂ ਸਸਤੀਆਂ ਹੋ ਜਾਣਗੀਆਂ।

## ਜੀ ਐੱਸ ਟੀ ਐੱਨ

ਜੀ ਐੱਸ ਟੀ ਲਾਗੂ ਕਰਨ ਲਈ ਸੂਚਨਾ ਤਕਨੀਕ ਢਾਂਚਾ ਅਤੇ ਸੇਵਾਵਾਂ ਮੁਹੱਈਆ ਕਰਵਾਉਣ ਲਈ ਸਰਕਾਰ ਵਲੋਂ ਵਸਤੂ ਅਤੇ ਸੇਵਾ ਕਰ ਨੈੱਟਵਰਕ (ਜੀ ਐੱਸ ਟੀ ਐੱਨ) ਦੀ ਸਥਾਪਨਾ ਕੀਤੀ ਗਈ ਹੈ। ਇਹ ਸੈਕਸ਼ਨ 25 ਦੀ ਕੰਪਨੀ ਹੈ, ਜਿਸ ਦਾ ਮਤਲਬ ਹੈ ਇਹ ਮੁਨਾਫੇ ਲਈ ਕੰਮ ਨਹੀਂ ਕਰੇਗੀ। ਇਹ ਗ਼ੈਰ-ਸਰਕਾਰੀ ਅਤੇ ਨਿੱਜੀ ਮਾਲਕੀ ਵਾਲੀ ਕੰਪਨੀ ਹੈ। ਜੀ ਐੱਸ ਟੀ ਐੱਨ ਵਿੱਚ ਕੇਂਦਰ ਸਰਕਾਰ ਦੀ 24.5 ਪ੍ਰਤਿਸ਼ਤ ਹਿੱਸੇਦਾਰੀ ਹੈ ਜਦ ਕਿ ਸਾਰੇ ਰਾਜਾਂ, ਜਿਨ੍ਹਾਂ ਵਿੱਚ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਅਤੇ ਪੁੱਡੂਚੇਰੀ ਸ਼ਾਮਲ ਹਨ, ਅਤੇ ਰਾਜਾਂ ਦੇ ਵਿੱਤ ਮੰਤਰੀਆਂ ਦੀ ਉੱਚ-ਤਾਕਤੀ ਕਮੇਟੀ ਦੀ ਇਸ ਵਿੱਚ 24.5 ਪ੍ਰਤਿਸ਼ਤ ਹਿੱਸੇਦਾਰੀ ਹੈ। ਬਾਕੀ ਹਿੱਸੇਦਾਰੀ ਗ਼ੈਰ-ਸਰਕਾਰੀ ਵਿੱਤੀ ਸੰਸਥਾਨਾਂ ਕੋਲ ਹੈ। ਇਸ ਕੰਪਨੀ ਲਈ ਹੇਠ ਲਿਖੇ ਕੰਮ ਕਰਨੇ ਜ਼ਰੂਰੀ ਹਨ :

- ਕੇਂਦਰ ਅਤੇ ਰਾਜ ਸਰਕਾਰਾਂ, ਕਰ-ਦਾਤਿਆਂ ਅਤੇ ਦੂਜੇ ਹਿਤਧਾਰਕਾਂ ਨੂੰ ਸਾਂਝਾ ਸੂਚਨਾ ਤਕਨੀਕ ਢਾਂਚਾ ਅਤੇ ਸੇਵਾਵਾਂ ਪ੍ਰਦਾਨ ਕਰਨੀਆਂ।
- ਦੂਜੀਆਂ ਏਜੰਸੀਆਂ ਨਾਲ ਮਿਲ ਕੇ ਨਿਪੁੰਨ ਅਤੇ ਵਰਤੋਂਕਾਰ ਪੱਖੀ ਜੀ ਐੱਸ ਟੀ ਪ੍ਰਣਾਲੀ ਦਾ ਨਿਰਮਾਣ ਕਰਨਾ।
- ਜੀ ਐੱਸ ਟੀ ਸੁਵਿਧਾ ਪ੍ਰਦਾਨ ਕਰਨ ਵਾਲਿਆਂ (ਜੀ ਐੱਸ ਪੀਜ਼) ਨੂੰ ਉਤਸ਼ਾਹਿਤ ਕਰਕੇ ਅਤੇ ਭਾਈਵਾਲੀ ਕਰਕੇ ਹਿਤਧਰਕਾਂ ਨੂੰ ਸਰਲੀਕ੍ਰਿਤ ਸੇਵਾਵਾਂ ਪ੍ਰਦਾਨ ਕਰਨ ਲਈ ਜੀ ਐੱਸ ਟੀ ਐਪਲੀਕੇਸ਼ਨਾਂ ਦੀ ਸ਼ੁਰੂਆਤ ਕਰਨੀ।
- ਕਰ ਅਧਿਕਾਰੀਆਂ ਅਤੇ ਦੂਜੇ ਹਿਤਧਾਰਕਾਂ ਲਈ ਖੋਜ ਕਰਨੀ, ਸਰਬੋਤਮ ਪ੍ਰਥਾਵਾਂ ਦਾ ਅਧਿਐਨ ਕਰਨਾ, ਅਤੇ ਸਿਖਲਾਈ ਤੇ ਸਲਾਹਕਾਰੀ ਸੇਵਾਵਾਂ ਪ੍ਰਦਾਨ ਕਰਨੀਆਂ।
- ਕੇਂਦਰ ਤੇ ਰਾਜ ਸਰਕਾਰਾਂ ਦੇ ਕਰ ਵਿਭਾਗਾਂ ਨੂੰ ਬੇਨਤੀ ਮਿਲਣ ਉਤੇ ਨਿਪੁੰਨ ਉਪ-ਸੇਵਾਵਾਂ ਪ੍ਰਦਾਨ ਕਰਨੀਆਂ।
- ਕੇਂਦਰ ਅਤੇ ਰਾਜਾਂ ਦੇ ਕਰ ਪ੍ਰਬੰਧਕਾਂ ਲਈ ਕਰਦਾਤਿਆਂ ਦੀ ਜਾਣਕਾਰੀ ਵਾਲੀ ਸਹੂਲਤ (ਟੀ ਪੀ ਯੂ) ਵਿਕਸਤ ਕਰਨਾ।
- ਕਰਾਂ ਦੀ ਅਦਾਇਗੀ ਅਤੇ ਕਰ ਪ੍ਰਬੰਧਨ ਪ੍ਰਣਾਲੀ ਦੀ ਪਾਰਦਰਸ਼ਿਤਾ ਲਈ ਕਰ-ਅਧਿਕਾਰੀਆਂ ਦੀ ਸਹਾਇਤਾ ਕਰਨੀ।
- ਕੇਂਦਰ ਤੇ ਰਾਜ ਸਰਕਾਰਾਂ ਅਤੇ ਦੂਜੇ ਹਿਤਧਾਰਕਾਂ ਨੂੰ ਬੇਨਤੀ ਪ੍ਰਾਪਤ ਹੋਣ ਉਤੇ ਦੂਜੀਆਂ ਪ੍ਰਸੰਗਿਕ ਸੇਵਾਵਾਂ ਪ੍ਰਦਾਨ ਕਰਨੀਆਂ।

## ਜੀ ਐੱਸ ਟੀ ਸਭਾ

101ਵੀਂ ਸੰਵਿਧਾਨਕ ਸੋਧ ਤੋਂ ਬਾਅਦ, ਪਹਿਲੀ ਵੱਡੀ ਘਟਨਾ ਜੀ ਐੱਸ ਟੀ ਸਭਾ ਦੀ ਸਥਾਪਨਾ ਸੀ। ਇਹ ਸਭਾ ਜੀ ਐੱਸ ਟੀ ਲਈ ਕੇਂਦਰ ਤੇ ਰਾਜਾਂ ਦੀ ਸਭ ਤੋਂ ਸਰਬ-ਉੱਚ ਸੰਸਥਾ ਹੈ। ਇਸ ਨੂੰ ਨਾ ਕੇਵਲ ਜੀ ਐੱਸ ਟੀ ਸੰਬੰਧਿਤ ਅੰਤਮ ਛੋਹਾਂ ਦੇਣ, ਸਗੋਂ ਝਗੜਿਆਂ ਦੇ ਨਿਪਟਾਰੇ ਦੇ ਅਧਿਕਾਰ ਵੀ ਪ੍ਰਾਪਤ ਹਨ। ਇਸ ਸਭਾ ਦੇ ਮੁਖੀ ਕੇਂਦਰੀ ਵਿੱਤ ਮੰਤਰੀ ਹਨ ਜਦ ਕਿ ਮਾਲੀਏ ਦੇ ਮੁਖੀ ਕੇਂਦਰੀ ਵਿੱਤ ਰਾਜ ਮੰਤਰੀ ਅਤੇ ਵਿੱਤ ਜਾਂ ਕਰਾਂ ਬਾਰੇ ਜ਼ਿੰਮੇਵਾਰ ਮੰਤਰੀ ਜਾਂ ਰਾਜ ਸਰਕਾਰਾਂ ਵਲੋਂ ਨਾਮਜ਼ਦ ਕੋਈ ਮੰਤਰੀ ਇਸ ਦੇ ਮੈਂਬਰ ਹੋਣਗੇ। ਪ੍ਰਭਾਵੀ ਤੌਰ ਤੇ ਇਸ ਸਭਾ ਦੇ ਦੋ ਮੈਂਬਰ ਹੋਣਗੇ, ਜਿਸ ਦਾ ਮੁਖੀ ਕੇਂਦਰ ਤੋਂ ਹੋਵੇਗਾ ਅਤੇ 29 ਰਾਜਾਂ ਅਤੇ ਦੋ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਤੋਂ ਇਕ ਮੈਂਬਰ ਹੋਵੇਗਾ ਜਿਸ ਨਾਲ ਕੁੱਲ ਗਿਣਤੀ 33 ਹੋ ਜਾਵੇਗੀ। ਕੇਂਦਰ ਦਾ ਮਾਲੀਆ ਸਕੱਤਰ ਜੀ ਐੱਸ ਟੀ ਸਭਾ ਦਾ ਗ਼ੈਰ-ਸਰਕਾਰੀ ਸਕੱਤਰ ਹੋਵੇਗਾ ਜਦ ਕਿ ਆਬਕਾਰੀ ਅਤੇ ਸੀਮਾ ਸ਼ੁਲਕ ਬਾਰੇ ਕੇਂਦਰੀ ਬੋਰਡ (ਸੀ ਬੀ ਈ ਸੀ) ਦਾ ਚੇਅਰਪਰਸਨ ਇਸ ਸਭਾ ਦੀਆਂ ਸਾਰੀਆਂ ਕਾਰਵਾਈਆਂ ਲਈ ਪੱਕੇ ਤੌਰ ਤੇ ਆਮੰਤ੍ਰਿਤ ਹੋਵੇਗਾ (ਵੋਟ ਦੇਣ ਦਾ ਹੱਕ ਨਹੀਂ ਹੋਵੇਗਾ)।

ਇਹ ਸਭਾ ਜੀ ਐੱਸ ਟੀ ਨਾਲ ਸੰਬੰਧਿਤ ਮਹੱਤਵਪੂਰਨ ਮੁੱਦਿਆਂ ਬਾਰੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਸਿਫਾਰਸ਼ਾਂ ਕਰੇਗੀ ਜਿਵੇਂ ਕਿ ਉਹ ਵਸਤਾਂ ਅਤੇ ਸੇਵਾ ਜਿਨ੍ਹਾਂ ਨੂੰ ਜੀ ਐੱਸ ਟੀ, ਜੀ ਐੱਸ ਟੀ ਕਾਨੂੰਨਾਂ, ਅਸੂਲਾਂ ਤੋਂ ਛੋਟ ਦਿੱਤੀ ਜਾ ਸਕਦੀ ਹੈ, ਜੋ ਪੂਰਤੀ ਦੇ ਸਥਾਨ, ਮੁਢਲੀ ਸੀਮਾ, ਜੀ ਐੱਸ ਟੀ ਦਰਾਂ, ਜਿਸ ਵਿੱਚ ਫਲੋਰ ਦਰ ਅਤੇ ਬੈਂਡ ਸ਼ਾਮਲ ਹਨ, ਕੁਦਰਤੀ ਆਫਤਾਂ ਦੌਰਾਨ ਵਾਧੂ ਸਰੋਤ ਜੁਟਾਉਣ ਲਈ ਵਿਸ਼ੇਸ਼ ਦਰਾਂ, ਕੁੱਝ ਰਾਜਾਂ ਲਈ ਵਿਸ਼ੇਸ਼ ਪ੍ਰਾਵਧਾਨਾਂ ਆਦਿ ਲਈ ਅਸੂਲਾਂ ਅਧੀਨ ਆਉਂਦੇ ਹਨ।

ਸਭਾ ਦਾ ਹਰੇਕ ਫੈਸਲਾ ਬੈਠਕ ਵਿੱਚ ਘੱਟੋ-ਘੱਟ ਤਿੰਨ ਚੌਥਾਈ ਹਾਜ਼ਰ ਮੈਂਬਰਾਂ ਦੇ ਬਹੁਮਤ ਅਤੇ ਵੋਟਾਂ ਰਾਹੀਂ ਕੀਤਾ ਜਾਵੇਗਾ। ਵੋਟਿੰਗ ਪ੍ਰਣਾਲੀ ਇਸ ਢੰਗ ਨਾਲ ਬਣਾਈ ਗਈ ਹੈ ਕਿ ਨਾ ਤਾਂ ਕੇਂਦਰ ਅਤੇ ਨਾ ਹੀ ਸਾਰੇ ਰਾਜ ਵੀਟੋ ਦਾ ਇਸਤੇਮਾਲ ਕਰ ਸਕਦੇ ਹਨ। ਕੇਂਦਰ

ਸਰਕਾਰ ਦਾ ਵੋਟ ਹਿੱਸਾ ਕੁੱਲ ਪਾਈਆਂ ਇਕ ਤਿਹਾਈ ਵੋਟਾਂ ਦੇ ਬਰਾਬਰ ਹੋਵੇਗਾ ਅਤੇ ਸਾਰੇ ਰਾਜਾਂ ਦੀਆਂ ਵੋਟਾਂ (ਜਿਸ ਵਿੱਚ ਕੇਂਦਰ ਸ਼ਾਸ਼ਿਤ ਪ੍ਰਦੇਸ਼ ਸ਼ਾਮਲ ਹਨ) ਦੀ ਕੁੱਲ ਮਿਲਾ ਕੇ ਸ਼ਕਤੀ ਕੁੱਲ ਪਈਆਂ ਵੋਟਾਂ ਦੇ ਦੋ ਤਿਹਾਈ ਦੇ ਬਰਾਬਰ ਹੋਵੇਗਾ। ਕੋਈ ਵੀ ਫੈਸਲਾ ਲੈਣ ਲਈ ਕੁੱਲ ਵੋਟਾਂ ਦਾ ਤਿੰਨ ਚੌਥਾਈ ਲੋੜੀਂਦਾ ਹੋਵੇਗਾ।

## ਜੀ ਐੱਸ ਟੀ ਸਭਾ ਦੇ ਪ੍ਰਮੁੱਖ ਫੈਸਲੇ

***ਸਭਾ ਨੇ ਆਪਣੀਆਂ ਪਹਿਲੀਆਂ ਦੋ ਬੈਠਕਾਂ ਵਿੱਚ ਕੁੱਝ ਵੱਡੇ ਫੈਸਲੇ ਲਏ :***

***ਸ਼ੁਰੂਆਤੀ ਸੀਮਾ*** – ਜੀ ਐੱਸ ਟੀ ਲਈ ਸ਼ੁਰੂਆਤੀ ਹੱਦ 20 ਲੱਖ ਰੁਪਏ ਨਿਰਧਾਰਤ ਕੀਤੀ ਗਈ ਹੈ। ਪਰ, ਉੱਤਰ ਪੂਰਬ ਦੇ ਸੱਤ ਰਾਜਾਂ (ਅਸਾਮ, ਮੇਘਾਲਿਆ, ਮਨੀਪੁਰ, ਨਾਗਾਲੈਂਡ, ਮਿਜ਼ੋਰਮ, ਅਰੁਣਾਚਲ ਪ੍ਰਦੇਸ਼ ਅਤੇ ਸਿੱਕਮ) ਅਤੇ ਤਿੰਨ ਪਹਾੜੀ ਰਾਜਾਂ (ਜੰਮੂ ਤੇ ਕਸ਼ਮੀਰ, ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼) ਵਿੱਚ ਵਪਾਰ ਕਰਨ ਲਈ ਇਹ ਸੀਮਾ 10 ਲੱਖ ਰੁਪਏ ਹੋਵੇਗੀ। ਇਸ ਦਾ ਮਤਲਬ ਕਿ ਗ਼ੈਰ-ਰਾਖਵੇਂ ਰਾਜਾਂ ਦੇ ਉਹ ਵਪਾਰੀ ਜਿਨ੍ਹਾਂ ਦਾ ਸਾਲਾਨਾ ਕਾਰੋਬਾਰ 20 ਲੱਖ ਰੁਪਏ ਤੋਂ ਘੱਟ ਹੈ, ਨੂੰ ਜੀ ਐੱਸ ਟੀ ਤਹਿਤ ਪੰਜੀਕਰਨ ਤੋਂ ਛੋਟ ਹੋਵੇਗੀ ਜਦ ਕਿ ਉੱਤਰ ਪੂਰਬੀ ਰਾਜਾਂ ਅਤੇ ਪਹਾੜੀ ਰਾਜਾਂ ਦੇ ਜਿਨ੍ਹਾਂ ਵਪਾਰੀਆਂ ਦਾ ਸਾਲਾਨਾ ਕਾਰੋਬਾਰ 10 ਲੱਖ ਰੁਪਏ ਤੋਂ ਘੱਟ ਹੈ, ਉਹ ਜੀ ਐੱਸ ਟੀ ਦੇ ਦਾਇਰੇ ਤੋਂ ਬਾਹਰ ਰਹਿਣਗੇ।

**ਮਾਹਿਰ ਇਹ ਆਖ ਕੇ ਸ਼ੁਰੂਆਤੀ ਸੀਮਾਵਾਂ ਨੂੰ ਜਾਇਜ਼ ਠਹਿਰਾਉਂਦੇ ਹਨ ਕਿ ਬਹੁਤ ਸਾਰੇ ਛੋਟੇਵਪਾਰੀ ਅਤੇ ਸੇਵਾਵਾਂ ਪ੍ਰਦਾਨ ਕਰਨ ਵਾਲੇ ਜੀ ਐੱਸ ਟੀ ਕਾਨੂੰਨਾਂ ਦੀ ਪਾਲਣਾ ਕਰਨ ਤੋਂ ਬਚੇ ਰਹਿਣਗੇ। ਇਸ ਨਾਲ ਛੋਟੇ ਵਪਾਰੀਆਂ ਨਾਲ ਨਜਿੱਠਣ ਲਈ ਕਰ ਅਧਿਕਾਰੀਆਂ ਉਤੇ ਬੋਝ ਵੀ ਕਾਫੀ ਘੱਟ ਹੋ ਜਾਵੇਗਾ।**

### ਅੰਤਰ-ਸਸ਼ਕਤੀਕਰਨ

ਕੇਂਦਰ ਅਤੇ ਰਾਜਾਂ ਦਰਮਿਆਨ ਪ੍ਰਬੰਧਕੀ ਤਾਕਤਾਂ ਸਾਂਝੀਆਂ ਕਰਨ ਦੇ ਮਾਮਲੇ ਵਿੱਚ ਵਿਚਕਾਰਲਾ ਰਸਤਾ ਅਖਤਿਆਰ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਗੱਲ ਉਤੇ ਸਹਿਮਤੀ ਬਣੀ ਕਿ 1.5 ਕਰੋੜ ਸਾਲਾਨਾ ਕਾਰੋਬਾਰ ਵਾਲੇ ਵਪਾਰੀਆਂ ਉਤੇ ਸਿਰਫ ਰਾਜਾਂ ਦਾ ਨਿਯੰਤ੍ਰਣ ਹੋਵੇਗਾ। 1.5 ਕਰੋੜ ਤੋਂ ਉਪਰ ਸਾਲਾਨਾ ਕਾਰੋਬਾਰ ਵਾਲੇ ਵਪਾਰੀਆਂ ਦੇ ਮਾਮਲੇ ਵਿੱਚ ਦੋਹਰਾ ਨਿਯੰਤ੍ਰਣ ਅਤੇ ਕੇਂਦਰ ਤੇ ਰਾਜਾਂ ਦੇ ਅਧਿਕਾਰੀਆਂ ਦਾ ਅੰਤਰ ਸਸ਼ਕਤੀਕਰਨ ਲਾਗੂ ਹੋਵੇਗਾ ਜਿਸ ਦਾ ਆਧਾਰ ਜੋਖਮ ਸਮੀਖਿਆ ਦੇ ਨਿਯਮ ਹੋਣਗੇ। ਇਹ ਫੈਸਲਾ ਵੀ ਕੀਤਾ ਗਿਆ ਕਿ ਵੱਖ-ਵੱਖ ਆਮਦਨ ਪੱਧਰ ਹੋਣ ਦੇ ਬਾਵਜੂਦ ਸੇਵਾ ਕਰ ਲਈ ਪੰਜੀਕ੍ਰਿਤ 11 ਲੱਖ ਵਿਕ੍ਰੇਤਾਵਾਂ ਉਤੇ ਕੇਂਦਰ ਦਾ ਨਿਯੰਤ੍ਰਣ ਹੋਵੇਗਾ।

### ਬਣਤਰ ਦੀ ਯੋਜਨਾ

ਸਮਝੌਤਾ ਜਾਂ ਬਣਤਰ ਯੋਜਨਾ ਦੇ ਅਕਾਰ ਬਾਰੇ ਸਹਿਮਤੀ ਬਣ ਗਈ ਹੈ। ਇਹ ਫੈਸਲਾ ਕੀਤਾ ਗਿਆ ਕਿ ਕੁੱਲ 50 ਲੱਖ ਸਾਲਾਨਾ ਕਾਰੋਬਾਰ ਵਾਲੇ ਵਪਾਰੀ 1-2 ਪ੍ਰਤਿਸ਼ਤ ਕਰ ਅਦਾ ਕਰਨਗੇ। ਅਜਿਹੀ ਯੋਜਨਾ ਦਾ ਮਕਸਦ ਛੋਟੇ ਵਪਾਰੀਆਂ ਦੀ ਸਹਾਇਤਾ ਕਰਨਾ ਹੈ। ਇਸ ਯੋਜਨਾ ਦੇ ਤਹਿਤ ਇਕ ਕਰਦਾਤਾ ਸਾਲ ਦੌਰਾਨ ਉਸ ਦੇ ਕਾਰੋਬਾਰ ਦੀ ਪ੍ਰਤਿਸ਼ਤ ਦੇ ਅਧਾਰ ਉਤੇ ਕਰ ਅਦਾਇਗੀ ਕਰੇਗਾ ਜਿਸ ਲਈ ਇਨਪੁੱਟ ਟੈਕਸ ਕ੍ਰੈਡਿਟ (ਆਈ ਟੀ ਸੀ) ਦਾ ਲਾਭ ਨਹੀਂ ਮਿਲੇਗਾ। ਕੇਂਦਰੀ ਵਸਤੂ ਅਤੇ ਸੇਵਾ ਕਰ (ਸੀ ਜੀ ਐੱਸ ਟੀ) ਅਤੇ ਰਾਜ ਵਸਤੂ ਅਤੇ ਸੇਵਾ ਕਰ (ਐੱਸ ਜੀ ਐੱਸ ਟੀ) ਲਈ ਕਰ ਦੀ ਘੱਟੋ-ਘੱਟ ਦਰ 1 ਪ੍ਰਤਿਸ਼ਤ ਤੋਂ ਘੱਟ ਨਹੀਂ ਹੋਵੇਗੀ। ਬਣਤਰ ਵਸੂਲੀ ਦੀ ਚੋਣ ਕਰਨ ਵਾਲਾ ਕਰ ਦਾਤਾ ਆਪਣੇ ਗਾਹਕਾਂ ਤੋਂ ਕੋਈ ਵੀ ਕਰ ਨਹੀਂ ਵਸੂਲੇਗਾ। ਅੰਤਰਰਾਜੀ ਪੂਰਤੀ ਕਰਨ ਵਾਲੇ ਕਰ ਦਾਤਾ ਜਾਂ ਉਲਟਾਵੇਂ ਖਰਚ ਦੇ ਅਧਾਰ ਉਤੇ ਕਰ ਅਦਾ ਕਰਨ ਵਾਲੇ ਬਣਤਰ ਯੋਜਨਾ ਲਈ ਯੋਗ ਨਹੀਂ ਮੰਨੇ ਜਾਣਗੇ।

### ਖੇਤਰ ਅਧਾਰਤ ਛੋਟ

ਵਰਤਮਾਨ ਸਮੇਂ ਪਹਾੜੀ ਰਾਜ, ਜਿਵੇਂ ਜੰਮੂ ਅਤੇ ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਅਤੇ ਉੱਤਰ ਪੂਰਬ ਦੇ ਸੱਤ ਰਾਜਾਂ ਨੂੰ ਹੀ ਖੇਤਰ ਅਧਾਰਤ ਛੋਟ ਪ੍ਰਾਪਤ ਹੁੰਦੀ ਹੈ। ਕਰ ਵਿੱਚ ਅਜਿਹੀਆਂ ਛੋਟਾਂ ਕੰਪਨੀਆਂ ਨੂੰ ਔਖੀਆਂ ਸਥਿਤੀਆਂ ਵਾਲੇ ਖੇਤਰਾਂ ਵਿੱਚ ਇਕਾਈਆਂ ਸਥਾਪਤ ਕਰਨ ਲਈ ਦਿੱਤੀਆਂ ਜਾਂਦੀਆਂ ਹਨ। ਅਗਲੇ ਸਾਲ ਜੀ ਐੱਸ ਟੀ ਨਿਜ਼ਾਮ ਦੀ ਸ਼ੁਰੂਆਤ ਹੋਣ 'ਤੇ ਹੁਣ ਖੇਤਰ ਅਧਾਰਤ ਆਬਕਾਰੀ ਸ਼ੁਲਕ ਰਿਆਇਤਾਂ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਪਰ ਇਹ ਰਿਫੰਡ (ਧਨ ਵਾਪਸੀ) ਦੇ ਰੂਪ ਵਿੱਚ ਦਿੱਤੀ ਜਾਵੇਗੀ ਨਾ ਕਿ ਛੋਟਾਂ ਦੇ ਰੂਪ ਵਿੱਚ। ਕਰ ਪ੍ਰਾਪਤ ਕਰਨ ਵਾਲਾ ਕੇਂਦਰ ਜਾਂ ਰਾਜ ਫਿਰ ਇਸ ਨੂੰ ਛੋਟ ਹਾਸਲ ਇਕਾਈ ਨੂੰ ਵਾਪਸ ਮੋੜ ਦੇਵੇਗਾ। ਰਾਜ ਹੁਣ ਵਿਸ਼ੇਸ਼ ਉਦਯੋਗਿਕ ਰਿਆਇਤਾਂ ਜਾਰੀ ਰੱਖਣ ਬਾਰੇ ਫੈਸਲਾ ਕਰਨਗੇ। ਕੀ ਸਾਰੀਆਂ ਰਿਆਇਤਾਂ ਨੂੰ ਕਾਨੂੰਨੀ ਛੋਟ ਦਿੱਤੀ ਜਾਵੇਗੀ ਜਾਂ ਧਨ ਵਾਪਸੀ ਕੀਤੀ ਜਾਵੇਗੀ, ਇਸ ਦੇ ਵੇਰਵਿਆਂ ਉਤੇ ਕੰਮ ਕੀਤਾ ਜਾ ਰਿਹਾ ਹੈ।

### ਜੀ ਐੱਸ ਟੀ ਦਰਾਂ

ਵਿੱਤ ਮੰਤਰਾਲੇ ਦੀ ਉੱਚ ਤਾਕਤੀ ਕਮੇਟੀ ਵਲੋਂ ਜੀ ਐੱਸ ਟੀ ਦਰਾਂ ਨੂੰ ਅੰਤਮ ਰੂਪ ਦੇਣ ਲਈ ਦੋ ਮਾਰਗ ਦਰਸ਼ਕ ਅਸੂਲਾਂ ਦਾ ਸੁਝਾਅ ਦਿੱਤਾ ਗਿਆ ਹੈ ਜੋ ਹੁਣ ਜੀ ਐੱਸ ਟੀ ਸਭਾ ਲਈ ਵੀ ਮਾਰਗ ਦਰਸ਼ਕ ਬਣ ਗਏ ਹਨ। ਪਹਿਲਾ ਮਾਰਗ ਦਰਸ਼ਕ ਅਸੂਲ ਕਹਿੰਦਾ ਹੈ ਕਿ ਜੀ ਐੱਸ ਟੀ ਲਾਗੂ ਹੋਣ ਨਾਲ ਵਰਤਮਾਨ ਸਮੇਂ ਪ੍ਰਭਾਵੀ ਕਰ ਦੀ ਦਰ ਮੌਜੂਦਾ ਪੱਧਰ ਉਤੇ ਹੌਲੀ-ਹੌਲੀ ਹੇਠਾਂ ਆ ਜਾਵੇਗੀ ਤਾਂ ਕਿ ਇਹ ਜ਼ਿਆਦਾ ਨਾਗਰਿਕ ਪੱਖੀ ਬਣ ਸਕੇ। ਦੂਜਾ ਅਸੂਲ ਬਿਆਨ ਕਰਦਾ ਹੈ ਕਿ ਮੌਜੂਦਾ ਆਮਦਨ ਦੇ ਪੱਧਰ ਨੂੰ ਬਣਾਈ ਰੱਖਣ ਲਈ ਕਰਾਂ ਦੀ ਦਰ ਢੁੱਕਵੀਂ ਹੋਣੀ ਚਾਹੀਦੀ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੇਂਦਰ ਅਤੇ ਰਾਜ ਸਰਕਾਰਾਂ ਆਪਣੇ ਫਰਜ਼ ਅਤੇ ਜ਼ਿੰਮੇਵਾਰੀਆਂ ਇਕੱਤਰ ਰਕਮ ਨਾਲ ਪੂਰੀ ਤਰ੍ਹਾਂ ਨਿਭਾਅ ਸਕਣ। ਇਹ ਮੰਨਿਆ ਜਾਂਦਾ ਹੈ ਕਿ ਅੰਤਮ ਦਰਾਂ ਤੈਅ ਕਰਨ ਤੋਂ ਪਹਿਲਾਂ ਜੀ ਐੱਸ ਟੀ ਸਭਾ ਇਨ੍ਹਾਂ ਦੋ ਅਸੂਲਾਂ ਦੀ ਪਾਲਣਾ ਕਰੇਗੀ। ਇਹ ਆਸ ਕੀਤੀ ਜਾਂਦੀ ਹੈ ਕਿ ਚਾਰ ਕਿਸਮ ਦੀਆਂ ਦਰਾਂ ਨਿਰਧਾਰਤ ਕੀਤੀਆਂ ਜਾਣਗੀਆਂ :

- ਮੈਰਿਟ ਦਰ – ਜ਼ਰੂਰੀ ਵਸਤਾਂ ਜਾਂ ਸੇਵਾਵਾਂ।
- ਸਟੈਂਡਰਡ ਦਰ – ਆਮ ਵਸਤਾਂ ਜਾਂ ਸੇਵਾਵਾਂ।
- ਵਿਸ਼ੇਸ਼ ਦਰ – ਕੀਮਤੀ ਧਾਤੂਆਂ।
- ਸਿਫਰ ਦਰ – ਛੋਟ ਵਾਲੀਆਂ ਵਸਤਾਂ ਜਾਂ ਸੇਵਾਵਾਂ।

**ਤਾਲਿਕਾ-1 : ਵਸਤੂ ਅਤੇ ਸੇਵਾਵਾਂ ਕਰ – ਬੁਨਿਆਦੀ ਮੁੱਦੇ**

***ਕਰਾਂ/ਸ਼ੁਲਕਾਂ ਨੂੰ ਇਕ ਕਰਨਾ***

**ਕੇਂਦਰ ਤੋਂ :**

- ਕੇਂਦਰੀ ਆਬਕਾਰੀ ਸ਼ੁਲਕ
- ਆਬਕਾਰੀ ਸ਼ੁਲਕ (ਔਸ਼ਧੀ ਅਤੇ ਪ੍ਰਸਾਧਨ ਬਣਾਉਣਾ)
- ਵਧੀਕ ਆਬਕਾਰੀ ਸ਼ੁਲਕ (ਵਿਸ਼ੇਸ਼ ਮਹੱਤਵ ਵਾਲੀਆਂ ਵਸਤਾਂ)
- ਵਧੀਕ ਸੀਮਾ ਸ਼ੁਲਕ (ਆਮ ਕਰਕੇ ਸੀ ਵੀ ਡੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ)
- ਵਿਸ਼ੇਸ਼ ਵਧੀਕ ਸੀਮਾ ਸ਼ੁਲਕ (ਐੱਸ ਏ ਡੀ)
- ਸੇਵਾ ਕਰ
- ਉਪ ਕਰ ਅਤੇ ਵਾਧੂ ਸ਼ੁਲਕ, ਜਿਥੋਂ ਤੱਕ ਇਹ ਵਸਤਾਂ ਤੇ ਸੇਵਾਵਾਂ ਦੀ ਪੂਰਤੀ ਨਾਲ ਸੰਬੰਧ ਰੱਖਦੇ ਹਨ।

**ਰਾਜ ਤੋਂ :**

- ਰਾਜ ਦਾ ਵੈਟ
- ਕੇਂਦਰੀ ਵਿਕਰੀ ਕਰ
- ਖਰੀਦ ਕਰ
- ਵਿਲਾਸਤਾ ਕਰ
- ਦਾਖਲਾ ਕਰ (ਸਾਰੇ ਰੂਪ)
- ਮਨੋਰੰਜਨ ਕਰ (ਸਥਾਨਕ ਨਿਗਮਾਂ ਵਲੋਂ ਲਾਏ ਕਰਾਂ ਤੋਂ ਬਿਨਾਂ)
- ਇਸ਼ਤਿਹਾਰਬਾਜ਼ੀ ਤੇ ਕਰ
- ਲਾਟਰੀ, ਸ਼ਰਤ ਲਾਉਣ ਅਤੇ ਜੂਏ ਤੇ ਕਰ
- ਰਾਜ ਦੇ ਉਪ ਕਰ ਅਤੇ ਵਾਧੂ ਸ਼ੁਲਕ ਜਿਥੋਂ ਤੱਕ ਇਨ੍ਹਾਂ ਦਾ ਵਸਤੂਆਂ ਤੇ ਸੇਵਾਵਾਂ ਦੀ ਪੂਰਤੀ ਨਾਲ ਸੰਬੰਧ ਹੈ।

***ਜੀ ਐੱਸ ਟੀ ਤੋਂ ਬਾਹਰ ਰੱਖੀਆਂ ਵਸਤਾਂ :***

- ਮਨੁੱਖੀ ਖਪਤ ਲਈ ਸ਼ਰਾਬ
- ਬਿਜਲੀ
- ਅਚਲ ਜਾਇਦਾਦ

***ਬਾਅਦ ਵਿੱਚ ਜੀ ਐੱਸ ਟੀ ਵਿੱਚ ਸ਼ਾਮਲ ਕੀਤੀਆਂ ਜਾਣ ਵਾਲੀਆਂ ਵਸਤਾਂ :***

- ਕੱਚਾ ਤੇਲ
- ਮੋਟਰ ਸਪਿਰਿਟ (ਪੈਟਰੋਲ)
- ਹਾਈ ਸਪੀਡ ਡੀਜ਼ਲ
- ਕੁਦਰਤੀ ਗੈਸ
- ਜਹਾਜ਼ਾਂ ਦਾ ਤੇਲ
- ਇਨ੍ਹਾਂ ਉਤਪਾਦਾਂ ਲਈ ਮੌਜੂਦਾ ਵੈਟ ਅਤੇ ਵਿਕਰੀ ਕਰ ਪ੍ਰਣਾਲੀ ਜਾਰੀ ਰਹੇਗੀ।

***ਜੀ ਐੱਸ ਟੀ ਤਹਿਤ ਤੰਬਾਕੂ ਨਾਲ ਕਿਵੇਂ ਨਜਿੱਠਿਆ ਜਾਵੇਗਾ :***

- ਤੰਬਾਕੂ ਅਤੇ ਤੰਬਾਕੂ ਉਤਪਾਦਾਂ ਉਤੇ ਜੀ ਐੱਸ ਟੀ ਲਾਗੂ ਕੀਤਾ ਜਾਵੇਗਾ। ਇਸ ਦੇ ਨਾਲ ਹੀ, ਕੇਂਦਰ ਕੋਲ ਇਨ੍ਹਾਂ ਉਤਪਾਦਾਂ ਉਤੇ ਕੇਂਦਰੀ ਆਬਕਾਰੀ ਸ਼ੁਲਕ ਲਾਉਣ ਦਾ ਅਧਿਕਾਰ ਹੋਵੇਗਾ।

***ਜੀ ਐੱਸ ਟੀ ਲਾਗੂ ਹੋਣ ਉਪਰੰਤ ਮਾਲੀਏ ਦੇ ਨੁਕਸਾਨ ਲਈ ਰਾਜਾਂ ਦੀ ਸਹਾਇਤਾ :***

- ਪਹਿਲੇ ਪੰਜ ਸਾਲਾਂ ਲਈ ਮਾਲੀਏ ਦਾ ਨੁਕਸਾਨ ਹੋਣ 'ਤੇ ਰਾਜਾਂ ਨੂੰ ਪੂਰਾ ਮੁਆਵਜ਼ਾ ਦਿੱਤਾ ਜਾਵੇਗਾ।

***ਆਯਾਤ ਨਾਲ ਕਿਵੇਂ ਨਜਿੱਠਿਆ ਜਾਵੇਗਾ :***

- ਵਸਤੂਆਂ ਤੇ ਸੇਵਾਵਾਂ ਦੇ ਆਯਾਤ ਨੂੰ ਅੰਤਰ-ਰਾਜੀ ਪੂਰਤੀ ਮੰਨਿਆ ਜਾਵੇਗਾ ਅਤੇ ਦੇਸ਼ ਵਿੱਚ ਵਸਤਾਂ ਅਤੇ ਸੇਵਾਵਾਂ ਨਿਰਯਾਤ ਕਰਨ ਸਮੇਂ ਏਕੀਕ੍ਰਿਤ ਵਸਤੂ ਤੇ ਸੇਵਾ ਕਰ (ਆਈ ਜੀ ਐੱਸ ਟੀ) ਲਾਗੂ ਕੀਤਾ ਜਾਵੇਗਾ।

***ਨਿਰਯਾਤ ਨੂੰ ਕਿਵੇਂ ਵੇਖਿਆ ਜਾਵੇਗਾ :***

- ਨਿਰਯਾਤ ਨੂੰ ਸਿਫਰ ਦਰ ਪੂਰਤੀ ਵਜੋਂ ਮੰਨਿਆ ਜਾਵੇਗਾ।

***ਛੋਟ ਵਾਲੀਆਂ ਵਸਤਾਂ ਅਤੇ ਸੇਵਾਵਾਂ ਦੀ ਸੂਚੀ :***

- ਛੋਟ ਵਾਲੀ ਸੂਚੀ ਛੋਟੀ ਰੱਖਣ ਦਾ ਯਤਨ ਹੈ। ਜੀ ਐੱਸ ਟੀ ਸਭਾ ਛੋਟ ਦਿੱਤੀਆਂ ਜਾਣ ਵਾਲੀਆਂ ਵਸਤਾਂ ਅਤੇ ਸੇਵਾਵਾਂ ਬਾਰੇ ਫੈਸਲਾ ਕਰੇਗੀ।

***ਜੀ ਐੱਸ ਟੀ ਲਾਗੂ ਕਰਨ ਤੋਂ ਪਹਿਲਾਂ ਅਗਲਾ ਕਦਮ :***

- ਕੇਂਦਰ ਵਲੋਂ ਦੋ ਕਾਨੂੰਨ ਬਣਾਏ ਜਾਣਗੇ, ਇਕ ਕੇਂਦਰੀ ਵਸਤੂ ਅਤੇ ਸੇਵਾ ਕਰ (ਸੀ ਜੀ ਐੱਸ ਟੀ) ਨਾਲ ਸੰਬੰਧਿਤ ਹੋਵੇਗਾ ਅਤੇ ਦੂਜਾ ਰਾਜ ਵਸਤੂ ਅਤੇ ਸੇਵਾ ਕਰ (ਐੱਸ ਐੱਸ ਟੀ) ਬਾਰੇ ਕਾਨੂੰਨ ਬਣਾਉਣਗੇ। ਇਹ ਸਧਾਰਨ ਕਾਨੂੰਨ ਹਨ ਜੋ ਸੰਸਦ/ਰਾਜ ਵਿਧਾਨ ਸਭਾ ਦੇ ਸਧਾਰਨ ਬਹੁਮਤ ਵਲੋਂ ਪਾਸ ਕੀਤੇ ਜਾ ਸਕਦੇ ਹਨ।

ਇਥੇ ਉਜਾਗਰ ਕਰਨਾ ਬਣਦਾ ਹੈ ਕਿ ਜੀ ਐੱਸ ਟੀ ਨਾ ਕੇਵਲ ਉਦਯੋਗ/ਕਾਰੋਬਾਰ ਜਾਂ ਵਪਾਰਕ ਭਾਈਚਾਰਿਆਂ ਲਈ ਹੀ ਲਾਹੇਵੰਦ ਹੋਵੇਗਾ ਸਗੋਂ ਆਮ ਲੋਕਾਈ ਲਈ ਵੀ ਫਾਇਦੇ-ਮੰਦ ਹੋਵੇਗਾ। ਜੇ ਨਵਾਂ ਕਰ ਨਿਜ਼ਾਮ ਬਹੁ ਪ੍ਰਕਾਰੀ ਕਰਾਂ ਨੂੰ ਘੱਟ ਕਰਨ, ਵਧਦੇ/ਦੋਹਰੇ ਕਰਾਂ ਨੂੰ ਘੱਟ ਕਰਨ, ਨਿਰਯਾਤ ਅਤੇ ਇਕ ਰਾਸ਼ਟਰੀ ਬਾਜ਼ਾਰ ਵਿਕਸਤ ਕਰਨ ਲਈ ਜ਼ਿਆਦਾ ਨਿਪੁੰਨ ਕਰ ਸਮਾਨੀਕਰਨ ਕਰਨ ਵਿੱਚ ਸਫਲ ਰਹਿੰਦਾ ਹੈ ਤਾਂ ਇਹ ਖਪਤਕਾਰ ਲਈ ਸਰਲ ਕਰ ਪ੍ਰਣਾਲੀ ਸਾਬਤ ਹੋਵਗਾ। ਜਿਸ ਵਿੱਚ ਖਪਤਕਾਰ ਵਧਦੇ

*ਬਾਕੀ ਸਫ਼ਾ 40 ਉੱਤੇ*

# 'ਵਿਦਿਯੁਤ ਪਰਵਾਹ' ਮੋਬਾਈਲ ਐਪ

'ਪ੍ਰਾਜੈਕਟ ਸਕਸ਼ਮ' ਕਰ ਪ੍ਰਣਾਲੀ ਦੇ ਤਾਲਮੇਲ ਲਈ ਕੇਂਦਰੀ ਐਕਸਾਈਜ਼ ਅਤੇ ਕਸਟਮ ਬੋਰਡ (ਸੀ ਬੀ ਈ ਸੀ) ਦਾ ਇਕ ਨਵਾਂ ਕਰ ਨੈੱਟਵਰਕ ਹੈ। ਇਸ ਨੂੰ ਆਰਥਿਕ ਮਾਮਲਿਆਂ ਦੀ ਮੰਤਰੀ ਮੰਡਲ ਕਮੇਟੀ ਦੀ ਮਨਜ਼ੂਰੀ ਮਿਲ ਚੁੱਕੀ ਹੈ। ਉਮੀਦ ਹੈ ਕਿ ਇਹ ਪ੍ਰਾਜੈਕਟ ਵਸਤੂ ਅਤੇ ਸੇਵਾ ਕਰ (ਜੀ ਐੱਸ ਟੀ) ਨੂੰ ਲਾਗੂ ਕਰਨ ਵਿੱਚ ਮਦਦ ਕਰੇਗਾ, ਵਪਾਰ ਸਹੂਲਤ ਲਈ ਭਾਰਤੀ ਸੀਮਾ ਕਰ ਸਿੰਗਲ ਵਿੰਡੋ ਪ੍ਰਣਾਲੀ (ਸਵਿਫਟ) ਦਾ ਪਸਾਰ ਕਰੇਗਾ ਅਤੇ ਡਿਜੀਟਲ ਭਾਰਤ ਅਤੇ ਬਿਜਨਸ ਕਰਨ ਵਿੱਚ ਸੁਖਾਲਾਪਨ ਲਿਆਉਣ ਦੀਆਂ ਕੇਂਦਰੀ ਐਕਸਾਈਜ਼ ਅਤੇ ਕਸਟਮ ਬੋਰਡ ਦੀਆਂ ਕਰਦਾਤਾ ਮੁਖੀ ਪਹਿਲਾਂ ਵਿੱਚ ਮਦਦ ਕਰੇਗਾ।

ਪ੍ਰਾਜੈਕਟ ਦਾ ਉਦੇਸ਼, ਕੇਂਦਰੀ ਐਕਸਾਈਜ਼ ਅਤੇ ਕਸਟਮ ਬੋਰਡ ਦੀ ਸੂਚਨਾ ਤਕਨਾਲੋਜੀ ਪ੍ਰਣਾਲੀ ਨੂੰ 1 ਅਪ੍ਰੈਲ 2017 ਤੱਕ ਪੂਰੀ ਤਰ੍ਹਾਂ ਤਿਆਰ ਕਰਨਾ ਹੈ ਜਦੋਂ ਜੀ ਐੱਸ ਟੀ ਲਾਗੂ ਹੋਵੇਗਾ। ਇਹ ਯਕੀਨੀ ਬਣਾਉਂਦੇ ਹੋਏ ਕਿ ਚਾਲੂ ਕਰ ਅਦਾਇਗੀ ਸੇਵਾਵਾਂ ਪ੍ਰਣਾਲੀ ਵਿੱਚ ਕੋਈ ਰੁਕਾਵਟ ਨਹੀਂ ਆਉਂਦੀ, ਸੂਚਨਾ ਤਕਨਾਲੋਜੀ ਪ੍ਰਣਾਲੀ ਨੂੰ ਆਧੁਨਿਕ ਬਣਾਉਣ ਦੀ ਚੁਨੌਤੀ ਹੈ ਕਿਉਂਕਿ ਇਸ ਸਮੇਂ ਲਗਭਗ 36 ਲੱਖ ਕਰਦਾਤਾ, ਆਯਾਤਕਾਰ, ਕੇਂਦਰੀ ਐਕਸਾਈਜ਼ ਅਤੇ ਕਸਟਮ ਬੋਰਡ ਦੇ ਅਧੀਨ ਵੱਖ-ਵੱਖ ਅਸਿੱਧੇ ਕਰ ਚੁਕਾਉਣ ਵਾਲੇ ਕਾਰੋਬਾਰੀ ਹਨ ਅਤੇ ਇਹ ਗਿਣਤੀ ਜੀ ਐੱਸ ਟੀ ਦੇ ਲਾਗੂ ਹੋਣ ਤੇ ਵਧ ਕੇ 65 ਲੱਖ ਤੋਂ ਵੱਧ ਹੋ ਜਾਣ ਦੀ ਸੰਭਾਵਨਾ ਹੈ। ਜ਼ਾਹਿਰ ਹੈ ਕਿ ਇਸ ਨਾਲ ਕੇਂਦਰੀ ਐਕਸਾਈਜ਼ ਅਤੇ ਕਸਟਮ ਬੋਰਡ ਦੀ ਚਾਲੂ ਸੂਚਨਾ ਤਕਨਾਲੋਜੀ ਪ੍ਰਣਾਲੀ ਉਪਰ ਦਸਤਾਵੇਜ਼ ਦਰਜ ਕਰਨ ਦਾ ਹੋਰ ਭਾਰ ਪੈ ਜਾਵੇਗਾ। ਇਹ ਪ੍ਰਣਾਲੀ 2008 ਵਿੱਚ ਸਥਾਪਤ ਕੀਤੀ ਗਈ ਸੀ ਅਤੇ ਇਸ ਦੀ ਸੂਚਨਾ ਤਕਨਾਲੋਜੀ ਬੁਨਿਆਦੀ ਢਾਂਚੇ ਦੇ ਤੁਰੰਤ ਆਧੁਨਿਕੀਕਰਨ ਤੋਂ ਬਿਨਾਂ ਵਾਧੂ ਭਾਰ ਨਹੀਂ ਸਹਿ ਸਕੇਗੀ।

ਕੇਂਦਰੀ ਐਕਸਾਈਜ਼ ਅਤੇ ਕਸਟਮ ਬੋਰਡ ਦੀ ਪ੍ਰਣਾਲੀ ਨੂੰ ਵਸਤੂ ਅਤੇ ਸੇਵਾ ਕਰ ਨੈੱਟਵਰਕ ਨਾਲ, ਰਜਿਸਟਰੀ, ਅਦਾਇਗੀ ਅਤੇ ਵਸੂਲੀ ਅੰਕੜਿਆਂ ਨੂੰ ਜੋ ਨੈੱਟਵਰਕ ਵਲੋਂ ਕੇਂਦਰੀ ਐਕਸਾਈਜ਼ ਬੋਰਡ ਨੂੰ ਭੇਜੇ ਜਾਣ, ਜੋੜਨ ਦੀ ਲੋੜ ਹੈ। ਉਹ ਦੂਸਰੇ ਮਾਡਿਊਲ, ਜਿਵੇਂ ਕਿ ਆਡਿਟ, ਅਪੀਲ ਅਤੇ ਜਾਂਚ ਲਈ ਵੀ ਮੋਹਰੀ ਅੰਗ ਦੇ ਤੌਰ ਤੇ ਕੰਮ ਕਰਦੇ ਹੋਣੇ ਚਾਹੀਦੇ ਹਨ। ਇਸ ਸੂਚਨਾ ਤਕਨਾਲੋਜੀ ਬੁਨਿਆਦੀ ਢਾਂਚੇ ਦੀ ਕੇਂਦਰੀ ਐਕਸਾਈਜ਼ ਅਤੇ ਕਸਟਮ ਬੋਰਡ ਦੀਆਂ ਸੀਮਾ ਕਰ, ਕੇਂਦਰੀ ਆਬਕਾਰੀ ਅਤੇ ਸੇਵਾ ਕਰ ਜਿਹੀਆਂ ਈ-ਸੇਵਾਵਾਂ ਨੂੰ ਚਲਾਉਣ ਲਈ ਅਤੇ ਕਰਦਾਤਾ ਸੇਵਾਵਾਂ ਜਿਵੇਂ ਕਿ ਦਸਤਾਵੇਜ਼ਾਂ ਨੂੰ ਸਕੈਨ ਕਰਕੇ ਅਪਲੋਡ ਕਰਨ ਦੀ ਸਹੂਲਤ, ਵਪਾਰ ਪਹਿਲ ਦੀ ਸਹੂਲਤ ਲਈ ਭਾਰਤੀ ਸੀਮਾ ਕਰ ਸਿੰਗਲ ਵਿੰਡੋ ਪ੍ਰਣਾਲੀ (ਸਵਿਫਟ) ਦਾ ਪਸਾਰ ਅਤੇ ਸਰਕਾਰੀ ਪਹਿਲਾਂ ਜਿਵੇਂ ਕਿ ਈ-ਨਿਵੇਸ਼, ਈ-ਤਾਲ ਅਤੇ ਈ-ਸਾਈਨ ਨਾਲ ਜੋੜਮੇਲ।

ਕੇਂਦਰੀ ਐਕਸਾਈਜ਼ ਅਤੇ ਕਸਟਮ ਬੋਰਡ ਨੇ ਵਪਾਰ ਪਹਿਲ ਦੀ ਸਹੂਲਤ ਲਈ ਭਾਰਤੀ ਸੀਮਾ ਕਰ ਸਿੰਗਲ ਵਿੰਡੋ ਪ੍ਰਣਾਲੀ ਲਾਗੂ ਕੀਤੀ ਹੈ ਅਤੇ ਹੋਰ ਹਿੱਸੇਦਾਰ ਏਜੰਸੀਆਂ, ਜੋ ਸੀਮਾ ਕਰ ਭੁਗਤਾਨ ਵਿੱਚ ਲਗੀਆਂ ਹਨ, ਨਾਲ ਮਿਲ ਕੇ ਇਸ ਪ੍ਰਕਿਰਿਆ ਨੂੰ ਹੋਰ ਸੌਖੀ ਅਤੇ ਤੇਜ਼ ਬਣਾਉਣ ਲਈ ਕੰਮ ਕਰ ਰਿਹਾ ਹੈ। ਸੀਮਾ ਕਰ ਇਲੈਕਟ੍ਰਾਨਿਕ ਅੰਕੜਾ ਅਦਲਾ-ਬਦਲੀ ਪ੍ਰਣਾਲੀ (ਈ ਡੀ ਆਈ), ਜੋ ਇਸ ਵੇਲੇ ਭਾਰਤ ਵਿੱਚ ਲਗਭਗ 140 ਸਥਾਨਾਂ ਉਤੇ ਉਪਲਬਧ ਹੈ, ਨੂੰ ਤੇਜ਼ੀ ਨਾਲ ਕੰਮ ਕਰਨ ਅਤੇ ਵਧੇਰੇ ਚੰਗੀ ਸੇਵਾ ਦੇਣ ਦੇ ਯੋਗ ਬਣਾ ਕੇ, ਬਹੁਤ ਸਾਰੇ ਹੋਰ ਸਥਾਨਾਂ ਉਪਰ ਵੀ ਉਪਲਬਧ ਕਰਵਾਉਣਾ ਹੋਵੇਗਾ। ਕਰਦਾਤਾਵਾਂ ਨੂੰ ਆਪਣੇ ਡਿਜੀਟਲ ਤਰੀਕੇ ਦਸਤਖ਼ਤ ਕੀਤੇ ਦਸਤਾਵੇਜ਼ਾਂ ਨੂੰ ਸਕੈਨ ਕਰਕੇ ਅਪਲੋਡ ਕਰਨ ਦੀ ਸਹੂਲਤ ਵੀ ਦੇਣੀ ਹੋਵੇਗੀ ਤਾਂ ਕਿ ਆਹਮਣੇ ਸਾਹਮਣੇ ਮੁਲਾਕਾਤਾਂ ਨੂੰ ਘਟਾਇਆ ਜਾ ਸਕੇ ਅਤੇ ਮਾਮਲਿਆਂ ਦੇ ਨਿਪਟਾਰੇ ਵਿੱਚ ਤੇਜ਼ੀ ਲਿਆਂਦੀ ਜਾ ਸਕੇ।

ਇਸ ਪ੍ਰਾਜੈਕਟ ਦੀ ਕੁੱਲ ਲਾਗਤ 2256 ਕਰੋੜ ਰੁਪਏ ਮਿਥੀ ਗਈ ਹੈ, ਜੋ ਸੱਤ ਸਾਲਾਂ ਵਿੱਚ ਖਰਚ ਕੀਤੀ ਜਾਵੇਗੀ।

*ਸਫ਼ਾ 39 ਦਾ ਬਾਕੀ*

ਟੈਕਸ ਦੇ ਖਾਤਮੇ ਨਾਲ ਕੀਮਤਾਂ ਵਿੱਚ ਕਮੀ ਦੇਸ਼ ਭਰ ਵਿੱਚ ਇਕ ਹੀ ਕੀਮਤ, ਕਰ ਪ੍ਰਣਾਲੀ ਵਿੱਚ ਪਾਰਦਰਸ਼ਿਤਾ ਅਤੇ ਰੋਜ਼ਗਾਰ ਦੇ ਮੌਕਿਆਂ ਵਿੱਚ ਵਾਧਾ ਹੋਣ ਦੀ ਆਸ ਕਰ ਸਕਦਾ ਹੈ। ਜੀ ਐੱਸ ਟੀ ਲਾਗੂ ਹੋਣ ਨਾਲ ਘਰੇਲੂ ਤੇ ਵਿਸ਼ਵੀ ਬਾਜ਼ਾਰਾਂ ਵਿੱਚ ਸਾਡੇ ਉਤਪਾਦ ਮੁਕਾਬਲੇ ਦੀ ਸਥਿਤੀ ਵਿੱਚ ਆ ਜਾਣਗੇ। ਅਧਿਐਨ ਦਰਸਾਉਂਦੇ ਹਨ ਕਿ ਇਸ ਨਾਲ ਕੁੱਲ ਘਰੇਲੂ ਉਤਪਾਦ ਵਿੱਚ 2 ਪ੍ਰਤਿਸ਼ਤ ਦਾ ਫੌਰੀ ਵਾਧਾ ਹੋ ਜਾਵੇਗਾ। ਕਰਾਂ ਦੇ ਅਧਾਰ ਵਿੱਚ ਵਾਧੇ, ਵਪਾਰ ਵਿੱਚ ਵਾਧੇ ਅਤੇ ਸੁਧਰੇ ਹੋਏ ਕਰ ਇਕੱਤਰੀਕਰਨ ਨਾਲ ਕੇਂਦਰ ਅਤੇ ਰਾਜਾਂ ਦੇ ਮਾਲੀਏ ਵਿੱਚ ਵੀ ਵਾਧਾ ਹੋਵੇਗਾ। ਪਾਰਦਰਸ਼ਿਤਾ ਹੋਣ ਕਰਕੇ ਇਸ ਕਰ ਦਾ ਪ੍ਰਬੰਧਨ ਕਰਨਾ ਵੀ ਸੌਖਾ ਹੋਵੇਗਾ।

**ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਜੀ ਐੱਸ ਟੀ ਲਾਗੂ ਹੋਣ ਨਾਲ ਵਪਾਰ ਦੀ ਸੌਖ ਦੇ ਮਾਮਲੇ ਵਿੱਚ ਭਾਰਤ ਦੇ ਦਰਜੇ ਵਿੱਚ ਸੁਧਾਰ ਆਵੇਗਾ ਜਿਸ ਦੇ ਨਤੀਜੇ ਵਜੋਂ ਵਿਦੇਸ਼ੀ ਨਿਵੇਸ਼ਕ ਹੋਰ ਜ਼ਿਆਦਾ ਪੈਸਾ ਦੇਸ਼ ਵਿੱਚ ਨਿਵੇਸ਼ ਕਰਨਗੇ।**

*(ਲੇਖਕ ਪਿਛਲੇ 21 ਸਾਲਾਂ ਤੋਂ ਆਰਥਿਕ ਤੇ ਵਪਾਰ ਪੱਤਰਕਾਰੀ ਕਰ ਰਿਹਾ ਹੈ ਅਤੇ ਇਸ ਵੇਲੇ ਏ ਬੀ ਪੀ ਨਿਊਜ਼ ਨਾਲ ਬਿਜਨਸ ਐਡੀਟਰ ਹੈ)*

*e-mail :hblshishir@gmail.com*

# ਨਿਰਮਾਣ ਖੇਤਰ ਨੂੰ ਹੁਲਾਰਾ ਦੇਣ ਲਈ ਕਰ ਪ੍ਰੋਤਸਾਹਨਾਂ ਉਤੇ ਟੇਕ

✍ ਅਮੀਆ ਕੁਮਾਰ ਮੋਹਪਾਤਰਾ

## ਜਾਣ-ਪਛਾਣ

2020 ਤੱਕ ਭਾਰਤ ਦੇ 'ਸਭ ਤੋਂ ਨੌਜਵਾਨ' ਦੇਸ਼ ਬਣਨ ਦੇ ਅਨੁਮਾਨ ਲਾਏ ਜਾ ਰਹੇ ਹਨ, ਅਤੇ ਸਾਡੀ ਜਨਸੰਖਿਆ ਦੀ ਔਸਤ ਉਮਰ 29 ਸਾਲਾਂ ਦੇ ਲਗਭਗ ਹੋਵੇਗੀ ਜਦ ਕਿ ਵਿਕਾਸ ਦੇ ਏਜੰਡੇ ਨੂੰ ਅਗਾਂਹ ਲਿਜਾਉਣ ਲਈ ਵਿਸ਼ਵ ਕੋਲ 56 ਮਿਲੀਅਨ ਨੌਜਵਾਨਾਂ ਦੀ ਘਾਟ ਹੋਵੇਗੀ। ਇਸ ਲਈ, ਜਨਸੰਖਿਅਕ ਲਾਭਾਂਸ਼ ਦੀ ਅਮੀਰੀ ਨੂੰ ਢੁੱਕਵੇਂ ਤਰੀਕੇ ਨਾਲ ਵਰਤੇ ਜਾਣ ਦੀ ਲੋੜ ਹੈ ਤਾਂ ਜੋ ਸਾਡੀ ਵਿਕਾਸ ਪ੍ਰਕਿਰਿਆ ਨੂੰ ਗਤੀ ਦੇ ਕੇ ਉੱਚ ਕੁੱਲ ਘਰੇਲੂ ਉਤਪਾਦ ਦਾ ਟੀਚਾ ਹਾਸਲ ਕੀਤਾ ਜਾ ਸਕੇ। ਜਨਸੰਖਿਅਕ ਲਾਭਾਂਸ਼ ਦੇ ਫਾਇਦੇ ਉਦੋਂ ਹੀ ਲਏ ਜਾ ਸਕਦੇ ਹਨ ਜੇ ਅਸੀਂ ਨੌਜਵਾਨਾਂ ਨੂੰ ਸਿਹਤ, ਸਿੱਖਿਆ ਅਤੇ ਹੁਨਰ ਦੇ ਵਿਕਾਸ ਪੱਖੋਂ ਲਾਭਕਾਰੀ ਬਣਾਵਾਂਗੇ। ਇਸ ਨੂੰ ਹਾਸਲ ਕਰਨ ਲਈ ਭਾਰਤ ਦੇ ਨਿਰਮਾਣ ਖੇਤਰ ਕੋਲ ਅਪਾਰ ਸੰਭਾਵਨਾਵਾਂ ਹਨ ਜੋ ਇਨ੍ਹਾਂ ਨੌਜਵਾਨਾਂ ਨੂੰ ਜਜ਼ਬ ਕਰਕੇ ਹੁਨਰਮੰਦ ਬਣਾਉਣ ਲਈ ਮੰਚ ਪ੍ਰਦਾਨ ਕਰ ਸਕਦਾ ਹੈ। ਭਾਵੇਂ ਕਿ ਸੇਵਾ ਖੇਤਰ ਜੀ ਡੀ ਪੀ ਵਿੱਚ ਸਭ ਤੋਂ ਵੱਧ ਯੋਗਦਾਨ ਪਾਉਂਦਾ ਹੈ, ਅਤੇ ਹੁਣ ਤੱਕ ਸਥਿਰ ਬਣਿਆ ਹੋਇਆ ਹੈ ਜਿਸ ਨਾਲ ਦੇਸ਼ ਇਕ 'ਜਾਣਕਾਰੀ ਦੀ ਆਰਥਿਕਤਾ' ਬਣ ਗਿਆ ਹੈ; ਪਰ ਕਿਸੇ ਵੀ ਦੇਸ਼ ਦਾ ਦੀਰਘਕਾਲੀ ਵਿਕਾਸ ਨਿਰਮਾਣ ਖੇਤਰ 'ਤੇ ਬਹੁਤ ਜ਼ਿਆਦਾ ਨਿਰਭਰ ਕਰਦਾ ਹੈ ਤਾਂ ਕਿ ਵਿਕਾਸ ਨੂੰ ਸਵੈ-ਨਿਰਭਰ ਬਣਾਇਆ ਜਾ ਸਕੇ। ਭਾਰਤ ਦੇ ਨਿਰਮਾਣ ਖੇਤਰ ਦਾ ਯੋਗਦਾਨ ਸਮੇਂ ਨਾਲ ਜੀ ਡੀ ਪੀ ਦੇ 16 ਪ੍ਰਤਿਸ਼ਤ ਤੱਕ ਰੁਕ ਗਿਆ ਹੈ ਭਾਵੇਂ ਕਿ ਜੀ ਡੀ ਪੀ ਵਿੱਚ ਯੋਗਦਾਨ, ਰੋਜ਼ਗਾਰ, ਹੁਨਰ ਵਿਕਾਸ ਆਦਿ ਦੇ ਮਾਮਲੇ ਵਿੱਚ ਇਹ ਮਹੱਤਵਪੂਰਨ ਖੇਤਰ ਹੈ। ਇਸ ਲਈ, ਨਿਰਮਾਣ ਖੇਤਰ ਦੇ ਵਿਕਾਸ ਪਰਿਖੇਪ ਉਤੇ ਧਿਆਨ ਕੇਂਦਰਿਤ ਕਰਨਾ ਜ਼ਰੂਰੀ ਹੋ ਜਾਂਦਾ ਹੈ।

## ਰਾਸ਼ਟਰੀ ਨਿਰਮਾਣ ਨੀਤੀ ਅਤੇ ਮੇਕ ਇਨ ਇੰਡੀਆ

ਕੋਈ ਵੀ ਮਿਸਾਲੀ ਬਦਲਾਅ, ਜਿਸ ਨੇ ਸਮਾਜਕ ਤੇ ਆਰਥਿਕ ਤੌਰ ਤੇ ਜਨਤਾ ਨੂੰ ਲਾਭ ਪਹੁੰਚਾਇਆ ਹੈ, ਉਸ ਨੂੰ ਭਾਰਤ ਦੇ ਵਿਕਾਸਮੁਖੀ ਏਜੰਡੇ ਵਿੱਚ ਹਮੇਸ਼ਾ ਉੱਚ ਤਰਜੀਹ ਪ੍ਰਾਪਤ ਹੋਈ ਹੈ। ਨਿਰਮਾਣ ਖੇਤਰ ਦੇ ਵਿਕਾਸ ਵਿੱਚ ਖੜੋਤ ਦੇ ਕੁਚੱਕਰ ਨੂੰ ਤੋੜਨ ਦੇ ਲਈ ਭਾਰਤ ਸਰਕਾਰ ਵਲੋਂ ਇਸ ਖੇਤਰ ਨੂੰ ਹੁਲਾਰਾ ਦੇਣ ਲਈ 'ਰਾਸ਼ਟਰੀ ਨਿਰਮਾਣ ਨੀਤੀ' ਬਣਾਈ ਗਈ ਹੈ। ਨਿਰਮਾਣ ਖੇਤਰ ਦੀ ਪੂਰੀ ਸਮਰੱਥਾ ਮੁਤਾਬਕ ਵਿਕਾਸ ਨੂੰ ਗਤੀ ਦੇਣ ਵਾਸਤੇ ਕਈ ਪਹਿਲ-ਕਦਮੀਆਂ ਕੀਤੀਆਂ ਗਈਆਂ ਹਨ ਅਤੇ 2025 ਤੱਕ ਜੀ ਡੀ ਪੀ ਦਾ 25 ਪ੍ਰਤਿਸ਼ਤ ਟੀਚਾ ਹਾਸਲ ਕਰਨ ਦਾ ਟੀਚਾ ਮਿਥਿਆ ਗਿਆ ਹੈ। ਭਾਰਤ ਦੇ ਨਿਰਮਾਣ ਖੇਤਰ ਵਿੱਚ 90 ਮਿਲੀਅਨ ਨੌਕਰੀਆਂ ਪੈਦਾ ਕਰਨ ਅਤੇ 1 ਟ੍ਰਿਲੀਅਨ ਅਮਰੀਕੀ ਡਾਲਰ ਪੈਦਾ ਕਰਨ ਦੀਆਂ ਅਸੀਮ ਸੰਭਾਵਨਾਵਾਂ ਹਨ ਜੋ ਜੀ ਡੀ ਪੀ ਵਿੱਚ ਲਗਭਗ 25-30 ਪ੍ਰਤਿਸ਼ਤ ਯੋਗਦਾਨ ਪਾ ਸਕਦਾ ਹੈ (ਮੈਕਿੰਜ਼ੇ ਰਿਪੋਰਟ, 2012)। ਇਸ ਨੂੰ ਹਾਸਲ ਕਰਨ ਲਈ, 'ਰਾਸ਼ਟਰੀ ਨਿਵੇਸ਼ ਅਤੇ ਨਿਰਮਾਣ ਖੇਤਰ' (ਐੱਨ ਆਈ ਐੱਮ ਜ਼ੈੱਡ) ਬਣਾਇਆ ਗਿਆ ਹੈ ਜੋ ਇਸ ਖੇਤਰ ਨੂੰ ਹੁਲਾਰਾ ਦੇਵੇਗਾ। ਇਹ ਬੁਨਿਆਦੀ ਢਾਂਚਾ ਨਿਰਮਾਣ ਕਰਨ ਦੀ ਪਹੁੰਚ ਉਤੇ ਅਧਾਰਤ ਹੈ ਜਿਸ ਰਾਹੀਂ ਨਿਰਮਾਣ ਖੇਤਰ ਵਿੱਚ ਬਹੁਤ ਲੋੜੀਂਦਾ ਸੁਧਾਰ ਕਰਨ ਲਈ ਅਨੁਕੂਲ ਬੁਨਿਆਦੀ ਢਾਂਚਾ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਰਾਸ਼ਟਰੀ ਨਿਵੇਸ਼ ਅਤੇ ਨਿਰਮਾਣ ਖੇਤਰ ਤਹਿਤ ਇਨ੍ਹਾਂ ਖੇਤਰਾਂ ਨੂੰ ਹੱਲ ਅਤੇ ਮਨਜ਼ੂਰੀਆਂ ਦੇਣ ਲਈ ਇਕ ਖਿੜਕੀ ਤੋਂ ਸਾਰੇ ਕੰਮ ਹੋਣ ਦੀ ਯੋਜਨਾਬੰਦੀ ਕੀਤੀ ਗਈ ਹੈ ਜਿਸ ਨਾਲ ਨਿਯਮ ਕਾਨੂੰਨਾਂ ਬਾਰੇ ਸੌਖ ਹੋ ਸਕੇਗੀ ਅਤੇ ਪ੍ਰੋਤਸਾਹਨ ਦਿੱਤੇ ਜਾ ਸਕਣਗੇ।

> **'ਮੇਕ ਇਨ ਇੰਡੀਆ' ਮੁਹਿੰਮ ਦੀ ਘੁੰਡ ਚੁਕਾਈ ਨਾਲ ਭਾਰਤ ਦੇ ਨਿਵੇਸ਼ ਮਾਨਚਿੱਤਰ ਵਿੱਚ ਅਣਕਿਆਸੇ ਬਦਲਾਅ ਆਏ। ਬਹੁ-ਰਾਸ਼ਟਰੀ ਕੰਪਨੀਆਂ ਨੂੰ ਨਿਰਮਾਣ ਖੇਤਰ ਵਿੱਚ ਯੋਗਦਾਨ ਲਈ ਸੱਦਾ ਦੇ ਕੇ ਹੱਲਾਸ਼ੇਰੀ ਦਿੱਤੀ ਜਾਂਦੀ ਹੈ ਤਾਂ ਕਿ ਭਾਰਤ ਵਿੱਚ ਨਿਰਮਾਣ ਖੇਤਰ ਨੂੰ ਬੁਲੰਦ ਕੀਤਾ ਜਾ ਸਕੇ। ਭਾਰਤ ਸਰਕਾਰ ਨੇ 'ਮੇਕ ਇਨ ਇੰਡੀਆ' ਨੂੰ ਸਫਲ ਬਣਾਉਣ ਲਈ ਜ਼ਰੂਰੀ ਮੌਕਿਆਂ ਦਾ ਨਿਰਮਾਣ ਕੀਤਾ ਹੈ। 'ਸਕਿਲ ਇੰਡੀਆ' ਪਹਿਲਕਦਮੀ ਨਿਰਮਾਣ ਖੇਤਰ ਦੀਆਂ ਅਸਲ ਸਮਰੱਥਾਵਾਂ ਤੋਂ ਲਾਹਾ ਲੈਣ ਵਿੱਚ ਮਦਦਗਾਰ ਹੋਵੇਗੀ।**

## ਕਰ ਸੁਧਾਰ ਅਤੇ ਨਿਰਮਾਣ ਖੇਤਰ

ਤੇਜ਼ੀ ਨਾਲ ਬਦਲ ਰਹੇ ਵਾਤਾਵਰਨ ਵਿੱਚ, ਆਪਸੀ ਸਮਝ, ਜਨਤਕ ਨੀਤੀ ਦੀ ਸਮੀਖਿਆ ਅਤੇ ਸਿੱਟੇ ਵਜੋਂ ਵਿਕਾਸਮੁਖੀ ਦਖ਼ਲ, ਬਿਹਤਰ ਕੱਲ੍ਹ ਦੀ ਤਲਾਸ਼ ਲਈ ਬੇਹੱਦ ਜ਼ਰੂਰੀ ਹਨ। ਜਨਤਕ ਨੀਤੀ ਅਤੇ ਇਸ ਦੇ ਸਿੱਟਿਆਂ ਦਾ ਸਾਡੇ ਆਰਥਿਕ ਵਿਕਾਸ ਅਤੇ ਸਮਾਜਕ ਵਿਕਾਸ ਉਤੇ

ਬਹੁਤ ਜ਼ਿਆਦਾ ਪ੍ਰਭਾਵ ਪੈਂਦਾ ਹੈ। ਇਹ ਨੀਤੀਆਂ ਮੁੜ ਪਰਿਭਾਸ਼ਿਤ ਕਰਨ ਅਤੇ ਮੁੜ ਤੋਂ ਤਿਆਰ ਕਰਨ ਦੀ ਜ਼ਰੂਰਤ ਹੈ ਤਾਂ ਕਿ ਇਨ੍ਹਾਂ ਨੂੰ ਅਰਥਚਾਰੇ ਦੀਆਂ ਮੌਜੂਦਾ ਲੋੜਾਂ ਦੇ ਅਨੁਕੂਲ ਬਣਾਇਆ ਜਾ ਸਕੇ। ਇਨ੍ਹਾਂ ਜ਼ਰੂਰੀ ਲੋੜਾਂ ਦੇ ਹਾਣ ਦਾ ਹੋਣ ਲਈ ਸਰਕਾਰ ਵਲੋਂ ਕਰ ਸੁਧਾਰਾਂ ਦੀ ਇਕ ਲੜੀ ਦੀ ਸ਼ੁਰੂਆਤ ਕੀਤੀ ਗਈ ਹੈ, ਜਿਵੇਂ ਕਰ ਰਿਆਇਤਾਂ, ਕਰ ਛੋਟ, ਕਰ ਮਾਫੀ, ਕਰ ਪ੍ਰਕਿਰਿਆਵਾਂ ਨੂੰ ਸੌਖਾ ਕਰਨ ਅਤੇ ਕਾਨੂੰਨੀ ਢਾਂਚਿਆਂ ਦੀ ਸੌਖ ਤਾਂ ਕਿ ਤੇਜ਼ ਆਰਥਿਕ ਵਿਕਾਸ ਨੂੰ ਹੋਰ ਵਧਾਇਆ ਜਾ ਸਕੇ।

**ਕਰ ਸੁਧਾਰ ਨੂੰ ਉਦੋਂ ਹੀ ਠੀਕ ਆਖਿਆ ਜਾਵੇਗਾ ਜੇ ਇਸ ਨਾਲ ਕਰਾਂ ਤੋਂ ਹੋਣ ਵਾਲੀ ਆਮਦਨ ਵਿੱਚ ਵਾਧਾ ਹੋਵੇ ਅਤੇ ਉਤਪਾਦਨ ਵਿੱਚ ਤੇਜ਼ੀ, ਰੋਜ਼ਗਾਰ ਵਿੱਚ ਵਾਧਾ ਅਤੇ ਨੌਕਰੀਆਂ ਦੇ ਨਿਰਮਾਣ ਲਈ ਹੁਨਰ ਵਿੱਚ ਵਾਧੇ ਜਿਹੇ ਪੱਖਾਂ ਤੋਂ ਇਸ ਦੇ ਹਾਂ ਪੱਖੀ ਪ੍ਰਭਾਵ ਪੈਣ। ਕਰ ਸੁਧਾਰਾਂ ਦਾ ਸਪੱਸ਼ਟਤਾ ਵਾਲਾ ਪੱਖ ਇਹ ਹੈ ਕਿ ਇਸ ਨਾਲ ਕਰਾਂ ਵਿੱਚ ਨਿਸ਼ਚਿਤਤਾ ਆਵੇ, ਕਰ ਉਛਾਲ ਵਿੱਚ ਵਾਧਾ ਹੋਵੇ ਜਿਸ ਨਾਲ ਦੀਰਘਕਾਲੀ, ਹਾਂ ਪੱਖੀ ਆਰਥਿਕ ਪ੍ਰਭਾਵ ਪੈਣ। ਸੁਧਾਰਾਂ ਨੂੰ ਦੋਹਰੇ ਉਦੇਸ਼ਾਂ ਉਤੇ ਖਰਾ ਉਤਰਨਾ ਹੋਵੇਗਾ, ਜਿਵੇਂ ਅਮਲਕਾਰੀ ਵਿੱਚ ਵਾਜਬਤਾ ਅਤੇ ਆਮਦਨ ਪੈਦਾ ਕਰਨ ਵਿੱਚ ਸਥਿਰਤਾ।**

ਉਪਰੋਕਤ ਤੱਥ ਨੂੰ ਧਿਆਨ ਵਿੱਚ ਰੱਖਦਿਆਂ ਕਰ ਸੁਧਾਰ (ਸਿੱਧੇ ਅਤੇ ਅਸਿੱਧੇ ਕਰ, ਦੋਵੇਂ) ਵਿੱਤੀ ਢਾਂਚੇ ਵਿੱਚ ਬਹੁਤ ਲੋੜੀਂਦੀ ਕ੍ਰਾਂਤੀ ਲਿਆਉਣ ਲਈ ਬੇਹੱਦ ਜ਼ਰੂਰੀ ਹਨ ਤਾਂ ਕਿ ਭਾਰਤ ਦੀ ਆਰਥਿਕਤਾ ਦੇ ਵਿਕਾਸ ਨੂੰ ਗਤੀ ਪ੍ਰਦਾਨ ਕੀਤੀ ਜਾ ਸਕੇ। ਨਿਰਮਾਣ ਖੇਤਰ ਵਿੱਚ ਮੁੜ ਤੋਂ ਜਾਨ ਪਾਉਣ ਲਈ ਨਿਰਮਾਣ ਇਕਾਈਆਂ ਨੂੰ ਆਮ ਕਰਕੇ ਅਤੇ ਖੇਤਰ ਵਿਸ਼ੇਸ਼ ਨੂੰ ਖ਼ਾਸ ਕਰਕੇ ਕਰ ਪ੍ਰੋਤਸਾਹਨ ਦੇਣੇ ਪੈਣਗੇ, ਇਹ ਧਿਆਨ ਵਿੱਚ ਰੱਖਦਿਆਂ ਨਿਰਮਾਣ ਖੇਤਰ ਵਲੋਂ ਜੀ ਡੀ ਪੀ ਵਿੱਚ 25 ਪ੍ਰਤਿਸ਼ਤ ਯੋਗਦਾਨ ਦੇ ਟੀਚੇ ਨੂੰ ਹਾਸਲ ਕਰਨਾ ਹੈ।

## ਕਰ ਸੁਧਾਰ ਅਤੇ ਪ੍ਰੋਤਸਾਹਨ

● ਵਰਤਮਾਨ ਸਰਕਾਰ ਵਲੋਂ ਸਾਡੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਅਸਿੱਧੇ ਕਰ ਸੁਧਾਰਾਂ ਦਾ ਪ੍ਰੋਗਰਾਮ ਪਹਿਲਾਂ ਹੀ ਸ਼ੁਰੂ ਕੀਤਾ ਜਾ ਚੁੱਕਾ ਹੈ। ਇਸ ਦੇ ਲਈ 'ਵਸਤੂ ਅਤੇ ਸੇਵਾਵਾਂ ਕਰ' (ਜੀ ਐੱਸ ਟੀ) ਰਾਹੀਂ ਏਕੀਕ੍ਰਿਤ ਕਰ ਪ੍ਰਣਾਲੀਆਂ ਬਣਾਈਆਂ ਗਈਆਂ ਹਨ। ਜੀ ਐੱਸ ਟੀ ਦੀ ਸ਼ੁਰੂਆਤ ਨੂੰ ਭਾਰਤ ਦੀ ਵਿੱਤੀ ਪ੍ਰਣਾਲੀ ਅਤੇ ਭਾਰਤ ਦੇ ਅਸਿੱਧੇ ਕਰ ਨਿਜ਼ਾਮ ਵਿੱਚ ਸੰਘੀ ਵਿੱਤ ਲਈ ਇਕ ਮਹੱਤਵਪੂਰਨ ਸੁਧਾਰ ਮੰਨਿਆ ਜਾ ਰਿਹਾ ਹੈ।

● ਕੇਂਦਰ ਅਤੇ ਰਾਜਾਂ ਦੇ ਅਨੇਕ ਅਸਿੱਧੇ ਕਰਾਂ ਨੂੰ ਇਕ ਕਰ ਜਾਬਤੇ ਵਿੱਚ ਤਬਦੀਲ ਕਰਨ ਨਾਲ ਨਿਰਮਾਣ ਖੇਤਰ ਵਿੱਚ ਖ਼ਾਸ ਕਰਕੇ ਲਾਗਤ ਅਤੇ ਕੀਮਤਾਂ ਥੱਲੇ ਆਉਣਗੀਆਂ। ਅਸਿੱਧੇ ਕਰਾਂ ਦੀ ਭਰਮਾਰ ਅਤੇ ਉਨ੍ਹਾਂ ਦਾ ਲਾਗਤ ਉਤੇ ਲਗਾਤਾਰ ਪੈਂਦਾ ਪ੍ਰਭਾਵ ਭਾਰਤ ਦੇ ਨਿਰਮਾਣ ਖੇਤਰ ਲਈ ਸਭ ਤੋਂ ਵੱਡੀ ਚੁਨੌਤੀ ਬਣਿਆ ਹੋਇਆ ਹੈ। ਪਰ, ਜੀ ਐੱਸ ਟੀ ਅਮਲ ਵਿੱਚ ਆਉਣ ਨਾਲ ਕਰ ਜਾਬਤਾ ਤਰਕਸੰਗਤ ਹੋ ਕੇ ਨਿਪੁੰਨ ਬਣ ਜਾਵੇਗਾ।

● ਭਾਰਤ ਭਰ ਵਿੱਚ ਭਿੰਨਤਾ ਸੂਚਕ ਤੇ ਅਨੇਕ ਪ੍ਰਕਾਰ ਦੇ ਕਰ ਜ਼ਾਬਤੇ ਅੰਤਰਰਾਜੀ ਵਪਾਰ ਨੂੰ ਘੱਟ ਮੁਕਾਬਲੇਬਾਜ਼ੀ ਵਾਲੇ ਅਤੇ ਜ਼ਿਆਦਾ ਚੁਨੌਤੀ ਵਾਲੇ ਬਣਾ ਰਹੇ ਹਨ। ਪਰ ਜੀ ਐੱਸ ਟੀ ਲਾਗੂ ਹੋਣ ਨਾਲ ਏਕੀਕ੍ਰਿਤ ਅਤੇ ਇਕਸਮਾਨ ਅਸਿੱਧੇ ਕਰ ਜ਼ਾਬਤਾ, ਅਸਿੱਧੇ ਕਰਾਂ ਦੇ ਲਗਾਤਾਰ ਵਾਧੇ ਦੇ ਪ੍ਰਭਾਵ ਖਤਮ ਹੋ ਜਾਣਗੇ ਅਤੇ ਉਤਪਾਦ ਦੀ ਕੀਮਤ ਸਰਲ ਤੇ ਸਾਦਾ ਹੋ ਜਾਵੇਗੀ ਜਿਸ ਨਾਲ ਉਤਪਾਦਕ ਅਤੇ ਖਪਤਕਾਰ, ਦੋਵਾਂ ਨੂੰ ਲਾਭ ਮਿਲੇਗਾ। ਜੀ ਐੱਸ ਟੀ ਅੰਤਰਰਾਜੀ ਹੱਦਾਂ ਤੋੜ ਦੇਵੇਗਾ ਅਤੇ ਇਕ ਸਾਂਝੇ ਰਾਸ਼ਟਰੀ ਬਾਜ਼ਾਰ ਨੂੰ ਵਿਕਸਤ ਕਰੇਗਾ। ਸਿੱਟੇ ਵਜੋਂ ਨਿਰਮਾਣ ਖੇਤਰ ਭਾਰਤ ਦੇ ਨਾਲ-ਨਾਲ ਦੁਨੀਆਂ ਭਰ ਵਿੱਚ ਮੁਕਾਬਲੇਬਾਜ਼ੀ ਵਾਲਾ ਬਣ ਜਾਵੇਗਾ।

● ਜੀ ਐੱਸ ਟੀ ਲਾਗੂ ਹੋਣ ਨਾਲ, ਅਸਿੱਧੇ ਕਰ ਅੰਗਾਂ ਤੇ, ਉਤਪਾਦਨ ਲਾਗਤ ਵਿੱਚ 15-25 ਪ੍ਰਤਿਸ਼ਤ ਕਮੀ ਆਉਣ ਦੀ ਆਸ ਹੈ। ਇਸ ਨਾਲ ਮਹਿੰਗਾਈ ਦੇ ਹਾਲਾਤ ਨਾਲ ਸਿੱਝਣ ਵਿੱਚ ਮਦਦ ਮਿਲੇਗੀ ਅਤੇ ਨਿਰਮਾਣ ਖੇਤਰ ਦੇ ਮੁਨਾਫੇ ਵਿੱਚ ਸੁਧਾਰ ਆਵੇਗਾ।

● ਜੀ ਐੱਸ ਟੀ ਦੇ ਨਾਲ ਸਰਕਾਰ ਨੇ ਮੁੱਕਦਮੇਬਾਜ਼ੀ ਰਹਿਤ, ਨਿਵੇਸ਼ਕ ਪੱਖੀ ਵਾਤਾਵਰਨ ਬਣਾਉਣ ਲਈ ਵੀ ਪਹਿਲਕਦਮੀਆਂ ਕੀਤੀਆਂ ਹਨ ਤਾਂ ਕਿ ਭਾਰਤ ਨੂੰ ਵਿਸ਼ਵ ਨਿਰਮਾਣ ਦਾ ਕੇਂਦਰ ਬਣਾਇਆ ਜਾ ਸਕੇ।

● ਹਾਲੀਆ ਬਜਟ ਵਿੱਚ ਸਰਕਾਰ ਵਲੋਂ ਸਟਾਰਟ-ਅੱਪ ਲਈ ਇਕ ਪ੍ਰਾਵਧਾਨ ਕੀਤਾ ਗਿਆ ਕਿ ਪਹਿਲੇ 5 ਵਿੱਚੋਂ ਤਿੰਨ ਸਾਲਾਂ ਦਾ ਮੁਨਾਫਾ ਕਰ ਤੋਂ 100 ਪ੍ਰਤਿਸ਼ਤ ਛੋਟ ਹਾਸਲ ਕਰੇਗਾ। ਇਹ ਪ੍ਰਾਵਧਾਨ ਉਨ੍ਹਾਂ ਸਟਾਰਟ-ਅੱਪ 'ਤੇ ਲਾਗੂ ਹੋਵੇਗਾ ਜੋ ਅਪ੍ਰੈਲ 2016 ਤੋਂ ਮਾਰਚ 2019 ਦੇ ਵਿਚਕਾਰ ਸਥਾਪਤ ਕੀਤੇ ਜਾਣਗੇ।

● 1 ਮਾਰਚ 2016 ਤੋਂ ਬਾਅਦ ਬਣਾਈਆਂ ਗਈਆਂ ਨਿਰਮਾਣ ਕੰਪਨੀਆਂ ਨੂੰ ਦੂਜੀਆਂ ਲਾਗੂ ਸ਼ਰਤਾਂ ਦਾ ਪਾਲਣ ਕਰਨ ਉਤੇ, ਲੋੜੀਂਦੇ ਸਰਚਾਰਜ ਅਤੇ ਸੈਸ ਸਮੇਤ 25 ਪ੍ਰਤਿਸ਼ਤ ਕਰ ਲਾਉਣ ਦਾ ਬਦਲ ਦਿੱਤਾ ਜਾਂਦਾ ਹੈ, ਜੋ ਵੀ ਪਿਛਲੇ ਸਾਲ ਨਾਲੋਂ ਘੱਟ ਹੋਵੇ।

● ਛੋਟੇ ਖੇਤਰਾਂ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਨੇ ਮੁਕਾਬਲਤਨ, ਛੋਟੇ ਉੱਦਮਾਂ ਲਈ ਕਾਰਪੋਰੇਟ ਕਰ ਦੀ ਦਰ ਵਿੱਚ ਕਮੀ ਕੀਤੀ ਹੈ; ਉਹ ਕੰਪਨੀਆਂ ਜਿਨ੍ਹਾਂ ਦਾ ਸਾਲਾਨਾ ਕਾਰੋਬਾਰ 5 ਕਰੋੜ ਤੋਂ ਵੱਧ ਨਾ ਹੋਵੇ।

● ਲਾਗਤ ਘਟਾਉਣ ਅਤੇ ਘਰੇਲੂ ਨਿਰਮਾਣ ਉਦਯੋਗਾਂ ਦਰਮਿਆਨ ਮੁਕਾਬਲੇਬਾਜ਼ੀ ਨੂੰ ਵਧਾਉਣ ਲਈ ਸਰਕਾਰ ਨੇ ਕੁੱਝ ਵਿਸ਼ੇਸ਼ ਲਾਗਤਾਂ ਤੇ ਆਬਕਾਰੀ ਉਤੇ ਸੀਮਾ ਸ਼ੁਲਕ ਘੱਟ ਕਰ ਦਿੱਤੇ ਹਨ, ਤਾਂ ਕਿ ਜੋ ਮੇਕ ਇਨ ਇੰਡੀਆ' ਸਕੀਮ ਨੂੰ ਆਕਰਸ਼ਕ ਬਣਾਇਆ ਜਾ ਸਕੇ।

● 'ਮੇਕ ਇਨ ਇੰਡੀਆ' ਨੂੰ ਸਫਲ ਬਣਾਉਣ ਲਈ ਸਰਕਾਰ ਨੇ ਅਨਿਵਾਸੀ ਨਿਵੇਸ਼ਕਾਂ ਲਈ ਐੱਮ ਏ ਟੀ ਦੀ ਛੋਟ ਨੂੰ ਮੁੜ ਤੋਂ ਲਾਗੂ ਕਰ ਦਿੱਤਾ ਹੈ ਜੋ ਵਿਸ਼ੇਸ਼ ਆਰਥਿਕ ਖੇਤਰਾਂ ਵਿੱਚ ਵਸਤਾਂ ਦਾ ਨਿਰਮਾਣ ਕਰ ਰਹੇ ਹਨ। ਇਹ ਨਿਰਮਾਣ ਖੇਤਰ ਦੇ ਵਿਕਾਸ ਨੂੰ ਗਤੀ ਦੇ ਕੇ 'ਮੇਕ ਇਨ ਇੰਡੀਆ' ਮੁਹਿੰਮ ਨੂੰ ਵੱਡਾ ਹੁਲਾਰਾ ਪ੍ਰਦਾਨ ਕਰੇਗਾ।

● ਸਰਕਾਰ ਨੇ ਨਿਰਮਾਣਕਾਰਾਂ ਨੂੰ ਸਿਫਰ ਸੀਮਾ ਸ਼ੁਲਕ ਦੀ ਦਰ ਉਤੇ ਪੂੰਜੀਗਤ ਵਸਤਾਂ ਆਯਾਤ ਕਰਨ ਦੀ ਛੋਟ ਵੀ ਦਿੱਤੀ ਹੈ ਤਾਂ ਕਿ ਜ਼ੀਰੋ ਡਿਊਟੀ ਐਕਸਪੋਰਟ ਪ੍ਰਮੋਸ਼ਨ ਕੈਪੀਟਲ ਗੁਡਜ਼ ਸਕੀਮ (ਈ ਪੀ ਸੀ ਜੀ) ਤਹਿਤ ਇਲੈਕ੍ਰਟਾਨਿਕ ਖੇਤਰ ਨੂੰ ਹੱਲਾਸ਼ੇਰੀ ਦਿੱਤੀ ਜਾ ਸਕੇ।

## ਸਮਾਪਤੀ ਟਿੱਪਣੀਆਂ

ਨੀਤੀਗਤ ਅਮਲ ਨੂੰ ਆਰਥਿਕਤਾ ਦੀਆਂ ਲੋੜਾਂ ਨੂੰ ਸਮਝ ਕੇ ਸਮਾਜਕ-ਆਰਥਿਕ ਵਾਤਾਵਰਨ ਅਤੇ ਜਨਤਕ ਲੋੜਾਂ ਦੇ ਸੰਦਰਭ ਵਿੱਚ ਬਣਾਇਆ ਜਾਣਾ ਚਾਹੀਦਾ ਹੈ। ਭਾਰਤ ਦਾ ਨਿਰਮਾਣ ਖੇਤਰ ਤਕਨੀਕ ਅਧਾਰਤ ਨਾ ਹੋ ਕੇ ਮੁੱਖ ਤੌਰ ਤੇ ਸਰੋਤ ਆਧਾਰਤ ਹੈ ਜਿਸ ਕਰਕੇ ਇਸ ਉਤੇ ਲਾਗਤ ਕੀਮਤ ਅਤੇ ਸਿੱਟੇ ਵਜੋਂ ਕਰ ਲਾਏ ਜਾਂਦੇ ਹਨ। ਇਸ ਨਾਲ ਇਹ ਖੇਤਰ ਜ਼ਿਆਦਾ ਚੁਨੌਤੀ ਵਾਲਾ ਬਣ ਜਾਂਦਾ ਹੈ। ਨਿਰਮਾਣ ਖੇਤਰ ਨੂੰ ਕਰ ਰਿਆਇਤਾਂ, ਨਿਰਮਾਣ ਪ੍ਰਕਿਰਿਆ 'ਤੇ ਕਰ ਛੋਟ, ਖ਼ਾਸ ਕਰਕੇ ਤਕਨੀਕ ਦੇ ਆਯਾਤ ਅਤੇ ਖੋਜ ਤੇ ਵਿਕਾਸ ਜਿਹੇ ਵਿੱਤੀ ਦਖਲਾਂ ਰਾਹੀਂ ਮਜ਼ਬੂਤ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ, ਲਾਗਤ ਕੀਮਤਾਂ, ਤਕਨੀਕ ਆਯਾਤ ਅਤੇ ਸਾਮਾਨ ਆਦਿ ਉਤੇ ਦਿੱਤੀ ਜਾਣ ਵਾਲੀ ਸਬਸਿਡੀ ਅਤੇ ਹੋਰ ਵਿੱਤੀ ਦਖਲ ਨਿਵੇਸ਼ ਵਾਤਾਵਰਨ ਨੂੰ ਬਦਲ ਦੇਣਗੇ ਜਿਸ ਨਾਲ ਨਿਰਮਾਣ ਖੇਤਰ ਨੂੰ ਹੁਲਾਰਾ ਮਿਲੇਗਾ।

**ਨੀਤੀਗਤ ਮਿਸਾਲ ਸਮੇਂ ਦੀ ਲੋੜ ਹੈ ਅਤੇ ਮੌਜੂਦਾ ਸਰਕਾਰ ਦੁਆਰਾ ਕੀਤੀਆਂ ਗਈਆਂ ਪਹਿਲਕਦਮੀਆਂ ਅਗਾਂਹਵਧੂ ਹਨ, ਖ਼ਾਸ ਕਰਕੇ ਕਰਾਂ ਦੇ ਮੋਰਚੇ ਉਤੇ। ਸਰਕਾਰ ਦੁਆਰਾ ਕੀਤੀਆਂ ਗਈਆਂ ਵੱਖ-ਵੱਖ ਪਹਿਲਕਦਮੀਆਂ ਦੀ ਸਫਲਤਾ ਨਤੀਜਿਆਂ (ਜੀ ਡੀ ਪੀ ਤੇ ਰੋਜ਼ਗਾਰ ਵਿੱਚ ਯੋਗਦਾਨ) ਅਤੇ ਉਨ੍ਹਾਂ ਦੀ ਪ੍ਰਭਾਵਿਕਤਾ ਉਤੇ ਨਿਰਭਰ ਕਰਦੀ ਹੈ ਕਿ ਸਰਕਾਰ ਦੇਸ਼ ਦੇ ਸਮੂਹਕ ਵਿਕਾਸ, ਖ਼ਾਸ ਕਰਕੇ ਨਿਰਮਾਣ ਖੇਤਰ ਦੇ ਵਿਕਾਸ ਲਈ ਬਣੀਆਂ ਸਕੀਮਾਂ ਦੀ ਨਿਗਰਾਨੀ ਅਤੇ ਅਮਲ ਕਿਸ ਤਰ੍ਹਾਂ ਕਰਦੀ ਹੈ।**

ਜੀ ਐੱਸ ਟੀ ਉਤੇ ਅਮਲ 'ਮੇਕ ਇਨ ਇੰਡੀਆ' ਨੂੰ ਸਫਲ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਏਗਾ ਅਤੇ ਨਿਰਮਾਣ ਖੇਤਰ ਤੇ ਦੇਸ਼ ਨੂੰ ਵਿਕਰੀ ਕਰ, ਵੈਟ ਆਦਿ ਦੇ ਲਗਾਤਾਰ ਵਧਦੇ ਪ੍ਰਭਾਵਾਂ ਤੋਂ ਨਿਜ਼ਾਤ ਦੁਆ ਕੇ ਬਹੁਤ ਰਾਹਤ ਪ੍ਰਦਾਨ ਕਰੇਗਾ।

*(ਲੇਖਕ ਨਵੀਂ ਦਿੱਲੀ ਸਥਿਤ ਫਾਰਚੂਨ ਇੰਸਟੀਚਿਊਟ ਆਫ ਇੰਟਰਨੈਸ਼ਨਲ ਬਿਜਨਸ ਵਿੱਚ ਅਰਥ ਸ਼ਾਸ਼ਤਰ ਦਾ ਐਸੋਸ਼ੀਏਟ ਪ੍ਰੋਫੈਸਰ ਅਤੇ ਨੀਤੀ, ਉੱਦਮ ਅਤੇ ਆਮ ਪ੍ਰਬੰਧਨ ਦਾ ਖੇਤਰੀ ਕੋਆਰਡੀਨੇਟਰ ਹੈ। 5 ਕਿਤਾਬਾਂ ਲਿਖੀਆਂ ਹਨ ਤੇ 12 ਦਾ ਸੰਪਾਦਨ ਕਰ ਚੁੱਕਾ ਹੈ)*

*e-mail :amiyaacademics@gmail.com*

*ਸਫ਼ਾ 29 ਦਾ ਬਾਕੀ*

ਹਨ ਜਿਥੇ ਭਾਰਤ ਵਿੱਚ ਇਹ ਕੇਂਦਰ ਸਰਕਾਰ ਵਲੋਂ ਉਗਰਾਹੇ ਜਾਂਦੇ ਹਨ ਅਤੇ ਫਿਰ ਰਾਜਾਂ ਨਾਲ ਇਕ ਮਿਥੇ ਫਾਰਮੂਲੇ ਅਨੁਸਾਰ ਵੰਡੇ ਜਾਂਦੇ ਹਨ। ਰਾਜ ਅਤੇ ਸਥਾਨਕ ਕਰ ਯੋਗ ਆਮਦਨ, ਰਾਜ ਦੇ ਕਾਨੂੰਨ ਅਨੁਸਾਰ ਅੰਕੀ ਜਾਂਦੀ ਹੈ, ਜੋ ਆਮ ਤੌਰ ਤੇ ਸੰਘੀ ਕਰ ਯੋਗ ਆਮਦਨ ਹਿਸਾਬ ਕਿਤਾਬ ਉਪਰ ਅਧਾਰਤ ਹੁੰਦੀ ਹੈ। ਪਰ ਫਿਰ ਵੀ, ਕੁੱਝ ਹਾਲਤਾਂ ਵਿੱਚ ਅਜਿਹਾ ਨਹੀਂ ਹੈ। ਰਾਜ ਕਰ ਯੋਗ ਆਮਦਨ ਦਾ ਹਿਸਾਬ-ਕਿਤਾਬ ਅੰਕਣ ਦੇ ਆਪਣੇ ਤਰੀਕੇ ਅਪਣਾਉਂਦੇ ਹਨ ਅਤੇ ਇਥੋਂ ਤੱਕ ਕਿ ਬਦਲਵੇਂ ਕਰ ਵੀ ਅਪਣਾਉਂਦੇ ਹਨ। ਇਹ ਭਾਵੇਂ ਮੁਗਲਾਲਤੇ ਵਿੱਚ ਪਾਉਣ ਵਾਲਾ ਲੱਗੇ, ਕਿਸੇ ਵੀ ਵਿਅਕਤੀ ਉਪਰ ਅਮਰੀਕਾ ਵਿੱਚ ਕੁੱਲ ਕਰ ਭਾਰ ਸਮੁੱਚੇ ਘਰੇਲੂ ਉਤਪਾਦਨ ਦਾ 24.8 ਪ੍ਰਤਿਸ਼ਤ ਬੈਠਦਾ ਹੈ, ਇਹ ਭਾਰਤ ਦੇ 16.6 ਪ੍ਰਤਿਸ਼ਤ ਦੇ ਮੁਕਾਬਲੇ ਹੈ।

ਅਸਲ ਵਿੱਚ, ਕੈਨੇਡਾ ਵਿੱਚ ਜਿਥੇ ਜੀ ਐੱਸ ਟੀ ਪਿਛਲੀ ਸਦੀ ਵਿੱਚ ਸ਼ੁਰੂ ਕੀਤਾ ਗਿਆ ਸੀ, ਰਾਜਾਂ ਨੂੰ ਸਿੱਧਿਆਂ ਕਰਾਂ ਉਪਰ ਅਧਿਕਾਰ ਹੈ ਅਤੇ ਸੰਘੀ ਸਰਕਾਰ ਨੂੰ ਅਸਿੱਧੇ ਕਰ ਲੈਣ ਦਾ। ਇਹੋ ਕਾਰਨ ਹੈ ਕਿ ਉਥੇ ਜੀ ਐੱਸ ਟੀ ਵਿੱਚ ਬਦਲਾਅ ਨਾਲ ਰਾਜਾਂ ਦੀਆਂ ਸ਼ਕਤੀਆਂ ਉਪਰ ਕੋਈ ਅਸਰ ਨਹੀਂ ਪਿਆ।

ਇਹ ਹਾਲੇ ਦੇਖਣਾ ਬਾਕੀ ਹੈ ਕਿ ਭਾਰਤੀ ਰਾਜਤੰਤਰ, ਵਸਤੂ ਅਤੇ ਸੇਵਾ ਕਰ ਦੇ ਲਾਗੂ ਕਰਨ ਦੀ ਸੰਭਾਵਤ ਚੁਨੌਤੀ ਨੂੰ ਕਿਸ ਤਰ੍ਹਾਂ ਨਜਿੱਠਦਾ ਹੈ। ਇਸ ਕਰ ਨੂੰ ਲਗਾਉਣ ਦੀਆਂ ਜੋ ਸ਼ਕਤੀਆਂ ਹੁਣ ਉੱਭਰ ਕੇ ਆ ਰਹੀਆਂ ਹਨ, ਉਨ੍ਹਾਂ ਨੂੰ ਅਪਣਾ ਵੀ ਸਕਦਾ ਹੈ ਜਾਂ ਇਨ੍ਹਾਂ ਨੂੰ ਕੁੱਝ ਛਿੱਲ ਵੀ ਸਕਦਾ ਹੈ ਅਤੇ ਨਵੀਂ ਯਥਾ ਸ਼ਕਤੀ ਵਿੱਚ ਬਦਲਾਉ ਦੀ ਚਾਹਤ ਵੀ ਕਰ ਸਕਦਾ ਹੈ।

**ਅਜਿਹੀ ਸ਼ਰਤ ਵਿੱਚ, ਜਿਸ ਵਿੱਚ ਰਾਜ ਅੰਤ ਵਿੱਚ ਅਜਿਹਾ ਵਿੱਤੀ ਪ੍ਰਬੰਧਨ ਲਿਆਉਣਾ ਚਾਹੁੰਦੇ ਹਨ ਜੋ ਘੱਟ ਸਿੰਧੇਪਨ ਵਾਲਾ ਹੋਵੇ, ਤਦ ਉਹ ਆਸਟ੍ਰੇਲੀਆ ਦਾ ਮਾਡਲ ਚੁਣ ਸਕਦੇ ਹਨ ਜਿਥੇ 75 ਪ੍ਰਤਿਸ਼ਤ ਕਰ ਸੰਘੀ ਜਾਂ ਰਾਸ਼ਟਰ ਮੰਡਲ ਸਰਕਾਰ ਵਲੋਂ ਉਗਰਾਹੇ ਜਾਂਦੇ ਹਨ ਅਤੇ ਭਾਰਤ ਦੇ ਵਿੱਤ ਕਮੀਸ਼ਨ ਰਾਹੀਂ ਸਥਾਪਤ ਫਾਰਮੂਲੇ ਜਿਹੇ ਇਕ ਬਹੁਤ ਵਿਵੇਕੀ ਮਸ਼ੀਨਰੀ ਰਾਹੀਂ ਵੰਡੇ ਜਾਂਦੇ ਹਨ ਜਾਂ ਕੈਨੇਡਾ ਜਿਹਾ ਮਾਡਲ ਵੀ ਅਪਣਾ ਸਕਦੇ ਹਨ ਜਿਸ ਵਿੱਚ ਭਾਰਤ ਦੇ ਰਾਜ, ਕੇਂਦਰ ਨਾਲ ਆਪਣੇ ਅਸਿੱਧੇ ਕਰ ਲਗਾਉਣ ਦੇ ਅਧਿਕਾਰ ਦੀ ਅਦਲਾ-ਬਦਲੀ ਕਰ ਕੇ ਸਿੱਧੀ ਆਮਦਨ ਉਪਰ ਕਰ ਲਗਾਉਣ ਦਾ ਅਧਿਕਾਰ ਲੈ ਸਕਦੇ ਹਨ ਜਾਂ ਇਕ ਸਮੁੱਚੀ ਨਵੀਂ ਪ੍ਰਣਾਲੀ ਹੀ ਸਥਾਪਤ ਕਰ ਸਕਦੇ ਹਨ।**

ਭਾਰਤ ਦੇ ਕਰ ਕਾਨੂੰਨਾਂ ਦਾ ਭਵਿੱਖ ਕੀ ਹੈ, ਇਸ ਲਈ ਭਾਰਤੀ ਰਾਜਤੰਤਰ ਆਪਣੇ ਅਦੁੱਤੇ ਤਰੀਕੇ ਲੱਭੇਗਾ। ਪਰ, ਹਾਲ ਦੀ ਘੜੀ ਦੀ ਰਿੜਕਨ ਨੇ ਜੋ ਜੀ ਐੱਸ ਟੀ ਦਿੱਤਾ ਹੈ, ਆਉਣ ਵਾਲੇ ਕਈ ਸਾਲਾਂ ਲਈ ਭਾਰਤ ਦੇ ਸੰਘੀ ਰਿਸ਼ਤਿਆਂ ਦੀ ਵਿਆਖਿਆ ਕਰੇਗਾ।

*(ਲੇਖਕ ਢਾਈ ਦਹਾਕਿਆਂ ਤੋਂ ਪੱਤਰਕਾਰਿਤਾ ਵਿੱਚ ਕਾਰਜਰਤ ਅਤੇ ਇਸ ਵੇਲੇ ਟੈਲੀਗਰਾਫ ਅਖ਼ਬਾਰ ਵਿੱਚ ਸੀਨੀਅਰ ਐਡੀਟਰ (ਬਿਜਨਸ) ਹੈ। 2010 ਵਿੱਚ ਇੰਗਲੈਂਡ ਦੀ ਬ੍ਰੈਡਫੋਰਡ ਯੂਨੀਵਰਸਿਟੀ ਵਿੱਚ ਵਿਕਾਸ ਅਰਥਸ਼ਾਸਤਰ ਵਿਸ਼ੇ ਉਤੇ ਸ਼ੈਵਨਿੰਗ ਫੈਲੋ ਰਹਿ ਚੁੱਕਾ ਹੈ।)*

*e-mail :jrchowdhury@yahoo.com*

# ਭਾਰਤ ਨੂੰ ਜਾਣਨ - ਸਮਝਣ ਲਈ

ਪੜ੍ਹੋ :

## ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਤ

## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ

ਪ੍ਰਕਾਸ਼ਨ ਵਿਭਾਗ ਰਾਸ਼ਟਰੀ ਨੇਤਾਵਾਂ ਦੀਆਂ ਜੀਵਨੀਆਂ ਅਤੇ ਇਤਿਹਾਸ, ਕਲਾ, ਸੰਸਕ੍ਰਿਤੀ, ਵਿਗਿਆਨ, ਬਨਸਪਤੀ, ਸੰਦਰਭ ਆਦਿ ਵੱਖ ਵੱਖ ਵਿਸ਼ਿਆਂ ਉਤੇ ਅਤੇ ਬਾਲ ਪੁਸਤਕਾਂ ਪ੍ਰਕਾਸ਼ਤ ਕਰਦਾ ਹੈ। 100 ਖੰਡਾਂ ਵਿਚ ਸੰਪੂਰਣ ਗਾਂਧੀ ਰਚਨਾਵਲੀ ਪ੍ਰਕਾਸ਼ਨ ਵਿਭਾਗ ਦੀ ਇਕ ਮਹੱਤਵਪੂਰਣ ਉਪਲਬਧੀ ਹੈ। ਦੇਸ਼ ਅਤੇ ਦੇਸ਼ ਵਾਸੀਆਂ ਬਾਰੇ ਭਰਪੂਰ ਜਾਣਕਾਰੀ ਦੇਣ ਵਾਲੀਆਂ ਲਾਭਦਾਇਕ ਤੇ ਗਿਆਨ ਵਧਾਉਣ ਵਾਲੀਆਂ ਪੁਸਤਕਾਂ ਹਿੰਦੀ, ਅੰਗਰੇਜ਼ੀ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਉਪਲਬਧ ਹਨ। ਵਿਭਾਗ ਹਿੰਦੀ, ਅੰਗਰੇਜ਼ੀ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਪੱਤਰਕਾਵਾਂ ਵੀ ਪ੍ਰਕਾਸ਼ਤ ਕਰਦਾ ਹੈ।

## ਕੁਝ ਮਹੱਤਵਪੂਰਣ ਪੰਜਾਬੀ ਪ੍ਰਕਾਸ਼ਨ

- ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
- ਅੱਧੀ ਚੁੰਝ ਵਾਲੀ ਚਿੜੀ
- ਭਗਤ ਸਿੰਘ : ਅਮਰ ਵਿਦਰੋਹੀ
- ਸ਼ਹੀਦ ਕਰਤਾਰ ਸਿੰਘ ਸਰਾਭਾ
- ਭਾਰਤ ਛੱਡੋ ਅੰਦੋਲਨ
- ਦੇਸ਼-ਵਿਦੇਸ਼ ਦੇ ਮਹਾਂਪੁਰਸ਼
- ਭਾਰਤ ਦੇ ਗੌਰਵ ਗ੍ਰੰਥ
- ਦਿਲ ਦੇ ਰੋਗ ਤੋਂ ਕੈਂਸਰ ਤਕ
- ਵਿਗਿਆਨੀਆਂ ਦੀਆਂ ਜੀਵਨ ਕਥਾਵਾਂ
- 1857 ਦਾ ਸੁਤੰਤਰਤਾ ਸੰਗ੍ਰਾਮ
- ਡਾਇਬਟੀਜ਼ ਦੇ ਨਾਲ ਜੀਣ ਦੀ ਕਲਾ
- ਸ਼ਹੀਦਾਂ ਦੇ ਖ਼ਤ
- ਭਾਰਤ ਦੇ ਲੋਕ ਨਾਚ
- ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
- ਫਿੱਡੂ ਫਲੂਗਰ
- ਪੰਜਾਬ ਦੇ ਲੋਕ ਨਾਚ
- ਫ਼ਰਜ਼ ਦੀ ਪਛਾਣ
- ਕਲਪਨਾ ਚਾਵਲਾ
- ਭਾਰਤ ਦੇ ਪੰਛੀ
- ਦਿਆਲ ਸਿੰਘ ਮਜੀਠੀਆ
- ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
- ਗੁਰੂ ਨਾਨਕ ਤੋਂ ਗੁਰੂ ਗ੍ਰੰਥ ਸਾਹਿਬ ਤਕ
- ਕ੍ਰਾਂਤੀਕਾਰੀ ਅਜ਼ੀਮਉੱਲਾ ਖ਼ਾਂ
- ਕ੍ਰਾਂਤੀਕਾਰੀਆਂ ਦਾ ਬਚਪਨ
- ਭਾਰਤ ਦੀਆਂ ਲੋਕ ਕਥਾਵਾਂ
- ਰਵਿੰਦਰ ਨਾਥ ਠਾਕੁਰ ਦੀਆਂ ਬਾਲ ਕਹਾਣੀਆਂ
- ਭਾਰਤ ਦੀਆਂ ਪੁਰਾਣੀਆਂ ਯਾਦਗਾਰਾਂ
- ਭਾਰਤ ਵਿਚ ਅੰਗਰੇਜ਼ੀ ਰਾਜ (ਭਾਗ ਪਹਿਲਾ)
- ਭਾਰਤ ਵਿਚ ਅੰਗਰੇਜ਼ੀ ਰਾਜ (ਭਾਗ ਦੂਜਾ)
- ਭਾਰਤੀ ਸਭਿਆਚਾਰ ਦੀ ਝਾਕੀ

**ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :**

- ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610)
- ਹਾਲ ਨੰ: 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205)
- 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ -400 614 (ਫ਼ੋਨ-27570686)
- 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030)
- 'ਏ' ਵਿੰਗ, ਰਾਜਾਜੀ ਭਵਨ, ਬੇਸੈਂਟ ਨਗਰ, ਚੇਨੱਈ - 600 090 (ਫ਼ੋਨ-24917673)
- ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650)
- ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383)
- ਪ੍ਰਥਮ ਤਲ, 'ਐਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560 034 (ਫ਼ੋਨ-25537244)
- ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2683407)
- ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਕਟਰ-ਐਚ, ਅਲੀਗੰਜ, ਲਖਨਊ - 226 024, (ਫ਼ੋਨ-2225455)
- ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਯੂਕੋ ਬੈਂਕ ਦੇ ਉਪਰ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669)
- ਕੇ.ਕੇ.ਬੀ.ਰੋਡ, ਨਵੀਂ ਕਾਲੋਨੀ, ਮਕਾਨ ਨੰ:7, ਚੇਨੀਕੁੱਟੀ, ਗੁਵਹਾਟੀ-781 003 (ਫ਼ੋਨ-2665090)

**ਪ੍ਰਕਾਸ਼ਨ ਵਿਭਾਗ**
**ਸੂਚਨਾ ਅਤੇ ਪ੍ਰਸਾਰਣ ਮੰਤਰਾਲਾ**
**ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,**
**ਲੋਧੀ ਰੋਡ, ਨਵੀਂ ਦਿੱਲੀ-110003**

# PUBLICATIONS DIVISION
## Ministry of Information & Broadcasting
## Soochna Bhawan, CGO Complex,
## Lodhi Road, New Delhi-110003

## COMMERCIAL ADVERTISEMENT RATES FOR DPD JOURNALS
## (w.e.f. 15th March, 2016

| S. No. | Name of Journal | Inside Text Page | | | | Back Cover | 2nd Cover Page | 3rd Cover Page |
|---|---|---|---|---|---|---|---|---|
| | (Rate for each Journals for one edition | Colour (Full Page) | Colour (Half Page) | Black & White (Full Page) | Black & White (Half Page) | Full Page | Full Page | Full Page |
| 1 | Yojana (English) | 35,000 | 20,000 | 25,000 | 15,000 | 10,0000 | 70,000 | 70,000 |
| 2 | Yojana (Hindi) | 25,000 | 15,000 | 18,000 | 11,000 | 75,000 | 50,000 | 50,000 |
| 3 | Kurukshetra (English & Hindi) | 20,000 | 12,000 | 15,000 | 10,000 | 30,000 | 27,000 | 25,000 |
| 4 | Ajkal (Hindi& Urdu) | 10,000 | 6,000 | 7,000 | 5,000 | 15,000 | 12000 | 11000 |
| 5 | Yojana (Urdu/Punjabi/ Oriya/Assamese/ Gujrati/Malayalam) | 70,00 | 4,500 | 5,000 | 3,000 | 10,000 | 9000 | 8000 |
| 6 | Ball Bharti | 10,000 | | | | 15,000 | 12,000 | 11000 |
| 7 | Yojana (Bengali/Telgu/ Marathi/Tamil/Kannada) | 13,000 | 8,000 | 10,000 | 6,000 | 20,000 | 17,000 | 15000 |

COMMERCIAL ADVERTISEMENT RATES FOR INDIA/BHARAT**

| | India | | Bharat | |
|---|---|---|---|---|
| | Colour | Black & White | Colour | Black & White |
| Full Page | 40,000 | 25,000 | 25,000 | 15,000 |
| 2nd Cover Page | | | | |
| 3rd Cover Page | 70,000 | | 50,000 | |

** Rates of Advertisement tariff in India & Bharat annual reference are inclusive for print & electronic version

Note :

2nd cover page of magazines will be reserved for the DAVP and Government Organizations. The above rate are only for PSU advertisement.

* 2 % extra discount on each additional insertion of advertisement subject to maximum discount of 40%

**Mechanical Details**

| | Yojana | Ajkal/Kurukshetra | Bal Bharti |
|---|---|---|---|
| Overall Size | 19.5 x 27cms | 21 x 28 cms | 18 x 24 cms |
| Print Area | 17 x 23 cms | 17 x 24 cms | 15 x 19.5 cms |

Advertisement material - Artpull/Artwork/CD/Positives

**Full advance payment by D.D. in favour of ADG(I/c), Publications Division, M/o I&B payable at New Delhi.** Advertisement material and payment to be sent to the Business Manager (Advt.), Advertisement Unit, Publications Division, Room No. 48-53, Soochna Bhawan, CGO Complex, Lodi Road, New Delhi-1100 03. E-mail : *pdjucir@gmail.com*. For any other query please contact at 011-24367453.


PUBLICATIONS DIVISION
website: publicationsdivision.nic.in
Some Prestigious Titles
Now Available
Online
• India 2016 (also available as eBook)
• Bharat 2016 (also available as eBook)
• Legends of Indian Silver Screen (also available as eBook)
• Abode Under The Dome
• Winged Wonders of Rashtrapati Bhavan
• Right of The Line : The President's Bodyguard
• Indra Dhanush
• The Presidential Retreats of India
• Rashtrapati Bhawan
• Belief In The Ballot (also available as eBook)
• Gandhi : Jeevan Aur Darshan (hindi)
• 1857 The Uprising
• Sardar Patel-Sachitra Jeevni(hindi) (also available as eBook)
• Sardar Patel - A Pictorial Biography (also available as eBook)
• Basohli Painting
• Kangra Painting
• Indian Women : Contemporary Essays
• Bharat Ki Ekta Ka Nirman (hindi) (also available as eBook)
• Yuva Sanyasi (hindi)
• Gazetteer of India Vol.2
• The Geet Govinda of Shri Jaydev
• Who's Who of Indian Martyrs (Vol-I)
• Who's Who of Indian Martyrs (Vol-II)
• Saga of Valour
• Some Aspects of Indian Culture
• Art & Science of Playing Tabla (also available as eBook)
• Indian Classical Dance
• Celebration of Life : Indian Folk Dance
• Nataraja
• Bengali Theatre: 200 Years (also available as eBook)
• Bihari Satsai (hindi)
• Bihari Satsai - A Commentary
• Eye In Art
• Looking Again At Indian Art
• The Life of Krishna In Indian Art
• Pahari Painting of Nala Damayanti Theme
• Ajanta Ka Vaibhav (hindi)
• Bharatiya Kala - Udhbhav Aur Vikas (hindi)
• Bharatiya Chitrakala Main Sangeet Tatva (hindi)
• South Indian Paintings
• Garhwal Chitrakala (hindi)
• A Moment In Time
• Samay, Cinema Aur Itihas (hindi)
• Indian Cinema Through The Century
• Bharatiya Cinema Ka Safarnama (hindi)
• A History of Socialism
• Lamps of India
• Bharat Ke Durg (hindi)
• Wood Carving of Gujarat
• Lawns And Gardens
• Paryavaran Sanrakshan : Chunotiyan Aur Samadhan (hindi)
eBooks
• Lokmanya Bal Gangadhar Tilak
• The Gospel of Buddha
• Introduction To Indian Music
• Sardar Vallabhbhai Patel
• Sardar Vallabhbhai Patel (Adhunik Bharat Ke Nirmata Series)
• Lauh Purush Sardar Patel
• Aise They Bapu
• Mahatama Gandhi -A Pictorial Biography
• Gandhi In Champaran
• Mahatma Gandhi And One World
Printed Books available at flipkart.com
eBooks at kobo.com